# ਚਿਰਾਗ

ਜੁਲਾਈ-ਸਤੰਬਰ 2015

**July -September 2015**

ਸੰਪਾਦਕ: ਹਰਭਜਨ ਸਿੰਘ ਹੁੰਦਲ

ਇਹ ਪੀ ਡੀ ਐਫ ਫਾਈਲ ਸੁਖਵੰਤ ਹੁੰਦਲ ਨੇ ਆਪਣੇ ਪਿਤਾ ਸ਼ਿਵਦੇਵ ਸਿੰਘ ਹੁੰਦਲ ਅਤੇ ਮਾਤਾ ਹਰਬੰਸ ਕੌਰ ਹੁੰਦਲ ਦੀ ਯਾਦ ਵਿੱਚ ਤਿਆਰ ਕੀਤੀ।

ਸ੍ਰੋਤ: ਚਿਰਾਗ ਦਾ ਇਹ ਅੰਕ ਹਰਪ੍ਰੀਤ ਸਿੰਘ ਹੁੰਦਲ ਤੋਂ ਪ੍ਰਾਪਤ ਹੋਇਆ।

ISSN 2349-3658

# ਸਿਰਜਣਾ



## ਸੁਹੇਲ ਵਿਸ਼ੇਸ਼ ਅੰਕ

25/- 93 ਜੁਲਾਈ- ਸਤੰਬਰ 2015

# ਚਿਰਾਗ਼ (ਤਿਮਾਹੀ)

ISSN 2349-3658

**ਸੰਪਾਦਕ ਹਰਭਜਨ ਸਿੰਘ ਹੁੰਦਲ**

ਸੰਪਾਦਕੀ ਮੰਡਲ- ਡਾ. ਕਰਮਜੀਤ ਸਿੰਘ,
ਲਾਲ ਸਿੰਘ, ਸੁਲੱਖਣ ਸਰਹੱਦੀ, ਜਰਨੈਲ ਸਿੰਘ ਟਰਾਂਟੋ,
ਪ੍ਰਤੀਨਿਧ- ਗਿਆਨ ਸਿੰਘ ਬਿਲਗਾ (ਯੂ.ਐਸ.ਏ.), ਨਵਤੇਜ ਸਿੰਘ (ਕੈਨੇਡਾ)


## ਤਤਕਰਾ


ਸੰਪਾਦਕੀ – (1)
ਇਕ ਮਿਸਾਲੀ ਕਮਿਊਨਿਸਟ ਆਚਰਣ ਦਾ ਨਾਂ ਸੁਹੇਲ - ਯੋਧ ਸਿੰਘ (2)
ਪਰਚਾਰ ਦਾ ਟਾਕਰਾ ਜ਼ਰੂਰੀ - ਸੁਹੇਲ ਸਿੰਘ (6)
ਗੀਤ - ਹਰਭਜਨ ਸਿੰਘ ਹੁੰਦਲ (8)
ਜੋ ਨਿਮਖ ਨਿਮਖ ਲੱਟ ਲੱਟ ਬਲਦਾ ਰਿਹਾ - ਯੋਧ ਸਿੰਘ (9)
ਸੰਕਲਪ *(ਕੋਟਾ (ਰਾਜਸਥਾਨ)* - ਸੁਹੇਲ (10)
ਇਕ ਮੀਤ ਪਿਆਰਾ - ਦਰਸ਼ਨ ਸਿੰਘ ਮਾਸਟਰ (10)
ਮੁਕਾਮ - ਸੁਹੇਲ (12)
ਸਾਇਗੋਂਨ ਦੀ ਫਤਹਿ - ਸੁਹੇਲ ਸਿੰਘ (12)
ਅਸਿਹ ਵਿਛੋੜਾ ਅਭੁੱਲ ਯਾਦਾਂ-ਕ੍ਰਿਸ਼ਨ ਲਾਲ ਪਰਵਾਨਾ (14)
ਸੁਹੇਲ ਨਾਲ ਕੁੱਝ ਯਾਦਾਂ - ਭਾਗ ਸਿੰਘ ਸੱਜਣ (15)
ਸੰਕਟਾਂ ਵਿਰੁੱਧ ਜੂਝਦਾ ਸਾਥੀ ਸੁਹੇਲ-ਈਸ਼ਰ ਸਿੰਘ ਸੋਢੀ (17)
... ਅਜੇ ਪੱਥਰ ਤਾਂ ਨਹੀਂ ਹੋਏ - ਸ਼ਬਦੀਸ਼ (20)
ਇੱਕ ਖੁਸ਼ਬੂ ਦਾ ਨਾਂ ਸੁਹੇਲ - ਹਲੀਮ-ਉਲ-ਹਲੀਮ (23)
ਕਾਮਰੇਡ ਸੁਹੇਲ ਤੇ ਪੁਸ਼ਪਿੰਦਰ ਕੌਰ ਬਾਠ - ਬਲਬੀਰ ਪਰਵਾਨਾ (25)
ਸੱਜਣ ਸੁਹੇਲ - ਹਰਭਜਨ ਸਿੰਘ ਹੁੰਦਲ (27)
ਉਹਦੀ ਮਹਿਕ ਅੱਜ ਵੀ ਤਾਜ਼ਾ ਹੈ – ਗੁਰਮੀਤ (34)
ਮਸਤ-ਮੌਲਾ ਪੱਤਰਕਾਰ ਨਾਲ ਜੁੜੀਆਂ ਕੁਝ ਯਾਦਾਂ - ਜਤਿੰਦਰ ਪਨੂੰ (37)
ਪ੍ਰਤੀਬਧ ਤੇ ਨਿਰਮਾਣ ਸਾਥੀ - ਸੁਹੇਲ ਸਿੰਘ (39)
*ਜਗੀਰ ਸਿੰਘ ਜਗਤਾਰ* ਸੁਹੇਲ ਨੂੰ ਯਾਦ ਕਰਦਿਆਂ...... - ਡਾ. ਜੋਗਿੰਦਰ ਸਿੰਘ ਪੁਆਰ (43)
ਵਿਚਾਰਧਾਰਾ ਦੇ ਪਰਚਮ ਦਾ ਅਲੰਬਰਦਾਰ - ਸਤਨਾਮ ਸਿੰਘ ਮਾਣਕ (46)
ਉਸ ਕਦੇ ਬੇਦਾਵਾ ਨਹੀਂ ਸੀ ਦਿੱਤਾ ! -ਇੰਦਰਜੀਤ ਚੁਗਾਵਾਂ (49)
ਰਾਜਨੀਤਕ ਤਪੱਸਵੀ- ਸੁਹੇਲ - ਮੰਗਤ ਰਾਮ ਪਾਸਲਾ (53)
ਸੁਹੇਲ ਜਿਉਂਦਾ ਹੈ - ਡਾ. ਸੁਰਿੰਦਰ ਗਿੱਲ (54)
ਆਦਿ-ਕਥਨ - ਸੁਹੇਲ (60)
ਪਾਪਾ ਕਿਤੇ ਨਹੀਂ ਗਏ ! - ਰਿੰਕਲ ਸ਼ੇਰਗਿੱਲ (63)
ਚਾਚਾ ਜੀ ਸ. ਸੁਹੇਲ ਸਿੰਘ -ਡਾ. ਹਰਪ੍ਰੀਤ ਸਿੰਘ ਹੁੰਦਲ (65)
*ਤਿੰਨ ਕਹਾਣੀਆਂ* - ਸੁਹੇਲ (68)
ਕਾਮਰੇਡ ਸੁਹੇਲ- ਮੇਰਾ ਸੁਹੇਲਾ, (76)
ਮੇਰਾ ਹਮਖ਼ਿਆਲੀਆ ਰਾਜਨੀਤਕ ਸਾਥੀ - ਗੁਰਮੀਤ ਸਿੰਘ ਢੱਡਾ (76)
ਸੁਹੇਲ ਦਾ ਵਿਛੋੜਾ, ਸਮਕਾਲੀਆਂ ਦੀ ਨਜ਼ਰ ਵਿਚ
ਤੁਰ ਗਿਆ ਸੱਜਣ ਸੁਹੇਲੜਾ (79)
ਪੰਜਾਬ ਦੀ ਪੱਤਰਕਾਰਤਾ ਵਿਚ ਇਕ ਹੋਰ ਖਲਾਅ (79)



Postal Address:
Harbhajan Singh Hundal,
V.Fattu Chak,
P.O. Dhilwan
Distt. Kapurthala -144804
(Pb.) India
Phone No. **01822-273188**
(M) **99150-42242**


ਚੰਦਿਆਂ ਦਾ ਵੇਰਵਾ

| | |
|---|---|
| ਦੇਸ਼ ਵਾਰਸ਼ਿਕ | :100 ਰੁ. |
| ਇਕ ਪਰਚਾ | :25 ਰੁ. |
| ਸੰਸਥਾਵਾਂ (ਵਾਰਸ਼ਿਕ) | :120 ਰੁ. |
| ਯੂਰੋਪ | :12 ਪੌਂਡ |
| ਅਮਰੀਕਾ | :14 ਡਾਲਰ |
| ਕੈਨੇਡਾ | :16 ਡਾਲਰ |


**Website : www.lokdharapanjabi.com, e-mail : kjskurukshetra@yahoo.com**


**ਚੰਦਾ ਸਿਰਫ਼ ਮਨੀ ਆਰਡਰ ਰਾਹੀਂ ਭੇਜਿਆ ਜਾਵੇ।**


ਚਿਰਾਗ਼ ਡਾਇਰੈਕਟਰ ਸਿੱਖਿਆ ਵਿਭਾਗ (ਸ) ਪੰਜਾਬ, ਚੰਡੀਗੜ੍ਹ ਦੇ ਪੱਤਰ ਨੰ. 4/1-96
ਐਡੀਟਰ (ਪੰ) ਮਿਤੀ 3-9-1096 ਦੇ ਅਨੁਸਾਰ ਹਾਈ /ਹਾਇਰ ਸੈਕੰਡਰੀ ਸਕੂਲਾਂ ਲਈ ਪ੍ਰਵਾਨ ਹੈ।



ਰਚਨਾ 'ਚ ਦਰਜ ਵਿਚਾਰਾਂ ਲਈ ਲੇਖਕ ਖੁਦ ਜ਼ਿੰਮੇਵਾਰ ਹੈ। ਕਿਸੇ ਕਿਸਮ ਦੀ ਅਦਾਲਤੀ ਕਾਰਵਾਈ ਸਿਰਫ਼ ਜਲੰਧਰ 'ਚ ਹੋ ਸਕਦੀ ਹੈ।



ਡਾ. ਅਨੂਪ ਸਿੰਘ ਪ੍ਰਿੰਟਰ ਤੇ ਪਬਲਿਸ਼ਰ ਨੇ ਛਾਬੜਾ ਕੰਪਿਊਟਰ ਅਤੇ ਪ੍ਰਿੰਟਰਜ਼
282 -ਢੰਨ ਰੋਡ, ਜਲੰਧਰ (ਫੋਨ- 98142-73311) ਤੋਂ ਛਪਵਾ ਕੇ ਸ਼ਹੀਦ ਸਰਵਣ ਸਿੰਘ ਚੀਮਾ ਭਵਨ
352 /1 ਗੜ੍ਹਾ (ਜਲੰਧਰ) ਫੋਨ-0181-2483033 ਤੋਂ ਪ੍ਰਕਾਸ਼ਿਤ ਕੀਤਾ।

ਪ੍ਰਕਾਸ਼ਨ - 15 ਸਤੰਬਰ 2015


# ਸੰਪਾਦਕੀ



ਪ੍ਰਗਤੀਵਾਦੀ ਇਤਿਹਾਸ ਦੇ ਪ੍ਰਮੁੱਖ ਵਿਅਕਤੀਆਂ ਵਿੱਚੋਂ ਸੁਹੇਲ ਪੱਤਰਕਾਰ ਦਾ ਨਾਮ ਹਰ ਉਸ ਪ੍ਰਗਤੀਵਾਦੀ ਦੀ ਜ਼ੁਬਾਨ ਉੱਪਰ ਹੈ ਜੋ ਇਹ ਇੱਛਾ ਰੱਖਦਾ ਹੈ ਕਿ ਪ੍ਰਗਤੀਵਾਦੀ ਨੂੰ ਕੇਵਲ ਸਿਧਾਂਤਕ ਹੀ ਨਹੀਂ ਅਮਲੀ ਤੌਰ ਤੇ ਵੀ ਸੁੱਚੀਆਂ ਕਦਰਾਂ ਕੀਮਤਾਂ ਨਾਲ਼ ਜੁੜੇ ਹੋਣਾ ਚਾਹੀਦਾ ਹੈ। ਪ੍ਰਤਿਬੱਧਤਾ ਕੋਈ ਅਜਿਹੀ ਚੀਜ਼ ਨਹੀਂ ਕਿ ਉਸਨੂੰ ਮੋਮ ਦੇ ਨੱਕ ਵਾਂਗ ਤੋੜਿਆ ਮੋੜਿਆ ਜਾ ਸਕੇ। ਪ੍ਰਤਿਬੱਧਤਾ ਵਿਚਾਰਧਾਰਾ ਨਾਲ਼ ਜੁੜਿਆ ਹੋਇਆ ਸੁਹੇਲ ਅਜਿਹਾ ਮੁਸਾਫ਼ਿਰ ਸੀ ਜੋ ਘੱਟ ਤੋਂ ਘੱਟ ਸਮਾਨ ਨਾਲ ਪ੍ਰਗਤੀਵਾਦੀ ਰਾਹਾਂ ਤੇ ਤੁਰਿਆ। ਉਸਦਾ ਹਰ ਸਾਥੀ ਇਸ ਦੀ ਸ਼ਾਹਦੀ ਭਰਦਾ ਹੈ। ਉਹ ਵਿਚਾਰਕ ਪੱਧਰ ਤੇ ਇੰਨਾ ਪ੍ਰਪੱਕ ਸੀ ਕਿ ਦੋਸਤ ਦੁਸ਼ਮਣ ਦੀ ਪਹਿਚਾਣ ਕਰਨਾ ਉਸ ਲਈ ਬਹੁਤ ਮੁਸ਼ਕਲ ਨਹੀਂ ਸੀ ਹੁੰਦਾ। ਐਮਰਜੈਂਸੀ ਅਤੇ ਪੰਜਾਬ ਦਾ ਅਤਿਵਾਦੀ ਦੌਰ ਅਜਿਹਾ ਸਮਾਂ ਹੈ ਜਿਸ ਵਿਚ ਕੋਈ ਸੁਹੇਲ ਵਰਗਾ ਹੀ ਸਾਬਤ ਕਦਮ ਰਹਿ ਸਕਿਆ। 84 ਦੇ ਦੰਗਿਆਂ ਨੇ ਕਈ ਪ੍ਰਗਤੀਵਾਦੀਆਂ ਨੂੰ ਭਾਵੁਕਤਾ ਦੇ ਵਹਿਣ ਵਿਚ ਵਹਾਅ ਦਿੱਤਾ ਪਰ ਸੁਹੇਲ ਵਰਗੇ ਵਿਰਲੇ ਸਾਬਤ ਕਦਮੀਂ ਰਹੇ। ਵਿਚਾਰਧਾਰਕ ਤੌਰ ਤੇ ਸੁਹੇਲ ਕਦੇ ਵੀ ਨਹੀਂ ਥਿੜਕਿਆ ਭਾਵੇਂ ਕਈ ਵਾਰ ਉਹ ਇਕੱਲਾ ਵੀ ਰਹਿ ਗਿਆ। ਉਸਦੇ ਜਾਣ ਤੋਂ ਬਾਅਦ ਹਰ ਇਕ ਨੇ ਉਸਦੀ ਘਾਟ ਮਹਿਸੂਸ ਕੀਤੀ ਤੇ ਅੱਜ ਵੀ ਕੀਤੀ ਜਾ ਰਹੀ ਹੈ। ਇਸੇ ਘਾਟ ਵਿਚੋਂ ਹੀ ਉਸਨੂੰ ਸਮਰਪਿਤ ਚਿਰਾਗ਼ ਦਾ ਇਹ ਵਿਸ਼ੇਸ਼ ਅੰਕ ਕੱਢਿਆ ਜਾ ਰਿਹਾ ਹੈ। ਉਮੀਦ ਹੈ ਕਿ ਸੁਹੇਲ ਦੇ ਚਾਹੁਣ ਵਾਲਿਆਂ ਅਤੇ ਪ੍ਰਗਤੀਵਾਦੀ ਹਲਕਿਆਂ ਵਿਚ ਇਸਨੂੰ ਜੀ ਆਇਆਂ ਆਖਿਆ ਜਾਵੇਗਾ।

*–ਸੰਪਾਦਕੀ ਮੰਡਲ*

# ਇਕ ਮਿਸਾਲੀ ਕਮਿਊਨਿਸਟ ਆਚਰਣ ਦਾ ਨਾਂ ਸੁਹੇਲ

–ਯੋਧ ਸਿੰਘ

8 ਮਾਰਚ ਸਾਥੀ ਸੁਹੇਲ ਸਿੰਘ ਨੂੰ ਆਪਣੀਆਂ ਸੂਹੀਆਂ ਸਲਾਮਾਂ ਅਰਪਣ ਕਰਨ ਦਾ ਦਿਨ ਹੈ। ਇਸ ਦਿਨ ਤੇ ਉਹ ਤਿੰਨ ਸਾਲ ਪਹਿਲਾਂ ਸਾਡੇ ਕੋਲੋਂ ਸਦਾ ਲਈ ਵਿਛੜ ਕੇ ਅਬਦੀ ਨੀਂਦੇ ਸੌਂ ਗਿਆ ਸੀ। ਉਸਦੀ ਜ਼ਿੰਦਗੀ ਦਾ ਆਚਰਣ, ਸਿਦਕ ਸਿਰੜ ਵਫ਼ਾ ਤੇ ਗ਼ੈਰਤ ਭਰੀ ਸੂਝ ਇਕ ਵਿਅਕਤੀ ਦੇ ਰੂਪ ਵਿਚ ਸਦਾ ਹੀ ਸਾਡੇ ਅੰਗ ਸੰਗ ਰਹਿੰਦੀ ਹੈ। ਲੋਕ ਲਹਿਰ ਨਾਲ ਜੁੜੀ ਹਰ ਸਰਗਰਮੀ ਸਮੇਂ ਉਸ ਦੀਆਂ ਪਾਈਆਂ ਪਿਰਤਾਂ ਸਾਨੂੰ ਸੇਧ ਦੀਆਂ ਖੁਸ਼ਬੂਆਂ ਵੰਡਦੀਆਂ ਹੀ ਰਹਿੰਦੀਆਂ ਹਨ।

ਸਾਧਾਰਨ ਜਿਹੇ, ਮਾਝੇ ਦੇ ਕਿਸਾਨ ਪਰਿਵਾਰ ਵਿਚ ਜੰਮੇ ਸੁਹੇਲ ਦੇ ਪਿਤਾ ਨੇ ਆਪਣੇ ਛੋਟੇ ਲੜਕੇ ਲਈ, ਆਪਣੀ ਘਰੇਲੂ ਖੁਸ਼ਹਾਲੀ ਨਾਲ ਜੁੜੇ ਅਨੇਕਾਂ ਕਿਸਮਾਂ ਦੇ ਸੁਪਨੇ ਲਏ ਸਨ। ਇਹ ਸੁਪਨੇ ਹਰ ਮਾਂ ਬਾਪ ਆਪਣੇ ਬੱਚਿਆਂ ਲਈ ਲੈਂਦਾ ਹੈ। ਇਹ ਸੁਪਨਿਆਂ ਦੇ ਲੈਣ ਦੀ ਪ੍ਰਕ੍ਰਿਆ ਹੀ ਹੈ ਕਿ ਸ੍ਰਿਸ਼ਟੀ ਦਾ ਅਨੰਤ ਪਰਵਾਹ ਆਪਣੇ ਅਮੁੱਕ ਵਹਿਣਾਂ ਦੇ ਨਾਲ ਤਹਿਜ਼ੀਬ ਦੀਆਂ ਦਿਨੋਂ ਦਿਨ, ਸਾਲੋ ਸਾਲ, ਉਸਰਦੀਆਂ ਨਵੀਆਂ ਤੁਰਬਤਾਂ ਦੇ ਪਸਾਰ ਕਰਦੀ ਜਾ ਰਹੀ ਹੈ। ਇਹ ਸੁਪਨੇ ਅੱਖ ਖੁਲ੍ਹਦਿਆਂ ਮੁੱਕਦੇ ਨਹੀਂ। ਇਹ ਖੁੱਲ੍ਹੀਆਂ ਅੱਖਾਂ ਤੇ ਜਾਗਦਿਆਂ ਤਨਾਂ ਮਨਾਂ ਨੂੰ ਵੀ ਘੇਰੀ ਰੱਖਦੇ ਹਨ। ਇਹ ਗੁਫ਼ਾਵਾਂ ਵਿਚ ਨੰਗਾ ਮੁਨੰਗਾ, ਡਰਦਾ ਤ੍ਰਹਿੰਦਾ ਲੰਘਦਾ ਆਇਆ ਮਨੁੱਖ ਅੱਜ ਤਾਰਿਆਂ ਨੂੰ ਹੱਥ ਪਾਉਂਦਾ, ਅੰਬਰਾਂ ਦੇ ਅਸਗਾਹ ਅਥਾਹ ਨੂੰ ਵੰਗਾਰਦਾ ਜਿਥੇ ਪਹੁੰਚਿਆ ਹੈ, ਉਹ ਸੁਪਨਿਆਂ ਦੀ ਇਕ ਪੁਲਾਂਘ ਹੀ ਤਾਂ ਹੈ, ਪੁਲਾਂਘ ਜੋ ਯੁੱਗਾਂ ਜਿੰਨੀ ਲੰਮੀ ਹੈ। ਇਸੇ ਹੀ ਅਮਲ ਦੇ ਰੰਗ ਵਿਚ ਰੰਗੇ ਸੁਪਨੇ ਸੁਹੇਲ ਦੇ ਬਾਪ ਦੇ ਸਨ।

ਮੈਟ੍ਰਿਕ ਕਰਨ ਉਪਰੰਤ ਉਹ ਇੰਨ੍ਹਾ ਹੀ ਸੁਪਨਈ ਇਛਾਵਾਂ ਦੀ ਪੂਰਤੀ ਲਈ ਇਕ ਦਿਨ ਜਲੰਧਰ ਆਇਆ ਸੀ ਤੇ ਇਥੇ ਉਸਦੀ ਜ਼ਿੰਦਗੀ ਜਿਹਨਾਂ ਬਰੂਹਾਂ ਨਾਲ ਰੂਬਰੂ ਹੋਈ, ਉਨ੍ਹਾਂ ਉਪਰ ਉਸਨੂੰ ਇਨ੍ਹਾਂ ਸੁਪਨਿਆਂ ਦੇ ਸਾਕਾਰ ਕਰਨ ਲਈ ਸੰਗਰਾਮੀ ਮਨੁੱਖ ਦੀਆਂ ਜੰਜ਼ੀਰਾਂ ਲਈ ਜ਼ੁੰਮੇਵਾਰ ਕਾਲੀਆਂ ਸ਼ਕਤੀਆਂ ਨਾਲ ਨਿਰੰਤਰ ਲੜਦੀਆਂ ਆ ਰਹੀਆਂ ਸ਼ਕਤੀਆਂ ਦਾ ਉਕਰਿਆ ਸੁਨੇਹਾ ਮਿਲਿਆ। ਇਸ ਸੁਨੇਹੇ ਦਾ ਅਤੇ ਉਸਦੇ ਪਿਤਾ ਜੀ ਦੀਆਂ ਇਛਾਵਾਂ ਵਿਚ ਅੰਤਰ ਕੋਈ ਨਹੀਂ ਸੀ। ਅੰਤਰ ਕੇਵਲ ਇੰਨਾ ਹੀ ਸੀ ਕਿ ਪਿਤਾ ਜੀ ਦੀ ਇੱਛਾ ਇਕ ਪਰਿਵਾਰ ਦੇ ਖੁਸ਼ਹਾਲ ਹੋਣ ਦੇ ਸੁਪਨੇ ਨਾਲ ਬੱਝੀ ਸੀ ਤੇ ਇਸ ਸੁਨੇਹੇ ਦੀ ਇੱਛਾ ਅਨੇਕਾਂ ਹੀ, ਲੱਖਾਂ ਹੀ ਕਰੋੜਾਂ ਅਜਿਹੇ ਪਰਿਵਾਰਾਂ ਦੀ ਖੁਸ਼ਹਾਲੀ ਦੇ ਸੁਪਨੇ ਨਾਲ ਬੱਝੀ ਸੀ ਤੇ ਨੌਜਵਾਨ ਸੁਹੇਲ ਜ਼ਿੰਦਗੀ ਦੀਆਂ ਖ਼ੁੱਲ੍ਹ ਰਹੀਆਂ ਨਵੀਆਂ ਬਰੂਹਾਂ ਤੇ ਲਿਖੇ ਇਸ ਗੀਤ ਦੇ ਬੋਲਾਂ ਨੂੰ ਝੱਟ ਹੀ ਆਤਮਸਾਤ ਕਰ ਗਿਆ। ਹੁਣ ਸੁਹੇਲ ਮਾਝੇ ਦੇ ਇਕ ਪਿੰਡ ਦੇ ਇਕ ਘਰ ਦਾ ਸੁਹੇਲ ਨਾ ਰਿਹਾ, ਉਹ ਹੁਣ ਸੰਸਾਰ ਪਿੰਡ ਦੇ ਕਰੋੜਾਂ ਪਰਿਵਾਰਾਂ ਦਾ ਜੀਣ ਥੀਣ ਦੇ ਸੁਪਨੇ ਨੂੰ ਸਾਕਾਰ ਕਰਨ ਦੇ ਸੱਚੇ ਸੰਗਰਾਮ ਦਾ ਸਿਪਾਹੀ ਬਣ ਗਿਆ ਸੀ। ਖੁਸ ਸੰਗਰਾਮ ਦੀ ਅਟੁੱਟ ਕੜੀ, ਭਾਰਤ ਦੇ ਕਿਰਤੀਆਂ ਦੀ



ਬੰਦਖਲਾਸੀ ਦੀ ਲਹਿਰ ਦਾ ਸਿਪਾਹੀ। ਇਸ ਸਿਪਾਹੀ ਨੇ ਇਸ ਸੁਨੇਹੇ ਦੀ ਲਾਜ ਆਪਣੀ ਜ਼ਿੰਦਗੀ ਦੇ ਆਖਰੀ ਸਾਹਾਂ ਤਕ ਨਿਭਾਈ। ਨਿਭਾਈ ਵੀ ਇੰਨੇ ਸੁਚੱਜੇ ਤੇ ਖ਼ੂਬਸੂਰਤ ਢੰਗ ਨਾਲ ਕਿ ਅਨੇਕਾਂ ਹੀ ਹੋਰ ਨੌਜਵਾਨ ਵੀ ਉਸ ਦੀ ਸਖਸ਼ੀਅਤ ਦੇ ਪ੍ਰਭਾਵ ਹੇਠ ਆਉਣ ਉਪਰੰਤ ਇਸ ਲਹਿਰ ਦੇ ਅੰਗ ਸੰਗ ਜੁੜਦੇ ਗਏ। ਇਸ ਲਹਿਰ ਦੇ ਵੱਖ-ਵੱਖ ਮੋਰਚਿਆਂ ’ਤੇ ਲੜ ਰਹੇ ਕਈ ਅਜਿਹੇ ਸਿਪਾਹੀ ਮਿਲ ਪੈਣਗੇ ਜਿਹੜੇ ਸੁਹੇਲ ਦਾ ਨਾਂ ਸੁਣਦਿਆਂ ਸ਼ਰਧਾ ਨਾਲ ਸਿਰ ਝੁਕਾ ਦੇਣਗੇ ਤੇ ਜ਼ਿੰਦਗੀ ਦੇ ਨਿੱਘੇ ਪਾਣੀਆਂ ਨਾਲ ਤਰ ਅੱਖਾਂ ਨਾਲ ਤੁਹਾਨੂੰ ਉਸ ਬਾਰੇ ਦੱਸਣਗੇ ਵੀ, ਪੁੱਛਣਗੇ ਵੀ।

‘ਲੋਕ ਲਹਿਰ’ ਉਸਦਾ ਕਰਮ ਖੇਤਰ ਸੀ ਜਿੱਥੇ ਉਸਨੇ ਆਪਣੀ ਵਫ਼ਾ ਨਿਭਾਉਣ ਦੀ ਪ੍ਰੀਖਿਆ ਸ਼ਾਨਦਾਰ ਕਾਮਯਾਬੀ ਨਾਲ ਪਾਸ ਕੀਤੀ। ‘ਨਵਾਂ ਜ਼ਮਾਨਾ’ ਅਖ਼ਬਾਰ ਤੋਂ ‘ਲੋਕ ਲਹਿਰ’ ਤੇ ਲੋਕ ਲਹਿਰ ਵਿਚ ਰਹਿੰਦਿਆਂ 8 ਮਾਰਚ ਸੰਨ 1992 ਤੱਕ ਦਾ ਸਫ਼ਰ, ਸੁਹੇਲ ਦੀ ਜ਼ਿੰਦਗੀ ਦਾ ਸਫ਼ਰ ਹੈ, ਜਾਂ ਲੋਕ ਲਹਿਰ ਅਖ਼ਬਾਰ ਦੀ ਜ਼ਿੰਦਗੀ ਦਾ ਸਫ਼ਰ ਹੈ। ਉਨ੍ਹਾਂ ਨੂੰ ਵੱਖ ਕਰਨ ਵਾਲੀ ਲਕੀਰ ਕਿੱਥੇ ਸੀ ? ਉਹ ਲੋਕ ਲਹਿਰ ਸੀ ਜਾਂ ਲੋਕ ਲਹਿਰ ਉਹ ਸੀ। ਇਸਦਾ ਨਿਖੇੜਾ ਕਰਨਾ ਬੜਾ ਹੀ ਔਖਾ ਕਾਰਜ ਹੈ। ਇਸ ਲੰਮੇ ਮੁਸ਼ਕਲਾਂ ਭਰੇ ਪੈਂਡਿਆਂ ਵਿਚ ਅਨੇਕਾਂ ਸਾਥੀਆਂ ਨੇ ਆ ਕੇ ਉਸ ਨਾਲ ਹੱਥ ਵਟਾਇਆ, ਕਈ ਉਸ ਤੋਂ ਪ੍ਰੇਰਣਾ ਤੇ ਅਗਵਾਈ ਲੈ ਕੇ ਲਹਿਰ ਦੇ ਹੋਰਨਾਂ ਮੋਰਚਿਆਂ ਤੇ ਹੋਰਨਾਂ ਖੇਤਰਾਂ ਵਿਚ ਗਏ, ਪਰ ਉਨ੍ਹਾਂ ਵਿਚੋਂ ਕੋਈ ਵੀ ਸਾਥੀ ਅਜਿਹਾ ਨਹੀਂ ਮਿਲ਼ੇਗਾ ਜਿਹੜਾ ਸੁਹੇਲ ਤੇ ਲੋਕ ਲਹਿਰ ਵਿਚ ਲਕੀਰ ਖਿੱਚ ਕੇ ਦੱਸ ਸਕੇ। ਸੁਹੇਲ ਨੇ ਆਪਣੇ ਆਪ ਨੂੰ ਲਹਿਰ ਦੇ ਵਡੇਰੇ ਸਮੂਹਿਕ ਹਿੱਤਾਂ ਅੱਗੇ ਸਮਰਪਣ ਕਰਨ ਦਾ ਇਕ ਮਿਆਰ ਬੰਨ੍ਹ ਦਿੱਤਾ ਸੀ, ਮਿਆਰ ਵੀ ਅਜਿਹੇ ਢੰਗ ਨਾਲ਼ ਬੰਨ੍ਹਿਆ, ਜੋ ਇਕ ਉਦਾਹਰਣ ਬਣ ਗਿਆ।

ਹਿੰਦ ਕਮਿਊਨਿਸਟ ਪਾਰਟੀ (ਮਾਰਕਸਵਾਦੀ) ਦੇ ਪਿਛਲੇ ਇਤਿਹਾਸਕ ਸਫਰ ਦੌਰਾਨ ਕਈ ਵਾਰ ਬੜੀਆਂ ਹੀ ਕਠਿਨ ਘੜੀਆਂ ਆਈਆਂ। ਇਨ੍ਹਾਂ ਕਠਿਨ ਘੜੀਆਂ ਦੇ ਪਰਛਾਵੇਂ ਪਾਰਟੀ ਦੀ ਅਖ਼ਬਾਰ ਲੋਕ ਲਹਿਰ ਉੱਪਰ ਵੀ ਪੈਂਦੇ ਰਹੇ ਪਰ ਕਾਮਰੇਡ ਦੀ ਤੀਖਣ ਬੁੱਧੀ, ਸਿਰੜੀ ਅਮਲ, ਸਿਦਕਦਿਲੀ ਤੇ ਭਵਿੱਖ ’ਚ ਅਟੁੱਟ ਭਰੋਸਾ ਅਜਿਹੇ ਗੁਣ ਸਨ, ਜਿਨ੍ਹਾਂ ਨੇ ਇਨ੍ਹਾਂ ਕਾਲੇ ਪਰਛਾਵਿਆਂ ਦੇ ਦੌਰ ਦਾ ਵੀ ਢੁੱਕਵਾਂ ਉੱਤਰ ਦਿੱਤਾ। ਅਖ਼ਬਾਰ ਰਾਹੀਂ ਪਾਰਟੀ ਦੇ ਸੁਨੇਹੇ ਨੂੰ ਸਾਥੀਆਂ ਤਕ ਪਹੁੰਚਾਉਣ ਦੇ ਅਜ਼ਮ ਨੂੰ ਕਦੇ ਵੀ ਲਿਫਣ ਨਾ ਦਿੱਤਾ। ਉਹ ਪਾਰਟੀ ਮੈਂਬਰਾਂ ਤੇ ਹਮਦਰਦਾਂ ਤੱਕ ਸੁਨੇਹੇ ਪਹੁੰਚਾਉਣ ਦੀਆਂ ਅਜਿਹੀਆਂ ਜੁਗਤਾਂ ਕੱਢ ਲੈਂਦਾ ਜਿਹੜੀਆਂ ਇਕ ਕਮਿਊਨਿਸਟ ਨੂੰ ਕਿਸੇ ਵੀ ਸਥਿਤੀ ਦਾ ਟਾਕਰਾ ਕਰਨ ਲਈ ਕੱਢਣੀਆਂ ਬਣਦੀਆਂ ਹੀ ਹਨ। ਬਾਲਸ਼ਵਿਕ ਮਿਆਰਾਂ ਤੇ ਵੀਅਤਨਾਮ ਕਮਿਊਨਿਸਟ ਪਾਰਟੀ ਦੇ ਕੰਮ ਢੰਗ ਵਿਚ ਅਪਣਾਏ ਜਾਂਦੇ ਰਹੇ ਦਾਅ-ਪੇਚਾਂ ਪ੍ਰਤੀ ਸੁਹੇਲ ਦੇ ਦਿਲ ਵਿਚ ਇਕ ਵੱਖਰੀ ਹੀ ਥਾਂ ਸੀ। ਇਹ ਉਸ ਦੇ ਪ੍ਰੇਰਣਾ ਸੋਮਿਆਂ ਵਿਚ ਪਹਿਲੇ ਨੰਬਰ ਦੇ ਸੋਮੇਂ ਸਨ। ਉਸ ਦੀਆਂ ਸੰਪਾਦਕੀਆਂ, ਲਿਖਤਾਂ, ਅਨੁਵਾਦਾਂ ਤੇ ਕਹਾਣੀਆਂ, ਕਵਿਤਾਵਾਂ ਉੱਪਰ ਇਸ ਗੱਲ ਦਾ ਸਪੱਸ਼ਟ ਪ੍ਰਭਾਵ ਮਹਿਸੂਸ

ਕੀਤਾ ਜਾ ਸਕਦਾ ਹੈ। ਵੀਅਤਨਾਮ ਦੀ ਕਮਿਊਨਿਸਟ ਪਾਰਟੀ ਦੇ ਨਾਇਕਾਂ ਤੇ ਯੋਧਿਆਂ ਦੀਆਂ ਜੀਵਨੀਆਂ ਅਕਸਰ ਉਹ ਭਾਲਦਾ ਰਹਿੰਦਾ ਤੇ ਅਖ਼ਬਾਰ ਲਈ ਉਨ੍ਹਾਂ ਵਿਚੋਂ ਮਸੌਦਾ ਖੋਜਦਾ ਰਹਿੰਦਾ। ਇਕ ਕਮਿਊਨਿਸਟ ਨੂੰ ਲੋਕਾਂ ਵਿਚ ਕਿਵੇਂ ਇਕਮਿਕ ਹੋ ਜਾਣਾ ਚਾਹੀਦਾ, ਇਸ ਸਮੱਸਿਆ ਪ੍ਰਤੀ ਉਹ 'ਮੱਛੀ ਤੇ ਪਾਣੀ' ਨਾਵਲ ਨੂੰ ਅਗਵਾਈ ਲਈ ਇਕ ਵਧੀਆ ਦਸਤਾਵੇਜ਼ ਮੰਨਦਾ।

ਖ਼ੁਦ ਉਸ ਦਾ ਜੀਣ ਦਾ ਸਲੀਕਾ ਵੀ ਅਜਿਹਾ ਖ਼ੂਬਸੂਰਤ ਸੀ ਕਿ ਉਸ ਦੇ ਸੰਪਰਕ ਵਿਚ ਆਉਣ ਵਾਲਾ ਵਿਅਕਤੀ ਉਸ ਪ੍ਰਤੀ ਇਕ ਖਿੱਚ ਲੈ ਕੇ ਹੀ ਜਾਂਦਾ। ਆਪਣੀ ਇਸ ਪਹੁੰਚ ਵਿਚ ਉਸਦੀ ਨਿਪੁੰਨਤਾ ਸੀ ਜਾਂ ਉਸਦੀ ਲਚਕ ਸੀ, ਉਸਦੀ ਨਿਰਮਤਾ ਸੀ ਜਾਂ ਲੋਕਾਂ ਨੂੰ ਪਾਰਟੀ ਨੇੜੇ ਲਿਆਉਣ ਲਈ ਉਸਦੀ ਕੁਸ਼ਲਤਾ ਸੀ, ਤੁਸੀਂ ਕੁਝ ਵੀ ਸਿੱਟਾ ਕੱਢ ਲਉ, ਪਰ ਇਹ ਇਕ ਹਕੀਕਤ ਹੈ ਕਿ ਉਹ ਆਪਣੇ ਸੰਪਰਕ ਵਿਚ ਆਉਂਦੇ ਰਹੇ ਸਾਥੀਆਂ ਨੂੰ ਉਨ੍ਹਾਂ ਦੀਆਂ ਕਮੀਆਂ ਦਾ ਅਹਿਸਾਸ ਬੜੇ ਸੁਚੱਜੇ ਰੂਪ ਵਿਚ ਕਰਵਾਉਂਦਾ ਤੇ ਅਖ਼ਬਾਰ ਜਾਂ ਪਾਰਟੀ ਪ੍ਰਤੀ ਉਸ ਵਿਅਕਤੀ ਦੀ ਬਣੀ ਸ਼ਰਧਾ ਨੂੰ ਠੇਸ ਵੀ ਨਾ ਲੱਗਣ ਦਿੰਦਾ, ਆਪਣੀ ਇਸ ਜੀਵਨ ਜਾਚ ਵਿਚ ਉਸਨੇ ਕਦੇ ਵੀ ਪਾਰਟੀ ਦੀ ਰਾਜਨੀਤਕ ਸੇਧ ਤੋਂ ਆਪਣੇ ਆਪ ਨੂੰ ਇਧਰ ਉਧਰ ਨਾ ਹੋਣ ਦਿੱਤਾ। ਅਨੇਕਾਂ ਹੀ ਵਿਰੋਧੀ ਰਾਜਨੀਤਕ ਪਾਰਟੀਆਂ ਦੇ ਲੋਕ ਉਸਦੇ ਸੰਪਰਕ ਵਿਚ ਆਉਂਦੇ ਰਹੇ। ਸਾਥੀ ਉਸ ਦੇ ਜੀਵਨ ਢੰਗ ਤੋਂ ਇਸ ਕਰਕੇ ਵੀ ਪ੍ਰਭਾਵਿਤ ਸਨ ਕਿ ਉਸਨੇ ਜਿੰਨੀ ਵੀ ਜ਼ਰੂਰੀ ਤੇ ਅਹਿਮ ਗੱਲ ਹੁੰਦੀ, ਉਸਨੂੰ ਉਨੇ ਹੀ ਧੀਰਜ ਤੇ ਠੰਡੇ ਮਨ ਨਾਲ ਗੱਲ ਕਰਨ ਦੀਆਂ ਉਦਾਹਰਣਾਂ ਕਾਇਮ ਕੀਤੀਆਂ। ਉਹ ਅਕਸਰ ਕਹਿੰਦਾ ਹੁੰਦਾ ਸੀ ਕਿ ਉਹ 'ਕਮਿਊਨਿਸਟ ਕੀ ਜਿਸਨੂੰ ਗੁੱਸਾ ਨਹੀਂ ਆਉਂਦਾ ਪਰ ਸਵਾਲਾਂ ਦਾ ਸਵਾਲ ਉਸ ਗੁੱਸੇ ਉਪਰ ਕਾਬੂ ਪਾ ਕੇ ਰੱਖਣਾ ਤੇ ਵੱਧ ਤੋਂ ਵੱਧ ਠਰੰਮੇ ਨਾਲ ਵਿਵਾਦ ਜਾਰੀ ਰੱਖਣਾ ਹੈ।' ਉਹ ਆਪ ਇਸ ਕਥਨ ਦੀ ਇਕ ਉਦਾਹਰਣ ਹੀ ਸੀ।

ਉਹ ਗੁਣਾਂ ਨਾਲ ਬੜਾ ਸੰਪੰਨ ਵਿਅਕਤੀ ਸੀ ਪਰ ਉਸਦੇ ਨੇੜੇ ਰਹਿੰਦਿਆਂ ਜਿਹੜੀ ਇਕ ਗੱਲ, ਵਿਸ਼ੇਸ਼ ਉਸ ਦੇ ਖ਼ੂਬਸੂਰਤ ਆਚਰਣ ਦਾ ਭਾਗ ਬਣੀ ਰਹੀ ਦੇਖੀ, ਉਹ ਸੀ ਇਸਤਰੀ ਜਾਤੀ ਪ੍ਰਤੀ ਉਸ ਦੇ ਅੰਦਰ ਡੂੰਘਾ ਸਤਿਕਾਰ। ਕਈ ਵਾਰ ਬਾਹਰੋਂ ਮਿਲਣ ਆਏ ਲੋਕ, ਮੇਜ਼ ਉੱਪਰ ਜੇਕਰ ਕੋਈ ਅਜਿਹੀ ਉਟ-ਪਟਾਂਗ ਗੱਲ ਕਰਦੇ ਤਾਂ ਉਹ ਅਜਿਹੀ ਵਾਰਤਾ ਨੂੰ ਹੁੰਗਾਰਾ ਹੀ ਨਾ ਭਰਦਾ, ਜੇ ਫਿਰ ਵੀ ਗੱਲ ਕਰਨ ਵਾਲਾ ਨਹੀਂ ਸਮਝਦਾ ਤੇ ਉਹ ਬੜੇ ਕਲਾਤਮਕ ਢੰਗ ਨਾਲ ਕੋਈ ਹੋਰ ਮੁੱਦਾ ਛੋਹ ਲੈਂਦੇ ਤੇ ਜੇਕਰ ਫਿਰ ਵੀ ਕੋਈ ਅਜਿਹੀ ਗੱਲ ਜਾਰੀ ਰੱਖਦਾ ਤਾਂ ਅਖੀਰ ਉਹ ਮਿੱਠੀ ਮਿੱਠੀ ਝਾੜ ਪਾ ਕੇ ਅਜਿਹੀਆਂ ਫਜ਼ੂਲ ਗੱਲਾਂ ਕਰਨ ਵਾਲੇ ਵਿਅਕਤੀ ਨੂੰ ਟਿਕਾਣੇ ਸਿਰ ਲੈ ਆਉਂਦੇ। ਇਸਤਰੀ ਜਾਤੀ ਵਿਰੁੱਧ ਘਟੀਆ ਕਿਸਮ ਦੀਆਂ ਗੱਲਾਂ ਵਿਚ ਭਿਆਲ ਤਾਂ ਕੀ ਬਣਨਾ, ਉਹ ਸੁਣਨਾ ਵੀ ਬਰਦਾਸ਼ਤ ਨਾ ਕਰਦਾ। ਉਸਦੇ ਨਾਲ ਬਿਤਾਏ ਲੰਮੇ ਸਮੇਂ ਦੌਰਾਨ ਉਸਦੇ ਮੂੰਹੋਂ ਕਦੇ ਵੀ ਕਿਸੇ ਔਰਤ ਪ੍ਰਤੀ ਅਪਸ਼ਬਦ ਨਹੀਂ ਸੀ ਸੁਣਿਆ। ਉਹ ਅਕਸਰ



ਇਹ ਗੱਲ ਕਹਿੰਦਾ ਹੁੰਦਾ ਸੀ ਕਿ ਜੇਕਰ ਕੋਈ ਕਮਿਊਨਿਸਟ ਸਾਥੀ ਔਰਤਾਂ ਪ੍ਰਤੀ ਘਟੀਆ ਕਿਸਮ ਦੀਆਂ ਗੱਲਾਂ ਵਿਚ ਆਨੰਦ ਲੈਂਦਾ ਦੇਖਦੇ ਹੋ ਤਾਂ ਸਮਝੋ ਕਿ ਉਸਦੀ ਪਾਰਟੀ ਵਿਦਿਆ ਵਿਚ ਕਿਧਰੇ ਕੋਈ ਊਣਤਾਈ ਜ਼ਰੂਰ ਰਹਿ ਗਈ ਹੈ।

ਸਾਥੀ ਸੁਹੇਲ ਸਿੰਘ ਵੱਲੋਂ ਆਪਣੀ ਜੀਵਨ ਸਾਥਣ, ਬੀਬੀ ਰਘਬੀਰ ਕੌਰ ਨੂੰ ਅਗਾਂਹ ਪੜ੍ਹਨ ਲਈ ਉਤਸਾਹਿਤ ਕਰਨਾ, ਆਪਣੇ ਪੈਰਾਂ ਤੇ ਆਪ ਖੜੇ ਹੋਣ ਤੇ ਸਵੈਮਾਨ ਨਾਲ ਜੀਣ ਢੰਗ ਅਪਨਾਉਣ ਵਿਚ ਉਸ ਦੀ ਪੂਰੀ ਮਦਦ ਕਰਨਾ, ਉਸ ਦੇ ਜੀਵਨ ਦਾ ਇਕ ਮਜਬੂਤ ਪੱਖ ਹੈ। ਬੀਬੀ ਰਘਬੀਰ ਕੌਰ ਜਿਸਨੇ, ਲੋਕ ਲਹਿਰ ਵਿਚ ਅਰਪਿਤ ਰਹਿਣ ਲਈ, ਉਸਦੀਆਂ ਘਰੇਲੂ ਜ਼ਿੰਮੇਵਾਰੀਆਂ ਦੀ ਛੱਟ ਆਪਣੇ ਸਿਰ ਧਰਕੇ ਸੁਹੇਲ ਨੂੰ ਇਕ ਪਾਸਿਉਂ ਸੁਰਖਰੂ ਰੱਖਿਆ ਸੀ, ਉਸ ਨੂੰ ਜ਼ਿੰਦਗੀ ਵਿਚ ਉਸ ਦੌਰਾਨ ਆਣ ਮਿਲੀ ਸੀ ਜਦੋਂ ਉਸ ਨੇ ਜਲੰਧਰ ਆ ਕੇ ਆਪਣੇ ਨਿੱਜ ਨਾਲੋਂ ਟੁੱਟ ਕੇ ਆਪਣੇ ਆਪ ਨੂੰ ਸਮੂਹ ਦੇ ਹਿੱਤਾਂ ਲਈ ਅਰਪਣ ਹੋਣ ਦਾ ਹਲਫ਼ਨਾਮਾ ਭਰ ਲਿਆ ਸੀ।

ਵਿਸ਼ੇਸ਼ ਕਰਕੇ ਕਾਮਰੇਡ ਸੁਹੇਲ ਨੇ ਅੱਤਵਾਦ ਵੱਖਵਾਦ ਦੇ ਖਿਲਾਫ਼, ਐਮਰਜੈਂਸੀ ਦੇ ਕਾਲੇ ਦਿਨਾਂ ਦੇ ਖਿਲਾਫ਼, ਸੋਧਵਾਦ ਵਿਰੁੱਧ ਤੇ ਖੱਬੀ ਮਾਅਰਕੇਬਾਜ਼ੀ ਦੇ ਖਿਲਾਫ ਆਪਣੀ ਕਲਮ ਰਾਹੀਂ ਜਿਹੜਾ ਯੋਗਦਾਨ ਪੰਜਾਬ ਦੀ ਕਮਿਊਨਿਸਟ ਲਹਿਰ ਵਿਚ ਪਾਇਆ ਸੀ, ਉਹ ਅੱਜ ਜਦੋਂ ਭ੍ਰਿਸ਼ਟਾਚਾਰ ਦਾ ਕਾਲ਼ਾ ਦੈਂਤ ਸਾਡੇ ਦੇਸ਼ ਦੀ ਰਾਜਨੀਤਕ ਤਰਜ਼ ਲਈ ਬੁਨਿਆਦ ਪ੍ਰਸਤੀ ਤੇ ਨਵਬਸਤੀਵਾਦੀ ਵੱਡੇ ਖਤਰੇ ਦੇ ਨਾਲ਼-ਨਾਲ਼ ਇਕ ਵੰਗਾਰ ਬਣ ਕੇ ਉੱਭਰ ਰਿਹਾ ਹੈ, ਸਾਨੂੰ ਇਸ ਵੰਗਾਰ ਦਾ ਮਜ਼ਬੂਤੀ ਨਾਲ ਟਾਕਰਾ ਕਰਨ ਲਈ ਪ੍ਰੇਰਨਾ ਦੇ ਰਿਹਾ ਹੈ।



# ਪਰਚਾਰ ਦਾ ਟਾਕਰਾ ਜ਼ਰੂਰੀ

– ਸੁਹੇਲ ਸਿੰਘ

*(ਸਾਮਰਾਜੀ ਸ਼ਹਿ 'ਤੇ ਮਦਦ ਪ੍ਰਾਪਤ ਅੱਤਵਾਦੀ ਵੱਖਵਾਦੀ ਅਨਸਰਾਂ ਵਿਰੁੱਧ ਸੁਹੇਲ ਦੀ ਕਲਮ ਕਿੰਨੀ ਬੇਬਾਕੀ ਤੇ ਨਿਡਰਤਾ ਨਾਲ ਚੱਲਦੀ ਰਹੀ ਇਸ ਬਾਰੇ ਤਮਾਮ ਸਮਕਾਲੀ ਤੇ ਲੋਕ ਲਹਿਰ ਦੇ ਪਾਠਕ ਬੜੀ ਚੰਗੀ ਤਰ੍ਹਾਂ ਜਾਣਦੇ ਹਨ। ਅਸੀਂ ਏਥੇ ਵੰਨਗੀ ਮਾਤਰ ਉਨ੍ਹਾਂ ਦਾ 'ਪਰਚਾਰ ਦਾ ਟਾਕਰਾ ਜ਼ਰੂਰੀ' ਦੇ ਅਨੁਵਾਨ ਤਹਿਤ 25 ਅਗਸਤ 1990 ਦੇ ਲੋਕ ਲਹਿਰ ਵਿਚ ਲਿਖਿਆ ਸੰਪਾਦਕੀ ਪੇਸ਼ ਕਰ ਰਹੇ ਹਾਂ- ਸੰਪਾਦਕ)*

ਪੰਜਾਬ ਅੰਦਰ ਸਾਮਰਾਜੀ ਸ਼ਹਿ ਅਤੇ ਮਦਦ ਪ੍ਰਾਪਤ ਅੱਤਵਾਦੀ ਵੱਖਵਾਦੀ ਤੱਤ ਜਿੱਥੇ ਬੇਗੁਨਾਹ ਲੋਕਾਂ ਨੂੰ ਕਤਲ ਕਰ ਰਹੇ ਹਨ ਉਥੇ ਇਨ੍ਹਾਂ ਵੱਲੋਂ ਸਿਆਸੀ ਅਤੇ ਸਿਧਾਂਤਕ ਪਰਚਾਰ ਵੀ ਕੀਤਾ ਜਾ ਰਿਹਾ ਹੈ। ਇਹ ਪਰਚਾਰ ਕਈ ਢੰਗਾਂ ਨਾਲ ਹੋ ਰਿਹਾ ਹੈ। ਪ੍ਰੈਸ ਬਿਆਨਾਂ ਰਾਹੀਂ ਵੀ, ਮਾਰੇ ਗਏ ਅੱਤਵਾਦੀਆਂ ਦੀ ਯਾਦ ਵਿਚ ਰੱਖੇ ਗਏ ਭੋਗਾਂ ਸਮੇਂ ਵੀ ਅਤੇ ਇਸ਼ਤਿਹਾਰਾਂ ਰਾਹੀਂ ਵੀ। ਅੱਤਵਾਦੀ ਵੱਖਵਾਦੀ ਲਹਿਰ ਨੂੰ ਸਿਧਾਂਤਕ ਅਗਵਾਈ ਦੇਣ ਵਾਲੇ ਵੀ ਕਈ ਤਰੀਕਿਆਂ ਨਾਲ ਇਸ ਕਿਸਮ ਦਾ ਪਰਚਾਰ ਕਰ ਰਹੇ ਹਨ।

ਪ੍ਰੈਸ ਦੇ ਕੁਝ ਹਲਕਿਆਂ ਵਿਚ ਜਿੰਦੇ ਤੇ ਸੁੱਖੇ ਦੀ ਜਿਹੜੀ ਚਿੱਠੀ ਛਪੀ ਹੈ ਉਹ ਉਨ੍ਹਾਂ ਦੀ ਲਿਖੀ ਹੋਈ ਨਹੀਂ ਸੀ ਸਗੋਂ ਇਹ ਚਿੱਠੀ ਉਨ੍ਹਾਂ ਦੀ ਲਿਖੀ ਹੋਈ ਹੈ ਜਿਹੜੇ ਕਿ ਇਸ ਵੱਖਵਾਦੀ ਲਹਿਰਾਂ ਨੂੰ ਸਿਆਸੀ ਸਿਧਾਂਤਕ ਅਗਵਾਈ ਦੇ ਰਹੇ ਹਨ।

ਅੱਤਵਾਦੀ ਵੱਖਵਾਦੀ ਤੱਤ ਜੋ ਕੁਝ ਵੀ ਕਰ ਰਹੇ ਹਨ ਸਾਮਰਾਜ ਦੀ ਸ਼ਹਿ ਉੱਤੇ ਕਰ ਰਹੇ ਹਨ। ਇਸ ਤਰ੍ਹਾਂ ਇਨ੍ਹਾਂ ਨਾਲ ਉਸੇ ਤਰ੍ਹਾਂ ਦਾ ਹੀ ਸਲੂਕ ਹੋਣਾ ਚਾਹੀਦਾ ਹੈ ਜਿਸ ਕਿਸਮ ਦਾ ਕਿ ਗ਼ਦਾਰਾਂ ਨਾਲ ਕੀਤਾ ਜਾਣਾ ਚਾਹੀਦਾ ਹੈ। ਪਰ ਦੁਖਦਾਇਕ ਗੱਲ ਇਹ ਹੈ ਕਿ ਸਰਕਾਰ ਅੱਤਵਾਦੀ ਵੱਖਵਾਦੀ ਤੱਤਾਂ ਦੇ ਇਸ ਸਿਆਸੀ ਸਿਧਾਂਤਕ ਪਰਚਾਰ ਦਾ ਟਾਕਰਾ ਨਹੀਂ ਕਰ ਪਾ ਰਹੀ।

ਪੰਜਾਬ ਅੰਦਰ ਤਿੰਨ ਦਿਨਾਂ ਬੰਦ ਦਾ ਜਿਹੜਾ ਸੱਦਾ ਅੱਤਵਾਦੀ ਵੱਖਵਾਦੀ ਜਥੇਬੰਦੀਆਂ ਵੱਲੋਂ ਦਿੱਤਾ ਗਿਆ ਸੀ ਉਸਦੇ ਟਾਕਰੇ ਲਈ ਸਰਕਾਰ ਨੇ ਭਾਵੇਂ ਕੁਝ ਪ੍ਰਸ਼ਾਸਨਿਕ ਕਦਮ ਲਏ ਅਤੇ ਬੱਸਾਂ ਤੇ ਗੱਡੀਆਂ ਆਦਿ ਨਿਰਵਿਘਨ ਚਲਾਈਆਂ ਗਈਆਂ ਪਰ ਬੰਦ ਸਮਰਥਕਾਂ ਵਿਰੁੱਧ ਸਿਆਸੀ ਸਿਧਾਂਤਕ ਪ੍ਰਚਾਰ ਉੱਕਾ ਹੀ ਨਾ ਕੀਤਾ ਗਿਆ।

ਪੰਜਾਬ ਸਰਕਾਰ ਵਲੋਂ ਇਸ ਤਿੰਨ ਦਿਨਾਂ ਬੰਦ ਦੇ ਖਿਲਾਫ਼ ਜਿਹੜਾ ਇਸ਼ਤਿਹਾਰ ਅਖ਼ਬਾਰਾਂ ਵਿਚ ਛਪਵਾਇਆ ਗਿਆ ਉਸ ਵਿਚ ਵੀ ਇਕ ਤਾਂ ਇਨ੍ਹਾਂ ਤੱਤਾਂ ਦਾ ਨਾਮ ਲੈਣ ਤੋਂ ਸੰਕੋਚ ਕੀਤਾ ਗਿਆ ਅਤੇ ਦੂਸਰੇ ਇਨ੍ਹਾਂ ਵਿਰੁੱਧ ਨਫ਼ਰਤ ਪੈਦਾ ਕਰਨ ਵਾਲੀ ਸ਼ਬਦਾਵਲੀ ਦੀ ਵਰਤੋਂ ਵੀ ਨਾ ਕੀਤੀ ਗਈ।



ਬੰਦ ਤੋਂ ਪਹਿਲਾਂ ਅਤੇ ਬੰਦ ਸਮੇਂ ਬੰਦ ਦਾ ਸੱਦਾ ਦੇਣ ਵਾਲੀਆਂ ਇਨ੍ਹਾਂ ਸ਼ਕਤੀਆਂ ਨੂੰ ਦੇਸ਼ ਤੇ ਦੁਸ਼ਮਣਾਂ ਅਤੇ ਪੰਜਾਬੀ ਲੋਕਾਂ ਦੇ ਦੁਸ਼ਮਣਾਂ ਵਜੋਂ ਨੰਗਾ ਕਰਨ ਲਈ ਸਰਕਾਰੀ ਪਰਚਾਰ ਸਾਧਨਾਂ ਦੀ ਵਰਤੋਂ ਕਰਨੀ ਚਾਹੀਦੀ ਸੀ ਪਰ ਇਹ ਕੁਝ ਕੀਤਾ ਨਾ ਗਿਆ। ਹੋਰ ਤਾਂ ਹੋਰ ਬੰਦ ਵਾਲੇ ਦਿਨ ਰੇਡੀਓ ਤੇ ਟੀ.ਵੀ. ਤੋਂ ਇਸ ਕਿਸਮ ਦੇ ਐਲਾਨ ਵੀ ਸੂਚਨਾਵਾਂ ਦੇ ਤੌਰ ਉੱਤੇ ਨਾ ਕੀਤੇ ਗਏ ਕਿ ਬੱਸਾਂ ਅਤੇ ਗੱਡੀਆਂ ਆਮ ਵਾਂਗ ਚੱਲ ਰਹੀਆਂ ਹਨ।

ਸਾਮਰਾਜੀ ਸ਼ਹਿ ਤੇ ਮਦਦ ਪ੍ਰਾਪਤ ਅੱਤਵਾਦੀ ਵੱਖਵਾਦੀ ਤੱਤ ਤਾਂ ਆਪਣਾ ਸਿਆਸੀ ਸਿਧਾਂਤਕ ਪਰਚਾਰ ਕਰਨ ਲਈ ਧਾਰਮਿਕ ਅਸਥਾਨਾਂ ਪ੍ਰੈਸ ਅਤੇ ਹੋਰ ਹਰ ਤਰ੍ਹਾਂ ਦੇ ਸਾਧਨਾਂ ਨੂੰ ਵਰਤ ਰਹੇ ਹਨ ਪਰ ਉਨ੍ਹਾਂ ਦੇ ਇਸ ਪ੍ਰਚਾਰ ਦਾ ਮੂੰਹ ਭੰਨਣ ਲਈ ਜਨਤਕ ਪੱਧਰ ਉੱਤੇ ਬਹੁਤ ਕੁਝ ਹੋ ਨਹੀਂ ਰਿਹਾ।

ਰੇਡੀਓ ਅਤੇ ਟੀ.ਵੀ. ਨੂੰ ਹਰ ਹਾਲਤ ਵਿਚ ਉਨ੍ਹਾਂ ਸ਼ਕਤੀਆਂ ਵਿਰੁੱਧ ਵਰਤਣਾ ਚਾਹੀਦਾ ਹੈ ਜਿਹੜੀਆਂ ਕਿ ਦੇਸ਼ ਦੀ ਏਕਤਾ ਅਖੰਡਤਾ ਨੂੰ ਢਾਹ ਲਾਉਣ ਵਾਲੇ ਕਾਰੇ ਹੀ ਨਹੀਂ ਕਰ ਰਹੀਆਂ ਸਗੋਂ ਇਸ ਸੇਧ ਵਿਚ ਪਰਚਾਰ ਮੁਹਿੰਮ ਵੀ ਚਲਾ ਰਹੀਆਂ ਹਨ।

ਪ੍ਰਧਾਨ ਮੰਤਰੀ ਵੀ.ਪੀ. ਸਿੰਘ ਨੇ ਆਪਣੇ ਆਜ਼ਾਦੀ ਦਿਵਸ ਦੇ ਭਾਸ਼ਣ ਅਨੁਸਾਰ ਵੱਖਵਾਦੀ ਤੱਤ ਕੇਵਲ ਪੁਲਸ ਤੇ ਨੀਮ ਫੌਜੀ ਦਸਤਿਆਂ ਉੱਤੇ ਹਮਲੇ ਹੀ ਨਹੀਂ ਕਰ ਰਹੇ ਜਾਂ ਕੇਵਲ ਉਨ੍ਹਾਂ ਨੂੰ ਨਿਸ਼ਾਨਾ ਨਹੀਂ ਬਣਾ ਰਹੇ ਸਗੋਂ ਇਨ੍ਹਾਂ ਵਲੋਂ ਬੇਗੁਨਾਹ ਲੋਕਾਂ ਦੇ ਵੱਡੀ ਪੱਧਰ ਉੱਤੇ ਕਤਲ ਵੀ ਕੀਤੇ ਜਾ ਰਹੇ ਹਨ ਜਿਨ੍ਹਾਂ ਵਿਚ ਬੱਚੇ, ਬੁੱਢੇ ਅਤੇ ਔਰਤਾਂ ਸ਼ਾਮਲ ਹੁੰਦੇ ਸਨ। ਏਹੋ ਹੀ ਨਹੀਂ ਇਹ ਤੱਤ ਵੱਡੀਆਂ ਭੀੜਾਂ ਵਾਲੇ ਬਾਜ਼ਾਰਾਂ ਵਿਚ ਜਾ ਸਿਨੇਮਾ ਘਰਾਂ ਆਦਿ ਵਿਚ ਬੰਬ ਰੱਖ ਕੇ ਆਮ ਬੇਗੁਨਾਹ ਲੋਕਾਂ ਨੂੰ ਮਾਰਦੇ ਹਨ। ਕੀ ਇਹ ਜ਼ਰੂਰੀ ਨਹੀਂ ਕਿ ਇਸ ਕਿਸਮ ਦੀਆਂ ਘਟਨਾਵਾਂ ਨੂੰ ਚੰਗੀ ਤਰ੍ਹਾਂ ਟੀ.ਵੀ. ਦੀਆਂ ਖ਼ਬਰਾਂ ਸਮੇਂ ਵਿਖਾਇਆ ਜਾਏ ਅਤੇ ਇਸ ਤੋਂ ਬਿਨਾਂ ਦੋ ਚਾਰ ਇਸ ਕਿਸਮ ਦੀਆਂ ਘਟਨਾਵਾਂ ਨੂੰ ਜੋੜ ਕੇ ਪੰਜਾਬ ਬਾਰੇ ਵਿਸ਼ੇਸ਼ ਪ੍ਰੋਗਰਾਮ ਵਿਖਾਏ ਜਾਣ।

ਪੰਜਾਬ ਅੰਦਰ ਜਿਸ ਕਿਸਮ ਦੇ ਘਿਨਾਉਣੇ ਅਤੇ ਵਹਿਸ਼ੀ ਕਾਰੇ ਅੱਤਵਾਦੀ ਵੱਖਵਾਦੀ ਤੱਤ ਜਾਰੀ ਰੱਖ ਰਹੇ ਹਨ ਇਨ੍ਹਾਂ ਕਾਰਨ ਪੰਜਾਬੀ ਲੋਕਾਂ ਵਿਚ ਇਨ੍ਹਾਂ ਵਿਰੁੱਧ ਸਖਤ ਨਫ਼ਰਤ ਪਾਈ ਜਾ ਰਹੀ ਹੈ। ਇਸ ਨਫ਼ਰਤ ਨੂੰ ਹੋਰ ਉਭਾਰਨ ਲਈ ਇਨ੍ਹਾਂ ਦੇ ਘਿਨਾਉਣੇ ਕਾਰਿਆਂ ਨੂੰ ਆਮ ਲੋਕਾਂ ਵਿਚ ਪਰਚਾਰਿਆ ਜਾਣਾ ਚਾਹੀਦਾ ਹੈ। ਜਿਸ ਮੰਤਵ ਲਈ ਅਖ਼ਬਾਰਾਂ ਵਿਚ ਇਸ਼ਤਿਹਾਰ ਵੀ ਕਢਵਾਏ ਜਾ ਸਕਦੇ ਹਨ ਅਤੇ ਜਿਹੜੇ ਕਿ ਬੇਗੁਨਾਹ ਲੋਕਾਂ ਦੇ ਕਤਲਾਂ ਨੂੰ ਦਰਸਾਉਂਦੇ ਹੋਣ।

ਸਰਕਾਰ ਨੂੰ ਇਸ ਸੇਧ ਵਿਚ ਲੋੜੀਂਦਾ ਕਦਮ ਪੁੱਟਣ ਲਈ ਕਈ ਵਾਰ ਸੁਝਾਅ ਦਿੱਤੇ ਗਏ ਹਨ ਪਰ ਜਿਨ੍ਹਾਂ ਸੁਝਾਵਾਂ ਉੱਤੇ ਅਮਲ ਨਹੀਂ ਹੁੰਦਾ। ਪਤਾ ਨਹੀਂ ਕਿਉਂ ਸਰਕਾਰ ਇਸ ਮਾਮਲੇ ਬਾਰੇ ਚੁੱਪ ਸਾਧੀ ਬੈਠੀ ਹੈ ਜਦਕਿ ਅੱਤਵਾਦੀ ਵੱਖਵਾਦੀ ਤੱਤ ਹਰ ਪ੍ਰਕਾਰ ਦਾ ਜ਼ਹਿਰੀਲਾ ਅਤੇ ਸਿੱਖ ਫ਼ਿਰਕੇ ਅੰਦਰ ਬੁਨਿਆਦਪ੍ਰਸਤੀ ਉਭਾਰਨ ਵਾਲਾ ਪ੍ਰਚਾਰ ਬੜੀ ਹੀ ਤੇਜ਼ੀ ਨਾਲ ਕਰ ਰਹੇ ਹਨ।

## *ਸਾਥੀ ਸੁਹੇਲ ਸਿੰਘ (ਸੰਪਾਦਕ ਲੋਕ ਲਹਿਰ) ਨੂੰ ਕਾਵਿ-ਸ਼ਰਧਾਂਜਲੀ*

# ਗੀਤ

-ਹਰਭਜਨ ਸਿੰਘ ਹੁੰਦਲ

ਤੇਰੇ ਸੋਗ ਦਾ ਸੁਨੇਹਾ, ਲੈ ਕੇ ਪਹੁੰਚੀਆਂ ਹਵਾਵਾਂ
ਰੁੱਖਾਂ ਰੋਂਦਿਆਂ ਨੂੰ ਦੱਸੋ, ਕਿਹੜੇ ਢੰਗ ਸਮਝਾਵਾਂ

ਤੇਰੀ ਦੀਦ ਦੇ ਪਿਆਸੇ, ਅਸੀਂ ਘਰੋਂ ਤੁਰ ਆਉਂਦੇ
ਸਾਨੂੰ ਪੁੱਛਦੇ ਗਵਾਂਢੀ, ਤੁਸੀਂ ਖੱਟ ਕੀ ਲਿਆਉਂਦੇ
ਇਹਨਾਂ ਭੋਲਿਆਂ ਨੂੰ ਮਹਿਕ ਦਾ, ਕੀ ਦੱਸਾਂ ਸਿਰਨਾਵਾਂ

ਤੇਰੇ ਤੁਰ ਜਾਣ ਪਿੱਛੋਂ ਬੜੇ ਸੋਗਵਾਰ ਹੋਏ
ਅਸੀਂ ਅੰਦਰੀਂ ਵੀ ਰੋਏ, ਅਸੀਂ ਬਾਹਰ ਬੈਠ ਰੋਏ
ਧੀਆਂ ਲੈਣ ਹਟਕੋਰੇ, ਚੁੱਪ ਹੁੰਦੀਆਂ ਨਾ ਮਾਵਾਂ

ਸਾਨੂੰ ਭੁੱਲਣੇ ਨਾ ਤੇਰੇ ਸੰਗ ਵਰ੍ਹੇ ਜੋ ਲੰਘਾਏ
ਅਸੀਂ ਵਾਰ ਵਾਰ ਥਾਣੇ, ਜਦੋਂ ਜਾਂਦੇ ਸੀ ਬੁਲਾਏ
ਤੇਰੇ ਹੁੰਦਿਆਂ ਨਾ ਭੋਰਾ ਸੀ ਡਰਾਉਂਦੀਆਂ ਬਲ਼ਾਵਾਂ

ਕਦੇ ਮੁੜੇ ਨਾ ਨਿਰਾਸ਼ਾ, ਤੇਰੇ ਕੋਲ ਜਿਹੜਾ ਆਇਆ
ਰਿਹਾ ਫੁੱਲ ਮੁਸਕਾਉਂਦਾ, ਮੱਥੇ ਵੱਟ ਨਾ ਸੀ ਪਾਇਆ
ਬੋਲ ਦੇਣ ਜੋ ਦਿਲਾਸੇ, ਕਿੱਥੋਂ ਢੂੰਡ ਕੇ ਲਿਆਵਾਂ

ਤੂੰ ਸੀ ਕਾਲ਼ੀਆਂ ਗੁਫ਼ਾਵਾਂ ਵਿੱਚ, ਕੋਈ ਸ਼ਮ੍ਹਾਦਾਨ
ਔਖੇ ਵੇਲਿਆਂ 'ਚ ਡੋਲਦਾ, ਨਾ ਤੇਰਾ ਸੀ ਈਮਾਨ
ਤੇਰੇ ਅੱਖਰਾਂ ਤੇ ਖ਼ੌਫ਼ ਦਾ ਨਾ ਪੈਂਦਾ ਪਰ੍ਹਛਾਵਾਂ

ਸੋਚਾਂ ਮੇਰੀਆਂ ਨੂੰ ਦਿੱਤੀ ਤੂੰ ਸੀ ਵੱਖਰੀ ਪਛਾਣ
ਨੀਲੇ ਅੰਬਰਾਂ ਤੋਂ ਉੱਚੀ ਤੇਰੀ ਸੋਚ ਦੀ ਉਡਾਣ
ਗੀਤਾਂ ਰੋਂਦਿਆਂ ਨੂੰ ਗੱਲ, ਕਿਹੜੀ ਦੱਸ ਕੇ ਵਰਾਵਾਂ



# ਜੋ ਨਿਮਖ ਨਿਮਖ ਲੱਟ ਲੱਟ ਬਲਦਾ ਰਿਹਾ

*(ਸਾਥੀ ਸੁਹੇਲ ਦੇ ਵਿਛੋੜੇ ਤੇ)*

-ਯੋਧ ਸਿੰਘ

ਖੁਸ ਗਈ ਸਾਡੇ ਹੱਥਾਂ ਚੋਂ ਹੈ ਸੂਹੀ ਸੁਗਾਤ।
ਮੂੰਹੋਂ ਮੂੰਹ ਭਰੀ ਮਹਿਕਾਂ ਦੀ ਪਰਾਤ।
ਇਹ ਤਾਂ ਹੋਈ ਬਰਫ਼ਬਾਰੀ, ਫ਼ਸਲ ਮਾਰ,
ਜਿਵੇਂ ਨਗ਼ਮਾ ਰੁਕ ਜਾਏ ਅੱਧ ਵਿਚਕਾਰ।
ਸਿਰੜ ਦੀ ਮਹਿਫਲ ਸੀ ਤੂੰ ਭਰੀ ਭਰੀ,
ਪੁਖ਼ਤਾ ਸੁੱਚੀ ਰੇਸ਼ਮੀ ਜਿਵੇਂ ਹੋਵੇ ਜ਼ਰੀ।
ਤੂੰ ਕਾਮਿਲ ਸਿਦਕ ਦਾ ਰਾਗ ਮਲ੍ਹਾਰ,
ਦਰਵੇਸ਼ ਯੋਧਿਆ ਕਲਮ ਸੀ ਤੇਰੀ ਕਟਾਰ।
ਕਾਲਖਾਂ ਦੇ ਸੱਪਾਂ ਲਈ ਬਣੀ ਵੰਗਾਰ,
ਜਬਰ ਦੇ ਹਿੱਕੀਂ ਲੰਘ ਗਈ ਜੋ ਆਰ ਪਾਰ।
ਤੇਰੇ ਨੈਣ, ਤੇਰੇ ਨਕਸ਼, ਤੇਰੀ ਨੁਹਾਰ,
ਪਰਚਮੇ-ਹੱਕੋ ਹਲਾਲ ਹੀ ਰੱਖਣਾ ਉਲਾਰ।
ਨਿਕਲ ਪੈਣਾ ਤੇ ਫਿਰ ਪਿਛਾਂਹ ਨਹੀਂ ਝਾਕਣਾ,
ਵਾਹ! ਤੇਰੇ ਅਜ਼ਮ ਦਾ ਜਾਹੋ ਜਲਾਲ।
'ਬੰਜਰ ਧਰਤੀ' ਦੇ ਸਾਵੇ ਵੇਸ ਲਈ,
ਅਵਾਮ ਲਈ, ਸਾਲਮ ਪਿਆਰੇ ਦੇਸ ਲਈ।
ਜੋ ਨਿਮਖ ਨਿਮਖ ਲੱਟ ਲੱਟ ਬਲਦਾ ਰਿਹਾ,
ਤੇਲ ਬਣਕੇ ਦੀਪਕ ਦਾ ਢਲਦਾ ਰਿਹਾ।
ਤੂੰ ਆਲਮੀ ਅਮਨ ਦੀ ਲੋਚਾ ਦਾ ਸੇਕ,
ਇਕ ਸਾਊ ਦਸਤੂਰ ਦੀ ਕਾਇਮੀ ਦਾ ਹੇਜ।
ਭਾਵੇਂ ਹੈ ਅਬਦੀ ਦੀ ਨੀਂਦੇ ਸੌਂ ਗਿਆ।
ਸਾਡੇ ਬਹੁ-ਥਲਾਂ 'ਚ ਹੈ ਤੇਰੀ ਖੁਸ਼ਬੂ
ਮਹਿਕਦੀ ਅੰਗੜਾਈਆਂ ਲੈਂਦੀ ਜੁਸਤਜੂ
'ਹੁਝਾਂ ਤੇ ਆਰਾਂ' 'ਚ ਤੇਰੀ ਬਾਤ ਦਾ,
ਧੰਮੀ ਵੇਲੇ ਗੀਤ ਜਿਵੇਂ ਪ੍ਰਭਾਤ ਦਾ।
ਮਹਿਕਾਂ ਨਾਲ ਭਰੀ ਭਰੀ ਪਰਾਤ ਦਾ,
ਬਹੁ ਮਰਦੇ ਕਾਮਿਲ ਦੀ ਔਕਾਤ ਦਾ।
ਸੂਹੇ ਸੁਨੱਖੇ ਅਮਲ ਦੀ ਸੁਗਾਤ ਦਾ,
ਮਲਾਹ ਅੰਧ ਮਹਾਂ ਘੋਰਾਂ 'ਚ ਜਿਵੇਂ ਝਾਕਦਾ।
ਦਿਲ ਨਹੀਂ ਮੰਨਦਾ ਤੂੰ ਹੋਇਆ ਏਂ ਜੁਦਾ,
ਤੇ ਸੱਜਣ ਸੁਹੇਲੜੇ ਨੂੰ ਆਖੀਏ ਅਲਵਿਦਾ!

# ਸੰਕਲਪ

*(ਕੋਟਾ (ਰਾਜਸਥਾਨ) ਦੇ ਉਮਰ ਕੈਦ ਭੁਗਤ ਰਹੇ ਸੱਤ ਮਜ਼ਦੂਰਾਂ ਦੇ ਨਾਂ)*

-ਸੁਹੇਲ

ਜੇਲ੍ਹ ਦੀਆਂ ਮਜਬੂਤ ਸਲਾਖਾਂ
ਹਨ੍ਹੇਰੀਆਂ ਕਾਲ ਕੋਠੜੀਆਂ ਵਿਚ
ਇਨਸਾਨ ਦੀ ਇਹ ਤੜਫ
ਤੁਹਾਡੇ ਕਾਨੂੰਨ ਦੀਆਂ ਮਾਰੂ ਧਾਰਾਵਾਂ
ਤੁਹਾਡੀ ਹੀ ਕਬਰ ਪੁੱਟਣੀਆਂ
ਤੁਹਾਡੀ ਕਾਨੂੰਨ ਪ੍ਰਣਾਲੀ ਦੇ ਗਰਭ ਵਿਚ
ਯਾਦ ਰੱਖੋ ਰਾਜ ਦੇ ਦਰਿੰਦਿਓ
ਤੁਹਾਡਾ ਹੀ ਅੰਤ ਲੁਕਿਆ ਹੈ
ਅਸੀਂ ਆਪਣੇ ਯੋਧੇ ਸਾਥੀਆਂ ਨੂੰ
ਅੱਜ ਨਹੀਂ ਤਾਂ ਪਰਸੋਂ
ਤੁਹਾਡੇ ਕੈਦਖਾਨੇ ਦੀਆਂ ਦੀਵਾਰਾਂ 'ਚੋਂ
ਜ਼ਰੂਰ ਕੱਢ ਲਵਾਂਗੇ
ਤੁਸੀਂ ਹਾਰੋਗੇ, ਅਸੀਂ ਜਿਤਾਂਗੇ
ਤੁਸੀਂ ਹੰਝੂ ਵਹਾਓਗੇ
ਮਾਤਮ ਮਨਾਉਗੇ
ਅਸੀਂ ਖੁਸ਼ੀਆਂ ਮਨਾਵਾਂਗੇ
ਤੁਸੀਂ ਆਪਣੀ ਮੌਤ ਦਾ ਮਰਸੀਆ
ਆਪ ਪੜ੍ਹੋਗੇ
ਅਸੀਂ ਆਪਣੀ ਸਫਲਤਾ ਦੇ ਗੀਤ
ਗਾਵਾਂਗੇ
ਸਰਵਾਹਰੇ ਇਨਕਲਾਬ ਦੀ
ਆਖਰ ਮੰਜਿਲ ਤਕ
ਅਸੀਂ ਹੱਸਦੇ ਹੋਏ ਬੇਰੋਕ ਵਧਦੇ ਜਾਵਾਂਗੇ

# ਇਕ ਮੀਤ ਪਿਆਰਾ

-ਦਰਸ਼ਨ ਸਿੰਘ ਮਾਸਟਰ

ਹੱਸ ਹਸੰਦੇ ਖੇਲ ਖਲੰਦੇ ਜੀਵਨ-ਪੰਧ ਮੁਕਾ ਚੱਲੇ
ਵਾਗ ਸਮੇਂ ਦੀ ਪੀਹੜੀ ਨਵੀਂਏ! ਤੇਰੇ ਹੱਥ ਫੜਾ ਚੱਲੇ
ਮੰਜ਼ਿਲ ਤੇਰੇ ਭਾਗੀਂ ਹੋਵੇ ਜਿੱਤਾਂ ਜਿੱਤੀ ਜਾਵੇਂ ਤੂੰ
ਸਾਨੂੰ ਮਾਣ ਬਥੇਰਾ ਤੈਨੂੰ ਸਿੱਧੇ ਰਾਹੇ ਪਾ ਚੱਲੇ।



ਲੋਕ ਲਹਿਰ ਦੇ ਅੰਬਰੋਂ ਇਕ ਟੁੱਟਾ ਤਾਰਾ
ਹੋਵੇ ਆਇਆ ਜਲਜਲਾ ਜਿਉਂ ਵੱਡਾ ਸਾਰਾ।

ਕਾਹਲੀ ਕਾਹਲੀ ਮੰਜ਼ਲਾਂ ਵੱਲ ਪੈਰ ਵਧੌਂਦਾ
ਕਾਹਲੀ ਕਾਹਲੀ ਜਿਵੇਂ ਦਾ ਸੀ ਸਫਰ ਮਕੌਂਦਾ
ਕਲਮ ਲੱਗੀ ਸ਼ਬਦ ਗਲ਼ ਗ਼ਮਗੀਨ ਹੈ ਦਿਸਦੀ
ਜੀਕਣ ਸੁਣਕੇ ਖ਼ਬਰ ਤੇ ਵਿਸ਼ਵਾਸ ਨਹੀਂ ਔਂਦਾ
ਕਾਹਲ਼ੇ ਪੈਰੀਂ ਤੁਰ ਗਿਆ ਇਕ ਮੀਤ ਪਿਆਰਾ।

ਜਾਹ ਨੀ ਮੌਤੇ ਕਾਹਲ਼ੀਏ! ਤੂੰ ਕਾਹਲ਼ੀ ਰਹੀਉਂ
ਕਾਹਲ਼ੀ ਹੱਦੋਂ ਬਾਹਲ਼ੀਏ! ਤੂੰ ਬਾਹਲ਼ੀ ਰਹੀਉਂ,
ਰੌਸ਼ਨੀਆਂ ਦੇ ਮਹਿਲ ਦੀ ਤੂੰ ਸ਼ਮ੍ਹਾਂ ਬੁਝਾਈ
ਬੇਮੌਕਾ ਬੇਜ਼ਾਬਤਾ ਬੇਤਾਲੀ ਰਹੀਉਂ
ਪੱਤਰਕਾਰੀ ਜਗਤ ਦਾ ਢਹਿ ਗਿਆ ਮੁਨਾਰਾ।

ਯਾਦਾਂ ਹੌਕੇ ਭਰਦੀਆਂ ਜਜ਼ਬੇ ਕੁਰਲਾਂਦੇ
ਮੌਕੇ ਮੇਲ ਮੁਹੱਬਤਾਂ ਦੇ ਗਸ਼ੀਆਂ ਖਾਂਦੇ
ਮਿੱਤਰਚਾਰਾ ਬੋਲਣੋਂ ਅਸਮਰੱਥ ਜਾਪਦਾ
ਚਿਹਰੇ ਮਾਰੇ ਸੋਗ ਦੇ ਨਹੀਂ ਵੇਖੇ ਜਾਂਦੇ
ਭਰੀਆਂ ਝੀਲਾਂ ਅੱਖੀਆਂ ਦਿਲ ਪਾਰਾ ਪਾਰਾ।
ਦੋਵੇਂ ਧੀਆਂ, ਪਤਨੀ ਜਿਉਂ ਪੱਥਰ ਹੋਈਆਂ
ਬਣੀਆਂ ਸੂਰਤ ਗ਼ਮਾਂ ਦੀ ਜਿਉਂ ਤਿੰਨੇ ਮੋਈਆਂ
ਹਾਏ ਰਿਸ਼ਤਾ ਖ਼ੂਨ ਦਾ ਕੀ ਧੀਰ ਬੰਨ੍ਹਾਵਾਂ
ਸੁਣਕੇ ਪੱਥਰ ਸਿੰਮ ਪਏ ਉਹ ਰੋਈਆਂ ਰੋਈਆਂ
ਸੂਰਜ ਡੁੱਬਾ ਆਖਰੀ ਦੇਕੇ ਲਿਸ਼ਕਾਰਾ।

'ਬੇੜਾ ਬੰਧ ਨਾ ਸਕਿਉ ਬੰਧਨ ਕੀ ਬੇਲਾ'
ਮਹਿਫ਼ਲ ਸੁੰਞੀ ਕਰ ਗਿਆ ਅੱਜ ਯਾਰ 'ਸੁਹੇਲਾ'
ਪੀਤਾ ਦਰਿਆ ਸਬਰ ਦਾ ਪਾਰ ਪਿਆਸ ਬੁਝੇ ਨਾ.
ਸੁੰਞਾ ਸੁੰਞਾ ਜਾਪਦਾ ਏ ਭਰਿਆ ਮੇਲਾ
ਜੀਂਦਾ ਤੇਰਾ ਸਾਥੀਆ! ਕਿਰਦਾਰ ਨਿਆਰਾ।

ਪਾਈ ਫਿਰਦੇ ਝੋਲ਼ੀਆਂ ਵਿਚ ਦਰਦ-ਸੁਨੇਹੜੇ
ਨਾਮ ਗਿਣਾਵਾਂ ਸਾਥੀਆ! ਮੈਂ ਕਿਹੜੇ ਕਿਹੜੇ
ਪਰਬਤ ਵਾਂਗ ਅਡੋਲ ਹੈ 'ਰਘਬੀਰ' ਸੁਆਣੀ
ਅੱਖੀਂ ਭਾਵੇਂ ਰੜਕਦੇ ਨੇ ਖਾਬ ਤਰੇੜੇ
ਸਾਗਰ ਉਹਨੇ ਡੀਕਿਆ ਗ਼ਮੀਆਂ ਦਾ ਖਾਰਾ

'ਲੋਕ ਲਹਿਰ' ਦੇ ਅੰਬਰੋਂ ਅੱਜ ਟੁੱਟਾ ਤਾਰਾ
ਆਇਆ ਹੋਵੇ ਜ਼ਲਜ਼ਲਾ ਜਿਉਂ ਵੱਡਾ ਸਾਰਾ।

## ਮੁਕਾਮ

-ਸੁਹੇਲ

ਰਾਤ ਅਜੇ ਮੁੱਕੀ ਨਹੀਂ
ਗੱਲ ਅਜੇ ਸ਼ੁਰੂ ਨਹੀਂ ਹੋਈ
ਹਾਲੇ ਤਾਂ ਪਹਿਲਾ ਪਹਿਰ ਈ ਏ
ਹਾਲੇ ਤਾਂ ਬੁੱਲ੍ਹ ਉਸੇ ਤਰ੍ਹਾਂ ਮੀਟੇ ਪਏ ਨੇ
ਜਿਵੇਂ ਢੁਕੇ ਹੋਏ ਨੇ ਫਾਂਸੀ ਦੇ ਬੂਹੇ
ਰੇਗਿਸਤਾਨ ਵਿਚ ਰੇਤ ਉੱਡਦੀ ਏ
ਤੇ ਮਿਟ ਜਾਂਦੇ ਨੇ ਉਸ ਦੇ ਨਿਸ਼ਾਨ
ਤੁਰੇ ਚਲੋ ਤੁਰੇ ਚੱਲੋ!
ਹੋਰ ਅੱਗੇ ਤੁਰੇ ਚੱਲੋ!
ਲੱਭ ਪੈਣਾ ਹੈ ਇਕ ਦਿਨ
ਉਹ ਮੁਕਾਂ, ਉਹ ਜਹਾਂ
ਜਿਸਦੀ ਖ਼ਾਤਰ ਜੋਗੀ ਬਣ ਗਏ
ਜਿਸਦੇ ਲੇਖੇ ਲਾਈ ਜਾਂ
ਮਿਟਣੇ ਨਹੀਂ ਸਾਡੇ ਨਿਸ਼ਾਂ
ਖਿੜ ਜਾਣੀ ਏਂ, ਧਰਤੀ ਸਾਰੀ
ਪੈਣੀ ਜਿੱਥੇ ਤੇਰੀ ਸ਼ੁਆ

## ਸਾਇਗੌਨ ਦੀ ਫਤਹਿ

-ਸੁਹੇਲ ਸਿੰਘ

ਇਸ ਸੁਲੱਖਣੀ ਘੜੀ
ਜਿੱਤ ਦੀਆਂ ਧੁੰਨਾਂ ਵਜਾਓ
ਝੁਮਰ ਪਾਓ
ਜਾਮ ਛਲਕਾਓ।
ਧੀਆਂ ਧਿਆਣੀਆਂ ਨੂੰ ਸਾਹ ਦਵਾਓ
ਸਾਂਭ ਲਓ ਉਹਨਾਂ ਦੀਆਂ ਰਫਲਾਂ
ਸੋਹਲ ਹੱਥਾਂ 'ਤੇ ਮਹਿੰਦੀ ਲਾਓ
ਪੈਰਾਂ ਵਿਚ ਪੰਜੇਬਾਂ ਪਾਓ
ਤੀਆਂ ਦੇ ਤਿਹਾਰ ਵਾਂਗੂੰ
ਲੁੱਡੀਆਂ ਪਾਓ



ਨੱਚੋ ਗਾਓ।
ਵੀਤਨਾਮ ਦੇ ਨਕਸ਼ੇ ਵਰਗਾ
ਗਿੱਧੇ ਦਾ ਇਕ ਪਿੜ ਬਣਾਓ
ਇੱਕ ਨੱਚੀ 'ਤੇ ਸੁੱਟ ਕਾਲ਼ੀ ਚੁੰਨੀ
ਸਾਮਰਾਜ ਦਾ ਚਿੱਤਰ ਬਣਾਓ
ਉੱਚੀ ਚੁੱਕੋ ਜਿੱਤ ਦੀ ਬੋਲੀ
ਤੇ ਨਾਲ ਹੀ ਅੱਡੀ ਥਪਕਾਓ
ਨੀ, ਬਿੰਨ੍ਹ ਨੂੰ ਨੱਚਣ ਦਿਓ
(ਤੁਸੀਂ) ਸਾਮਰਾਜ ਦੀ
ਪੀਪਨੀ ਬੁਲਾਓ
ਨੀ ਬਿੰਨ੍ਹ ਨੂੰ ਨੱਚਣ ਦਿਓ

*ਮਿੰਨੀ ਕਹਾਣੀ*

## ਕਿਸਮਾਂ

-ਸੁਹੇਲ

'ਕੁੜੇ ਕਿਹੜੇ ਆਲੂ ਚਾੜ੍ਹੇ ਨੇ ਈ'

'ਬੋਰੀ ਵਿਚੋਂ ਲਏ ਨੇ ਮਾਤਾ ਜੀ'

'ਨੀ ਦੂਰ ਫਿੱਟੇ ਮੂੰਹ ਤੇਰਾ ਇਹ ਤਾਂ ਦੁਕਾਨ ਵਾਲੀ ਬੋਰੀ ਆ ਜਿਹੜੀ ਸਮੋਸੇ ਬਣਾਉਣ ਲਈ ਖਰੀਦੀ ਆ।'




ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ




ਪੰਜਾਬੀ ਸਾਹਿਤ ਪਬਲੀਕੇਸ਼ਨ

# ਅਸਿਹ ਵਿਛੋੜਾ ਅਭੁੱਲ ਯਾਦਾਂ

-ਕ੍ਰਿਸ਼ਨ ਲਾਲ ਪਰਵਾਨਾ

ਸੁਹੇਲ ਦੀ ਅਕਸਮਾਤ ਜ਼ਾਲਮ ਮੌਤ ਨੇ ਉਸ ਦੇ ਪਰਿਵਾਰ ਨੂੰ, ਪਾਰਟੀ ਨੂੰ, ਲੋਕ ਲਹਿਰ ਅਖ਼ਬਾਰ, ਉਨ੍ਹਾਂ ਦੇ ਨਾਲ ਬੈਠੇ ਸੰਪਾਦਕੀ ਮੰਡਲ ਦੇ ਸਾਥੀਆਂ ਨੂੰ ਹਿਲਾ ਕੇ ਰੱਖਣਾ ਹੀ ਸੀ, ਪਰ ਉਸ ਨੇ ਉਸ ਦੇ ਮਿੱਤਰਾਂ ਤਕ ਅਤੇ ਸਮੁੱਚੀ ਮਾਨਵਤਾ ਨੂੰ ਹਿਲਾ ਕੇ ਰੱਖ ਦਿੱਤਾ ਹੈ। ਇਸਦਾ ਮੂਲ ਕਾਰਨ ਇਹ ਹੈ ਕਿ ਸੁਹੇਲ ਸਮੁੱਚੀ ਮਾਨਵਤਾ ਦੇ ਕੰਮ ਆਉਣ ਵਾਲਾ ਆਦਮੀ ਸੀ।

ਨਿਮ੍ਹਾ ਹੱਸਣਾ, ਘੱਟ ਬੋਲਣਾ, ਸ਼ਾਂਤ ਰਹਿਣਾ, ਡੂੰਘਾ ਲਿਖਣਾ, ਉਤਸ਼ਾਹਜਨਕ ਰਹਿਣਾ ਕਿਸੇ ਤੇ ਬੋਝ ਨਾ ਬਣਨਾ, ਸਗੋਂ ਹਰ ਇਕ ਦਾ ਬੋਝ ਚੁੱਕਣਾ ਅਤੇ ਨਿਪਟਾਉਣਾ ਸੁਹੇਲ ਸਿੰਘ ਦਾ ਪਰਮ ਕਰਤਵ ਸੀ। ਕਿਸੇ ਦਾ ਦਰਦ ਆਪਣਾ ਦਰਦ ਸਮਝਣਾ, ਕਿਸੇ ਦੇ ਕੰਮ ਨੂੰ ਆਪਣਾ ਸਮਝ ਕੇ ਕਰਨਾ। ਕਿਸੇ ਦੀ ਪੀੜ ਨੂੰ ਆਪਣੀ ਪੀੜ ਸਮਝਣਾ, ਧਰਮਾਂ, ਮਜ਼੍ਹਬਾਂ, ਮਤਮਤਾਂਤਰਾਂ ਤੋਂ ਦੂਰ ਰਹਿਣਾ ਤੇ ਮਨੁੱਖਤਾ ਲਈ ਲੜਨਾ ਉਸਦਾ ਅਸਲ ਕਾਰਜ ਖੇਤਰ ਸੀ।

ਸੁਹੇਲ ਜੀ ਨਾਲ ਮੇਰੀ ਜਾਣ ਪਛਾਣ ਪੰਜਾਬੀ ਲੇਖਕ ਸਭਾ ਜਲੰਧਰ ਦੇ ਸਮਾਗਮਾਂ ਵਿਚ ਆਉਣ ਜਾਣ ਤੇ ਹੋਈ। ਜਦ ਸਾਨੂੰ ਦੋਹਾਂ ਨੂੰ ਇਸ ਗੱਲ ਦਾ ਪਤਾ ਲੱਗਾ ਕਿ ਅਸੀਂ ਦੋਵੇਂ ਇਕੋ ਜ਼ਿਲ੍ਹੇ ਅੰਮ੍ਰਿਤਸਰ ਦੇ ਹਾਂ ਤਾਂ ਅਸੀਂ ਹੋਰ ਵੀ ਨੇੜੇ ਹੋ ਗਏ। ਫੇਰ ਜਦ ਮੈਂ ਪ੍ਰਿੰਟਿੰਗ ਪ੍ਰੈਸ ਲਗਾ ਲਈ ਤਾਂ ਸੁਹੇਲ ਜੀ ਗਾਹੇ-ਬਗਾਹੇ ਕਿਸੇ ਨਾ ਕਿਸੇ ਪਰਕਾਰ ਦੀ ਛਪਾਈ ਲਈ ਮੇਰੇ ਪਾਸ ਆਉਂਦੇ ਰਹੇ। ਫੇਰ ਜਦ ਮੈਂ ਇਕ ਸਪਤਾਹਿਕ ਪੱਤਰ 'ਨਿਚੋੜ' ਕੱਢਿਆ ਤਾਂ ਮੇਲ ਜੋਲ ਹੋਰ ਵਧਿਆ। ਜਦ 'ਕਲਮੀ ਰਿਸ਼ਤੇ' ਮਾਸਿਕ ਕੱਢਿਆ ਤਾਂ ਫੇਰ ਹੋਰ ਨੇੜਤਾ ਹੋਈ। ਉਸ ਤੋਂ ਬਾਅਦ ਫੇਰ ਅਸੀਂ ਗਾਹੇ-ਬਗਾਹੇ ਮਿਲਦੇ ਰਹੇ। ਲੋਕ ਲਹਿਰ ਵਿਚ ਤਾਂ ਕਾਫ਼ੀ ਆਣ ਜਾਣ ਰਿਹਾ। ਸੁਹੇਲ ਜੀ ਨੂੰ ਮਿਲ ਕੇ ਇੰਨੀ ਪ੍ਰਸੰਨਤਾ ਹੁੰਦੀ ਸੀ ਕਿ ਖਪੇ ਖਿੱਝੇ ਵੀ ਹੋਵੋ ਤਾਂ ਉਨ੍ਹਾਂ ਨੂੰ ਮਿਲ ਕੇ ਮਨ ਨੂੰ ਕਾਫ਼ੀ ਸਕੂਨ ਮਿਲ਼ਦਾ, ਹੌਂਸਲਾ ਵਧਦਾ ਤੇ ਨਿਰਾਸ਼ਾ ਦੂਰ ਹੁੰਦੀ। ਇਨ੍ਹਾਂ ਮਿਲਣੀਆਂ ਤੋਂ ਬਾਅਦ ਪਤਾ ਲੱਗਾ ਕਿ ਸੁਹੇਲ ਜੀ ਦਾ ਤੇ ਮੇਰਾ ਜ਼ਿੰਦਗੀ ਵਿਚ ਅੱਗੇ ਵਧਣ ਦਾ ਪਿਛੋਕੜ ਵੀ ਇਕੋ ਜਿਹਾ ਸੀ, ਜਿਵੇਂ ਸੁਹੇਲ ਜੀ ਨੇ ਵੀ ਵਿਦਿਆ ਪ੍ਰਾਪਤੀ ਲਈ ਕੰਮ ਕਰਦਿਆਂ ਸੰਘਰਸ਼ ਕੀਤਾ ਤੇ ਮੈਂ ਵੀ, ਸਾਡਾ ਵਿਦਿਆ ਪ੍ਰਾਪਤੀ ਦਾ ਸਮਾਂ; ਜਿਵੇਂ ਉਹ ਦੱਸਦੇ ਸਨ ਤੇ ਮੈਨੂੰ ਆਪਣਾ ਪਤਾ ਹੈ ਕਿ ਦਿਨ ਨੂੰ ਪੇਟ ਪੂਰਤੀ ਲਈ ਜੂਝਣਾ ਤੇ ਸਵੇਰ ਨੂੰ ਤੜਕੇ, ਸ਼ਾਮੀਂ ਦੇਰ ਰਾਤ ਗਈ ਵਿਦਿਆ ਪ੍ਰਾਪਤੀ ਲਈ ਜੂਝਣਾ। ਇਨ੍ਹਾਂ ਸੰਘਰਸ਼ਾਂ ਵਿਚੋਂ ਸੁਹੇਲ ਜੀ ਦਾ ਕੁੰਦਨ ਹੋ ਕੇ ਨਿਕਲਣਾ ਇਕ ਬੜੀ ਵੱਡੀ ਪ੍ਰਾਪਤੀ ਸੀ।

ਸੁਹੇਲ ਜੀ ਦਾ ਪਾਰਟੀ ਅਤੇ ਲੋਕ ਲਹਿਰ ਲਈ ਸੰਘਰਸ਼ ਕਿਸੇ ਤੋਂ ਗੁੱਝਾ ਨਹੀਂ। ਜੇ ਇਹ ਕਹਿ ਲਿਆ ਜਾਵੇ ਕਿ ਸੁਹੇਲ ਇਕ ਵਿਅਕਤੀ ਨਹੀਂ, ਸਗੋਂ ਸੰਸਥਾ ਹੋ ਨਿਬੜਿਆ ਸੀ ਤਾਂ ਅੱਤਕਥਨੀ ਨਹੀਂ ਹੋਵੇਗੀ। ਉਸ ਨੂੰ ਆਪਣੇ ਦੁਖ ਦਰਦ ਦੀ ਇੰਨੀ ਚਿੰਤਾ ਨਹੀਂ



ਸੀ, ਜਿੰਨੀ ਕਿ ਪਾਰਟੀ ਤੇ ਲੋਕ ਲਹਿਰ ਦੀ; ਜਿਹੜੀ ਕਿ ਮਾਨਵਤਾ ਦੇ ਦੁੱਖਾਂ ਦਰਦਾਂ ਅਤੇ ਮੁਸ਼ਕਿਲਾਂ ਲਈ ਲੜ ਰਹੀ ਹੈ।

ਮੈਂ ਉਨ੍ਹਾਂ ਨੂੰ ਹਫ਼ਤੇ ਵਿਚ ਘਟੋ ਘੱਟ ਇਕ ਵਾਰ ਜ਼ਰੂਰ ਮਿਲਦਾ ਤੇ ਅਸੀਂ ਦੁੱਖ ਸੁੱਖ ਸਾਂਝਾ ਕਰਦੇ। ਉਨ੍ਹਾਂ ਦੀ ਨਿਮਰਤਾ, ਮਿੱਠਾ ਬੋਲਣਾ, ਕਿਸੇ ਦੇ ਕੰਮ ਆਉਣਾ, ਮਾਨਵਤਾ ਲਈ ਲੜਨਾ, ਸੜਦੇ ਬਲਦੇ ਪੰਜਾਬ ਵਿਚ ਮਜ਼ਲੂਮਾਂ ਲਈ ਨਿਧੜਕ ਹੋ ਕੇ ਕਲਮ ਚਲਾਉਣੀ ਤੇ ਮੌਤ ਤੋਂ ਨਾ ਡਰਨਾ, ਇਹ ਸੁਹੇਲ ਦੇ ਨਿਵੇਕਲੇ ਗੁਣ ਸਨ। ਜਿਹੜੇ ਸਾਨੂੰ ਸਦਾ ਯਾਦ ਰਹਿਣਗੇ ਅਤੇ ਸਾਨੂੰ ਮਜ਼ਲੂਮਾਂ ਅਤੇ ਲਿਤਾੜਿਆਂ ਲੋਕਾਂ ਦੇ ਹੱਕ ਵਿਚ ਮੈਦਾਨ 'ਚ ਆਉਣ ਦੀ ਪ੍ਰੇਰਨਾ ਦੇਂਦੇ ਰਹਿਣਗੇ।

* * *

# ਸੁਹੇਲ ਨਾਲ ਕੁੱਝ ਯਾਦਾਂ

-ਭਾਗ ਸਿੰਘ ਸੱਜਣ

ਕਾਮਰੇਡ ਸੁਹੇਲ ਨਾਲ ਮੇਰਾ ਨੇੜੇ ਦਾ ਵਾਹ ਉਦੋਂ ਪਿਆ ਜਦ ਮੇਰੀ ਡਿਊਟੀ ਹੁਸ਼ਿਆਰਪੁਰ ਜ਼ਿਲ੍ਹੇ ਵਿਚ ਪਾਰਟੀ ਸੈਕਟਰੀ ਹੁੰਦੇ ਹੋਏ 'ਲੋਕ ਲਹਿਰ' ਅਖ਼ਬਾਰ ਲਈ ਲਾ ਦਿੱਤੀ ਗਈ। ਮੈਂ ਭਾਵੇਂ ਪੰਜਾਬੀ ਚੋਖੀ ਜਾਣਦਾ ਸਾਂ ਪਰ ਫੇਰ ਵੀ ਮੈਨੂੰ ਪੰਜਾਬੀ ਨੂੰ ਉਰਦੂ ਲਿਪੀ ਵਿਚ ਲਿਖਣ ਦੀ ਆਦਤ ਸੀ। ਕਿਉਂ ਜੋ ਉਰਦੂ ਲਿਪੀ ਵਿਚ ਲਿਖਣ ਦੀ ਆਦਤ ਸੀ। ਕਿਉਂ ਜੋ ਉਰਦੂ ਲਿਪੀ ਵਿਚ ਮੇਰੇ ਲਈ ਲਿਖਣਾ ਬਹੁਤ ਸੌਖਾ ਸੀ। ਖੈਰ ਮੈਂ ਗੁਰਮੁਖੀ ਲਿਪੀ ਵਿਚ ਲਿਖਣ ਲਗ ਪਿਆ। ਪਰ ਉਰਦੂ ਲਿਪੀ ਲਿਖਣ ਦੀ ਆਦਤ ਹੋਣ ਕਾਰਣ ਮੈਂ ਕਈ ਲਗਾਂ-ਮਾਤਰਾਂ ਲਿਖਣੀਆਂ ਉੱਕ ਜਾਂਦਾ ਸਾਂ, ਤੇ ਸੁਹੇਲ ਮੇਰੀ ਇਸ ਲਿਖਾਈ ਨੂੰ ਪੜ੍ਹਕੇ ਲਗਾਂ-ਮਾਤਰਾਂ ਆਪ ਲਗਾ ਦਿੰਦੇ ਸਨ। ਸੁਹੇਲ ਸਿੰਘ ਆਪਣੇ ਲਿਖੇ ਲੇਖ ਨੂੰ ਸਿਧਾਂਤਕ ਸੇਧ ਵਿਚ ਰੱਖਣ ਲਈ ਆਪਣਾ ਲੇਖ ਮੇਰੇ ਹਵਾਲੇ ਕਰ ਦਿੰਦੇ। ਇਸ ਤਰ੍ਹਾਂ ਅਸੀਂ ਦੋਵੇਂ ਜਣੇ ਇਕ ਦੂਜੇ ਦੀ ਮਦਦ ਕਰ ਲੈਂਦੇ।

ਸੁਹੇਲ ਸਿੰਘ ਥੋੜ੍ਹੇ-ਥੋੜ੍ਹੇ ਚਿਰ ਪਿਛੋਂ ਇਕ ਛੋਟੇ ਬੱਚੇ ਜੋ 'ਹਾਣੀ' ਨਾਂ ਨਾਲ ਪੁਕਾਰਿਆ ਜਾਂਦਾ ਸੀ, ਨੂੰ ਚਾਹ ਲਿਆਉਣ ਦਾ ਸੱਦਾ ਦਿੰਦੇ ਸਨ। ਇਹ ਬੱਚਾ ਸਾਡੇ ਦੋਹਾਂ ਲਈ ਇਕ ਇਕ ਛੋਟਾ ਜਿਹਾ ਗਲਾਸ ਚਾਹ ਦਾ ਦੇ ਜਾਂਦਾ। ਇਸ ਚਾਹ ਨਾਲ਼ ਮੇਰੀ ਕੋਈ ਤਸੱਲੀ ਨਾ ਹੁੰਦੀ ਇਸ ਲਈ ਮੈਂ ਆਪਣੇ ਪਾਸੋਂ ਇਕ ਬਿਜਲੀ ਦਾ ਹੀਟਰ, ਇਕ ਪਤੀਲਾ ਚਾਹ ਬਣਾਉਣ ਵਾਸਤੇ ਅਤੇ ਬਾਕੀ ਸਾਮਾਨ ਆਪਣੇ ਪਾਸ ਰੱਖ ਲਿਆ। ਹੁਣ ਅਸੀਂ ਉਸ ਬੱਚੇ ਤੋਂ ਪਾਈਆ ਦੁੱਧ ਮੰਗਵਾ ਲੈਂਦੇ। ਇਸ ਚਾਹ ਨਾਲ ਮੈਂ ਆਪਣੇ ਆਪ ਸੁਹੇਲ ਅਤੇ ਕੋਈ ਕੋਲ਼ ਬੈਠਾ ਮਨ ਆਈ ਚਾਹ ਪੀਂਦੇ ਸਾਂ।

ਸਾਡੀ ਇਕੱਠੀ ਡਿਊਟੀ ਪੂਰਾ ਇਕ ਸਾਲ ਰਹੀ। ਸਾਨੂੰ ਦੋਹਾਂ ਨੂੰ ਅਤੇ ਸਾਡੇ ਲੇਖਾਂ ਨੂੰ ਪੜ੍ਹਨ ਵਾਲੇ ਸਾਨੂੰ ਇਕ ਹੀ ਸਮਝਦੇ ਸਨ। ਇਸ ਸਮੇਂ ਅਸੀਂ ਸਿਧਾਂਤਕ ਲੇਖ ਕਾਫ਼ੀ ਗਿਣਤੀ ਵਿਚ ਲਿਖੇ। ਜਿਨ੍ਹਾਂ ਵਿਚ ਅਸੀਂ ਡਾਂਗੇ ਪੱਖੀਆਂ ਅਤੇ ਨਕਸਲਵਾਦੀਆਂ ਦੀ ਬਗ਼ੈਰ ਉਨ੍ਹਾਂ ਲਈ ਕੋਈ ਭੈੜਾ ਸ਼ਬਦ ਵਰਤਿਆਂ ਨੁਕਤਾਚੀਨੀ ਕਰਦੇ ਰਹੇ।

ਐਨ ਉਸੇ ਸਮੇਂ ਸਾਡਾ ਵਾਹ ਕੁਝ ਆਪਣੇ ਸਾਹਿਤਕਾਰ ਪਾਰਟੀ ਮੈਂਬਰਾਂ ਨਾਲ਼ ਵੀ ਪਿਆ ਜਿਹੜੇ ਆਪਣੀਆਂ ਲਿਖਤਾਂ ਨੂੰ ਏਹੋ ਜਿਹੀਆਂ ਲਿਖਣੀਆਂ ਚਾਹੁੰਦੇ ਸਨ ਜਿਸ ਨੂੰ ਉਹ ਸਾਰੀ ਉਮਰ ਵਰਤ ਸਕਣ। ਨਿੱਤ ਦਿਹਾੜੀ ਚੱਲਣ ਵਾਲੀਆਂ ਐਜੀਟੇਸ਼ਨਾਂ ਬਾਰੇ ਉਨ੍ਹਾਂ ਦਾ ਖ਼ਿਆਲ ਬਹੁਤ ਘਟੀਆ ਸੀ। ਉਹ ਸਮਝਦੇ ਸਨ ਕਿ ਚਲੰਤ ਐਜੀਟੇਸ਼ਨਾਂ ਬਾਰੇ ਲਿਖਿਆ ਤਾਂ ਥੋੜ੍ਹੇ ਸਮੇਂ ਵਾਸਤੇ ਕੰਮ ਦਿੰਦਾ ਹੈ। ਐਜੀਟੇਸ਼ਨ ਵਾਸਤੇ ਲਿਖਣਾ ਉਹ ਘਟੀਆ ਕੰਮ ਸਮਝਦੇ ਸਨ। ਇਨ੍ਹਾਂ ਲੇਖਕਾਂ ਨੂੰ ਸੰਬੋਧਨ ਕਰਦੇ ਹੋਏ ਅਸੀਂ ਇਕ ਲੰਮਾ ਲੇਖ  ਲਿਖਿਆ, ਜਿਸਦਾ ਨਾਂ ਸੀ 'ਸਾਹਿਤਕਾਰੋ ਕੀ ਲਿਖਦੇ ਹੋ ?' ਤੇ ਨਾਲ ਹੀ ਇਸ ਦੇ ਲਈ ਖੁੱਲ੍ਹਾ ਸੱਦਾ ਦਿੱਤਾ ਕਿ ਜੋ ਵੀ ਸਾਥੀ ਇਸ ਵਿਸ਼ੇ 'ਤੇ ਸਾਡਾ ਵਿਰੋਧ ਜਾਂ ਹਮਾਇਤ ਕਰਨੀ ਚਾਹੁੰਦਾ ਹੈ, ਉਹ ਜੋ ਕੁੱਝ ਵੀ ਲਿਖ ਕੇ ਭੇਜੇਗਾ। ਉਸੇ ਲਿਖਤ ਨੂੰ ਇਨ ਬਿਨ ਛਾਪ ਦਿਆਂਗੇ! ਇਸ ਦੇ ਜਵਾਬ ਵਿਚ ਇਕ ਸਾਥੀ ਨੇ ਸਾਡੇ ਉਸ ਲੇਖ ਦੇ ਵਿਰੋਧ ਵਿਚ ਇਕ ਚੰਗਾ ਲੰਬਾ-ਚੌੜਾ ਲੇਖ ਲਿਖਿਆ। ਇਸ ਲੇਖ ਦੇ ਵਿਰੋਧ ਤੇ ਸਾਡੇ ਲੇਖ ਦੇ ਹੱਕ ਵਿਚ ਤਲਵਾੜੇ ਅਤੇ ਸੰਗਰੂਰ ਤੋਂ ਹੋਰ ਦੋ ਲੇਖ ਆਏ। ਜਿਨ੍ਹਾਂ ਨੂੰ ਪੜ੍ਹਨ ਤੇ ਲੋਕਾਂ ਦੀ ਦਿਲਚਸਪੀ ਵੀ ਵਧੀ। ਉਹ ਸਾਥੀ ਜਿਨ੍ਹਾਂ ਨੇ ਪਹਿਲਾਂ ਸਾਡੇ ਵਿਰੋਧ ਵਿਚ ਲਿਖਿਆ ਸੀ ਉਨ੍ਹਾਂ ਦੀ ਆਪਣੀ ਕਲਮ ਦੀ ਨੁਹਾਰ ਵੀ ਬਦਲ ਗਈ। ਇਸੇ ਤਰ੍ਹਾਂ ਇਕ ਸਾਲ ਦਾ ਸਮਾਂ ਅਸੀਂ ਦੋਵੇਂ ਜਣੇ ਕੰਮ ਕਰਦੇ ਰਹੇ। ਇਸ ਤੋਂ ਬਾਅਦ ਮੇਰੀ ਡਿਊਟੀ ਨਕਸਲਵਾਦੀਆਂ ਦੇ ਗੜ੍ਹ ਰੋਪੜ ਅਤੇ ਚੰਡੀਗੜ੍ਹ ਲਗ ਗਈ। ਸੁਹੇਲ ਅਖ਼ਬਾਰ ਵਿਚ ਡੱਟਿਆ ਰਿਹਾ। ਕਦੇ ਇਸ ਗੂੜੇ ਦੋਸਤ ਸਹਿਯੋਗੀ ਅਤੇ ਹਮਖ਼ਿਆਲ ਨਾਲ ਅੱਜ ਤੱਕ ਕਦੇ ਕੋਈ ਪਾੜਾ ਨਹੀਂ ਸੀ ਪਿਆ। ਅੱਜ ਚਾਣਚੱਕ ਇਹ ਖ਼ਬਰ ਸੁਣਕੇ ਕਿ ਸਾਥੀ ਸੁਹੇਲ ਸਿੰਘ ਹੁਣ ਨਹੀਂ ਰਹੇ ਬਹੁਤ ਦੁੱਖ ਹੋਇਆ ਹੈ। ਇਹ ਥੋੜ੍ਹੇ ਜਿਹੇ ਅੱਖਰ ਉਸ ਪਿਆਰੇ ਮਿੱਤਰ ਦੀ ਯਾਦ ਵਿਚ ਲਿਖ ਰਿਹਾ ਹਾਂ। ਸਾਥੀ ਸੁਹੇਲ ਸਿੰਘ ਨਾਲ ਆਖ਼ਰੀ ਮੁਲਾਕਾਤ ਚੰਡੀਗੜ੍ਹ ਵਿਖੇ ਸੂਬਾ ਕਮੇਟੀ ਦੀ ਮੀਟਿੰਗ ਸਮੇਂ ਹੋਈ ਸੀ।





# ਸੰਕਟਾਂ ਵਿਰੁੱਧ ਜੂਝਦਾ ਸਾਥੀ ਸੁਹੇਲ

**-ਈਸ਼ਰ ਸਿੰਘ ਸੋਢੀ**

8 ਮਾਰਚ 93 ਨੂੰ ਲੋਕ ਲਹਿਰ ਦੇ ਸੰਪਾਦਕ ਤੇ ਸੀ.ਪੀ.ਆਈ. (ਐਮ) ਦੇ ਸੂਬਾ ਕਮੇਟੀ ਮੈਂਬਰ ਸਾਥੀ ਸੁਹੇਲ ਸਿੰਘ ਸਦੀਵੀ ਵਿਛੋੜਾ ਦੇ ਗਏ। ਇਹ ਖ਼ਬਰ ਜਦ ਸੂਬਾ ਕਮੇਟੀ ਦਫਤਰ ਚੰਡੀਗੜ੍ਹ ਵਿਚ ਪੁੱਜੀ ਤਾਂ ਯਕੀਨ ਨਹੀਂ ਸੀ ਆ ਰਿਹਾ ਕਿ ਕਾਮਰੇਡ ਸੁਹੇਲ ਸਿੰਘ ਸਿਰਫ 53 ਵਰ੍ਹੇ ਦੀ ਉਮਰ ਵਿਚ ਅਚਨਚੇਤ ਸਾਡੇ ਕੋਲੋਂ ਵਿਛੜ ਜਾਣਗੇ।' ਕਾਮਰੇਡ ਸੁਹੇਲ ਦਾ ਵਿਛੋੜਾ ਜਿੱਥੇ ਸੀ.ਪੀ.ਆਈ. (ਐਮ) ਤੇ ਪ੍ਰਵਾਰ ਨੂੰ ਨਾ ਪੂਰਾ ਹੋਣ ਵਾਲ਼ਾ ਘਾਟਾ ਪਿਆ ਹੈ, ਉੱਥੇ ਪੰਜਾਬ ਦੇ ਅਜੋਕੇ ਮਾਹੌਲ ਵਿਚ ਫਿਰਕੂ ਏਕਤਾ, ਸਦਭਾਵਨਾ ਤੇ ਦੇਸ਼ ਧਰੋਹੀ ਸ਼ਕਤੀਆਂ ਵਿਰੁੱਧ ਲੜਨ ਵਾਲਾ ਸਿਧਾਂਤਕ ਜਰਨੈਲ, ਸਾਨੂੰ ਰੋਂਦਾ ਕੁਰਲਾਉਂਦਾ ਛੱਡ ਗਿਆ।

ਕਾਮਰੇਡ ਸੁਹੇਲ ਛੋਟੀ ਉਮਰ ਵਿਚ, ਦਸਵੀਂ ਪਾਸ ਕਰਕੇ ਕਮਿਊਨਿਸਟ ਪਾਰਟੀ ਵਲ ਆਇਆ ਤੇ ਸਕੂਲੀ ਪੜ੍ਹਾਈ ਵੇਲੇ ਅੰਮ੍ਰਿਤਸਰ ਜ਼ਿਲ੍ਹੇ ਵਿਚ ਮੱਖਣ ਸਿੰਘ ਤਰਸਿੱਕਾ ਦੀ 1957 ਦੀ ਚੋਣ ਵਿਚ ਹਿੱਸਾ ਲਿਆ ਤੇ ਉਸ ਤੋਂ ਬਾਅਦ ਪਾਰਟੀ ਦੇ ਅਖ਼ਬਾਰ 'ਨਵਾਂ ਜ਼ਮਾਨਾ' ਵਿਚ ਪੱਤਰਕਾਰੀ ਮੈਦਾਨ ਵਿਚ ਆ ਗਿਆ। 'ਕਾਮਰੇਡ ਸੁਹੇਲ ਨੇ ਇਸੇ ਦੌਰਾਨ ਆਪਣੀ ਮਿਹਨਤ ਨਾਲ ਗਿਆਨੀ ਤੇ ਬੀ.ਏ. ਪਾਸ ਕੀਤੀ।'

ਕਾਮਰੇਡ ਸੁਹੇਲ ਸਿੰਘ ਦਾ ਜੀਵਨ ਇਕ ਕਰੜੇ ਸੰਘਰਸ਼ਾਂ ਤੇ ਦੁੱਖਾਂ ਤਕਲੀਫਾਂ ਦਾ ਜੀਵਨ ਰਿਹਾ ਹੈ। ਨਿੱਕੇ ਹੁੰਦੇ ਮਾਂ ਦੀ ਛਾਂ ਉੱਡ ਗਈ ਤੇ ਆਪਣੀ ਭੈਣ ਕੋਲ਼ ਰਹਿ ਕੇ ਪੜ੍ਹਾਈ ਕੀਤੀ। ਨਵਾਂ ਜ਼ਮਾਨਾ ਵਿਚ ਆਏ ਹੀ ਸੀ ਕਿ ਉਸ ਵੇਲੇ ਸ਼ਹਿਰੀ ਆਜ਼ਾਦੀਆਂ ਦਾ ਘੋਲ਼ ਚੱਲ ਰਿਹਾ ਸੀ ਤਾਂ ਸਾਥੀ ਸੁਹੇਲ ਸਿੰਘ ਨੂੰ ਦੂਜੇ ਸਾਰੇ ਸਟਾਫ ਦੇ ਨਾਲ ਗ੍ਰਿਫ਼ਤਾਰ ਕਰ ਲਿਆ ਗਿਆ। ਜੇਲ੍ਹ ਵਾਪਸੀ ਤੋਂ ਬਾਅਦ ਨਵਾਂ ਜ਼ਮਾਨਾ ਵਿਚ ਆਪਣੇ ਕੰਮ 'ਚ ਰੁੱਝ ਗਿਆ ਤੇ ਆਪਣੀਆਂ ਲਿਖਤਾਂ ਰਾਹੀਂ ਪੱਤਰਕਾਰਤਾ ਦੇ ਦਾਇਰੇ ਵਿਚ ਹਰਮਨ ਪਿਆਰਾ ਹੋ ਗਿਆ। ਸੁਭਾਅ ਦੇ ਪੱਖੋਂ ਮਿੱਠ ਬੋਲੜਾ, ਮਿਲਣਸਾਰ ਤੇ ਵਿਚਾਰ-ਵਟਾਂਦਰੇ ਵਿਚ ਦਲੀਲ ਦੇ ਪੱਖੋਂ ਨਿਪੁੰਨ ਉਹਦੇ ਸੰਪਰਕ ਵਿਚ ਜੋ ਵੀ ਆਇਆ ਉਸ ਉੱਪਰ ਸੁਹੇਲ ਆਪਣਾ ਪ੍ਰਭਾਵ ਪਾ ਦਿੰਦਾ ਸੀ।

ਕਾਮਰੇਡ ਸੁਹੇਲ ਨੇ ਇਸ ਦੌਰਾਨ ਜਿਥੇ ਬੀ.ਏ. ਤੱਕ ਪੜਾਈ ਪ੍ਰਾਈਵੇਟ ਤੌਰ ਤੇ ਪੜ੍ਹ ਕੇ ਕੀਤੀ ਉੱਥੇ ਕਾਮਰੇਡ ਸੁਹੇਲ ਸਿਧਾਂਤਕ ਖੇਤਰ ਵਿਚ ਮਾਰਕਿਸਜ਼ਮ ਦੀ ਤਾਲੀਮ ਵੀ ਕਰਦਾ ਰਿਹਾ ਤੇ ਪਾਰਟੀ ਵਿਚ ਸਿਧਾਂਤਕ ਮੱਤਭੇਦਾਂ ਵੇਲੇ ਆਪਣਾ ਸਿਧਾਂਤਕ ਪੱਖ ਪ੍ਰਭਾਵਸ਼ਾਲੀ ਢੰਗ ਨਾਲ ਪੇਸ਼ ਕਰਦਾ ਸੀ।

1962-63 ਦਾ ਸਮਾਂ ਸਮੁੱਚੀ ਪਾਰਟੀ ਵਿਚ ਵਿਚਾਰਧਾਰਕ ਸੰਘਰਸ਼ਾਂ ਦਾ ਸਮਾਂ ਸੀ। ਪਾਰਟੀ ਵਿਚ ਸੋਧਵਾਦ ਵਿਰੁੱਧ ਸੰਘਰਸ਼ ਚੱਲ ਰਿਹਾ ਸੀ। ਕਾਮਰੇਡ ਸੁਹੇਲ ਨੇ ਉਸ ਵੇਲੇ ਪਾਰਟੀ ਵਿਚ ਭਾਰੂ ਲੀਡਰਸ਼ਿਪ ਦੇ ਖਿਲਾਫ਼ ਸੋਧਵਾਦ ਵਿਰੁੱਧ ਸੰਘਰਸ਼ ਦੀ ਲਾਈਨ ਅਖ਼ਤਿਆਰ ਕੀਤੀ। 1964 ਦੀ ਪਾਰਟੀ ਦੀ ਵੰਡ ਵੇਲੇ ਸੀ.ਪੀ.ਆਈ. (ਐਮ) ਵਿਚ ਸ਼ਮੂਲੀਅਤ ਕਰ ਲਈ ਤੇ ਉਦੋਂ ਤੋਂ ਹੀ ਸੀ.ਪੀ.ਆਈ. (ਐਮ) ਦੇ ਬੁਲਾਰੇ ਲੋਕ ਲਹਿਰ ਦੇ ਸੰਪਾਦਕ ਦੀ ਜ਼ੁੰਮੇਵਾਰੀ ਸੰਭਾਲਨ ਲਈ ਜੋ ਉਨ੍ਹਾਂ ਨੇ ਆਪਣੇ ਆਖ਼ਰੀ ਸੁਆਸਾਂ ਤੱਕ

ਪੂਰੀ ਕੀਤੀ।

'ਕਾਬਲ ਦੇ ਜੰਮਿਆਂ ਨੂੰ ਨਿਤ ਮੁਹਿੰਮਾਂ'

ਸੀ.ਪੀ.ਆਈ. (ਐਮ) ਪਾਰਟੀ ਅਜੇ ਕਾਇਮੀ ਦੇ ਪਹਿਲੇ ਪੜਾਅ 'ਤੇ ਸੀ ਕਿ ਸਰਕਾਰ ਵੱਲੋਂ ਪਾਰਟੀ ਤੇ ਜਬਰ ਦਾ ਵਾਰ ਸ਼ੁਰੂ ਹੋ ਗਿਆ। ਸਮੁੱਚੀ ਪਾਰਟੀ ਦੇ ਦੇਸ਼ ਵਿਚੋਂ 1200 ਦੇ ਕਰੀਬ ਚੋਣਵੇਂ ਚੋਣਵੇਂ ਆਗੂਆਂ ਦੇ ਨਾਲ਼ ਪੰਜਾਬ ਵਿਚੋਂ 60 ਦੇ ਕਰੀਬ ਚੋਣਵੇਂ ਆਗੂ ਗ੍ਰਿਫ਼ਤਾਰ ਕਰ ਲਏ ਗਏ। ਕਾਮਰੇਡ ਸੁਹੇਲ ਇਸ ਸੰਕਟਮਈ ਘੜੀ ਵਿਚ ਅਡੋਲ ਖੜਾ ਰਿਹਾ। ਅਖ਼ਬਾਰ ਚਲਾਉਣ ਲਈ ਮਾਇਕ ਔਕੜਾਂ ਤੇ ਸਰਕਾਰੀ ਜਬਰ ਸਾਥੀ ਸੁਹੇਲ ਦੇ ਸੋਧਵਾਦ ਵਿਰੁੱਧ ਸੰਰਘਸ਼ ਨੂੰ ਠੱਲ੍ਹ ਨਾ ਪਾ ਸਕਿਆ ਤੇ ਦਰਿੜਤਾ ਨਾਲ ਸੰਘਰਸ਼ ਜਾਰੀ ਰੱਖਿਆ। ਇਸੇ ਹੀ ਕਾਰਨ ਕਾਮਰੇਡ ਸੁਹੇਲ ਨੂੰ ਸੂਬਾ ਕਮੇਟੀ ਮੈਂਬਰ ਚੁਣ ਲਿਆ ਤੇ ਉਦੋਂ ਤੋਂ ਲੈ ਕੇ ਅੱਜ ਤਾਈਂ ਸੂਬਾ ਕਮੇਟੀ ਮੈਂਬਰ ਵਜੋਂ ਆਪਣੀ ਜ਼ਿੰਮੇਵਾਰੀ ਨਿਭਾਉਂਦਾ ਰਿਹਾ।

ਸੋਧਵਾਦੀ ਕੁਰਾਹੇ ਵਿਰੁੱਧ ਅਜੇ ਸੰਘਰਸ਼ ਚੱਲ ਰਿਹਾ ਸੀ ਕਿ ਇਕ ਹੋਰ ਕੁਰਾਹਾ ਨਕਸਲਵਾੜੀ ਖੱਬਾ ਕੁਰਾਹ ਆ ਗਿਆ। ਕਾਰਮੇਡ ਸੁਹੇਲ ਨੇ ਆਪਣੇ ਅਖ਼ਬਾਰ ਤੇ ਲਿਖਤਾਂ ਰਾਹੀਂ ਇਸ ਕੁਰਾਹੇ ਵਿਰੁੱਧ ਸੰਘਰਸ਼ ਕੀਤਾ ਤੇ ਨਕਸਲਵਾਦ ਵਿਰੁੱਧ ਆਪਣਾ ਇਕ ਕਿਤਾਬਚਾ ਲਿਖਿਆ।

ਅਪ੍ਰੈਲ 1972 ਵਿਚ ਜਦ ਮੈਨੂੰ ਪਾਰਟੀ ਪ੍ਰੈਸ ਵਿਚ ਲਾਇਆ ਗਿਆ ਤਾਂ ਉਸ ਵੇਲੇ ਕਾਮਰੇਡ ਸੁਹੇਲ ਦੇ ਨਾਲ ਨਜ਼ਦੀਕੀ ਸੰਪਰਕ ਹੋਇਆ। ਮੈਨੂੰ ਪ੍ਰੈਸ ਲਾਈਨ ਬਾਰੇ ਕੋਈ ਤਜਰਬਾ ਨਹੀਂ ਸੀ। ਕਾਮਰੇਡ ਸੁਹੇਲ ਦੇ ਸੁਝਾਵਾਂ ਤੇ ਵੇਲੇ ਸਿਰ ਅਗਵਾਈ ਦੇ ਕੇ ਇਹ ਜ਼ਿੰਮੇਵਾਰੀ ਮੈਂ ਪੂਰੀ ਤਰ੍ਹਾਂ ਨਿਭਾਉਣ ਦੇ ਕਾਬਲ ਹੋ ਗਿਆ।

ਅਜੇ ਮੈਨੂੰ ਪ੍ਰੈਸ ਵਿਚ ਆਏ ਦੋ ਮਹੀਨੇ ਹੋਏ ਸੀ ਕਿ ਇੰਦਰਾ ਸਰਕਾਰ ਵੱਲੋਂ ਦੇਸ਼ ਵਿਚ ਐਮਰਜੈਂਸੀ ਲਾ ਦਿੱਤੀ ਗਈ ਪ੍ਰੈਸ ਸੈਂਸਰਸ਼ਿਪ ਲਾਗੂ ਹੋ ਗਈ। ਲੋਕ ਲਹਿਰ ਰੋਜ਼ਾਨਾ ਸੀ ਪਰ ਸੈਂਸਰਸ਼ਿਪ ਏਨੀ ਸਖ਼ਤ ਸੀ ਕਿ ਕੋਈ ਵੀ ਲੇਖ ਜਾਂ ਖ਼ਬਰ ਜਾਂ ਸੰਪਾਦਕੀ ਪਾਸ ਨਾ ਹੋ ਸਕਿਆ ਤੇ ਅਖ਼ਬਾਰ ਕੁਝ ਕੁ ਇਸ਼ਤਿਹਾਰ ਤੇ ਗ਼ੈਰ ਜ਼ਰੂਰੀ ਖ਼ਬਰਾਂ ਪਾ ਕੇ ਕੋਰਾ ਹੀ ਡਿਸਪੈਚ ਕਰਨਾ ਪਿਆ। ਇਹ ਅਮਲ ਤਿੰਨ ਚਾਰ ਦਿਨ ਚੱਲਿਆ ਫਿਰ ਸੈਂਸਰਸ਼ਿਪ ਵਲੋਂ ਇਹ ਹੁਕਮ ਹੋਇਆ ਕਿ ਅਖ਼ਬਾਰ ਖਾਲੀ ਸਿਰਫ਼ ਸੈਂਸਰਸ਼ਿਪ ਦੀ ਭੇਂਟ ਲਿਖ ਕੇ ਵੀ ਨਹੀਂ ਕੱਢਿਆ ਜਾ ਸਕਦਾ ਤਾਂ ਉਸ ਵੇਲੇ ਅਖ਼ਬਾਰ ਲੋਕ ਲਹਿਰ ਨੂੰ ਹਫ਼ਤਾਵਾਰੀ ਕਰਨਾ ਪਿਆ।

ਸਿਰਫ਼ ਕਾਮਰੇਡ ਸੁਹੇਲ ਹੀ ਇਕੱਲੇ ਤੌਰ 'ਤੇ ਸੰਪਾਦਕ ਵਜੋਂ ਰਹਿ ਗਏ ਬਾਕੀ ਸਟਾਫ਼ ਨੂੰ ਵਾਪਿਸ ਜ਼ਿਲ੍ਹਿਆਂ ਵਿਚ ਭੇਜ ਦਿੱਤਾ ਗਿਆ। ਕਾਮਰੇਡ ਸੁਹੇਲ ਨਿਡਰਤਾ ਨਾਲ ਪਾਰਟੀ ਲਾਈਨ 'ਤੇ ਪਹਿਰਾ ਦਿੰਦਾ ਰਿਹਾ। ਸੈਂਸਰਸ਼ਿਪ ਨੇ ਬਾਹਰਲੇ ਦੇਸ਼ਾਂ ਦੇ ਵਾਕਿਆਤ ਸਬੰਧੀ ਉੱਥੋਂ ਦੇ ਸਰਕਾਰੀ ਜਬਰ ਨੂੰ ਅਖ਼ਬਾਰ ਵਿਚ ਨਹੀਂ ਛਪਣ ਦਿੱਤਾ ਜਾਂਦਾ ਪਰ ਕਾਮਰੇਡ ਸੁਹੇਲ ਨੇ ਈੜੀ ਐੜਾ ਜੱਜਾ ਆਦਿ ਅੱਖਰਾਂ ਨੂੰ ਹੋਰ ਹੀ ਬੁਝਾਰਤਾਂ ਨਾਲ ਜੋੜ ਕੇ ਐਮਰਜੈਂਸੀ ਤੇ ਸਰਕਾਰੀ ਜਬਰ ਵਿਰੁੱਧ ਲਿਖਣ ਦਾ ਢੰਗ ਅਪਣਾ ਲਿਆ। 1975 ਤੋਂ 1977 ਦੇ ਹਫ਼ਤਾਵਾਰੀ ਅਖ਼ਬਾਰ ਦੇ ਪੰਨਿਆਂ ਵਿਚ ਗੋਭੀ ਦਾ ਕੀੜਾ ਆਦਿ ਲੇਖਾਂ ਵਿਚ ਸਿਰਫ਼ ਦੋ ਪੈਰੇ ਗੋਭੀ ਦੀ ਫ਼ਸਲ ਬਾਰੇ ਲਿਖ ਕੇ ਬਾਅਦ ਵਿਚ



ਐਮਰਜੈਂਸੀ ਤੇ ਸਰਕਾਰੀ ਜਬਰ ਵਿਰੁੱਧ ਮਜਮੂਨ ਦਰਜ ਕੀਤਾ। ਇਹ ਢੰਗ ਸਾਥੀ ਦੇ ਦਿਮਾਗ਼ ਦੀ ਕਾਢ ਸੀ।

ਐਮਰਜੈਂਸੀ ਹਟੀ ਦੇਸ਼ ਦਾ ਸਿਆਸੀ ਵਾਤਾਵਰਨ ਬਦਲਿਆ, ਇਨ੍ਹਾਂ ਘਟਨਾਵਾਂ ਬਾਰੇ ਲਿਖਣ ਲੱਗਿਆ ਆਪਣੀ ਜਮਾਤੀ ਪਹੁੰਚ ਨਹੀਂ ਛੱਡੀ ਤੇ ਹਰ ਕਿਸਮ ਦੇ ਗ਼ੈਰ ਜਮਾਤੀ ਰੁਝਾਨਾਂ ਵਿਰੁੱਧ ਸੰਘਰਸ਼ ਦ੍ਰਿੜਤਾ ਨਾਲ ਜਾਰੀ ਰੱਖਿਆ।

ਪੰਜਾਬ ਦੀ ਅਜੋਕੀ ਅਵਸਥਾ ਵਿਚ ਕਾਮਰੇਡ ਸੁਹੇਲ ਨੇ ਆਪਣੀ ਕਲਮ ਨੂੰ ਬੜੀ ਦ੍ਰਿੜਤਾ ਨਾਲ ਵੰਡਵਾਦੀ, ਵੱਖਵਾਦੀ ਤੇ ਫੁੱਟ ਪਾਊ ਤਾਕਤਾਂ ਤੇ ਜਾਬਰ ਤੇ ਗ਼ੈਰ ਮਨੁੱਖੀ ਕਾਰਿਆ ਨੂੰ ਨੰਗਾ ਕਰਨ ਲਈ ਵਰਤਿਆ ਤੇ ਕੋਈ ਵੀ ਦਿਨ ਖ਼ਾਲੀ ਨਹੀਂ ਗਿਆ ਜਿਸ ਦਿਨ ਇਸ ਬਾਰੇ ਆਪਣਾ ਲੇਖ ਜਾਂ ਸੰਪਾਦਕੀ ਨਾ ਲਿਖਿਆ ਹੋਵੇ ਆਪਣੇ ਲੇਖਾਂ ਵਿਚ ਆਉਣ ਵਾਲੇ ਦਿਨਾਂ ਵਿਚ ਦੂਰਦਰਸ਼ਤਾ ਦੀ ਸਪੱਸ਼ਟ ਝਲਕ ਦਿਖਾਈ ਦੇਂਦੀ ਸੀ। ਮਜ਼ਲੂਮਾਂ ਤੇ ਮਾਸੂਮਾਂ ਦੇ ਕਤਲਾਂ ਵਿਰੁੱਧ ਉਸ ਦੀ ਕਲਮ ਇਕ ਲਲਕਾਰ ਸੀ। ਉਨ੍ਹਾਂ ਦਹਿਸ਼ਤਗਰਦ ਸ਼ਕਤੀਆਂ ਵਿਰੁੱਧ ਜੂਝਣ ਲਈ ਇਸੇ ਕਰਕੇ ਕ਼ਾਮਰੇਡ ਸੁਹੇਲ ਉਨ੍ਹਾਂ ਦੀ ਹਿੱਟ ਲਿਸਟ ਤੇ ਸੀ। ਦਹਿਸ਼ਤਪਸੰਦਾਂ ਤੇ ਇਨ੍ਹਾਂ ਕਾਲ਼ੀਆਂ ਸ਼ਕਤੀਆਂ ਵਿਰੁੱਧ ਜਦੋਂ ਇਕ ਆਦੇਸ਼ ਸਾਰੇ ਅਖ਼ਬਾਰਾਂ ਨੂੰ ਇਕ 'ਕੋਡ' ਜਾਰੀ ਕੀਤਾ ਕਿ ਦਹਿਸ਼ਤਗਰਦ, ਸਾਮਰਾਜੀ ਏਜੰਟਾਂ ਦੀ ਥਾਂ ਦੇਸ਼ ਭਗਤਕ ਖਾੜਕੂ ਆਦਿ ਲਫਜ਼ ਵਰਤਿਆ ਜਾਵੇ।

ਸਾਰੇ ਅਖ਼ਬਾਰਾਂ ਤੇ ਮੀਡੀਆ ਇਨ੍ਹਾਂ ਦੇ ਇਸ ਕੋਡ ਦੇ ਸਾਹਮਣੇ ਝੁਕ ਗਿਆ ਪਰ ਲੋਕ ਲਹਿਰ ਦੇ ਪੰਨਿਆਂ ਦੀ ਸਿਆਹੀ ਇਹਦੀ ਸ਼ਾਹਦੀ ਭਰਦੀ ਹੈ ਕਿ ਸੀ.ਪੀ.ਆਈ. (ਐਮ) ਦੇ ਬੁਲਾਰੇ ਲੋਕ ਲਹਿਰ ਦੀ ਕਲਮ ਦੀ ਨੋਕ ਖੁੰਢੀ ਨਹੀਂ ਹੋਈ ਬਲਕਿ ਹੋਰ ਤਿੱਖੀ ਹੋਈ। ਕਾਰਮੇਡ ਸੁਹੇਲ ਦੀ ਨਿਮਰਤਾ ਦ੍ਰਿੜਤਾ ਤੇ ਉਹਦੀ ਕਲਮ ਦੇ ਲਿਖੇ ਤਿੱਖੇ ਵਾਰਾਂ ਨੇ ਲੋਕ ਲਹਿਰ ਤੇ ਪਾਰਟੀ ਦੇ ਵਕਾਰ ਨੂੰ ਸਰਬ ਉੱਚਾ ਕੀਤਾ ਹੈ।

ਕਾਮਰੇਡ ਸੁਹੇਲ ਨੂੰ ਕਦੇ ਜਲੰਧਰ ਰੇਡੀਓ ਸਟੇਸ਼ਨ ਤੇ ਦੂਰਦਰਸ਼ਨ ਤੋਂ ਬਹੁਤ ਵਾਰੀ ਬੋਲਣ ਦਾ ਮੌਕਾ ਮਿਲ਼ਦਾ ਸੀ। ਕਾਮਰੇਡ ਸੁਹੇਲ ਥੋੜ੍ਹੇ ਮਿੱਥੇ ਸਮੇਂ ਵਿਚ ਪਾਰਟੀ ਲਾਈਨ ਤੇ ਲੋਕਾਂ ਦਾ ਮਨ ਦੀ ਧੜਕਨ ਦੱਸਣ ਦਾ ਗੁਣ ਪ੍ਰਭਾਵਸ਼ਾਲੀ ਸੀ।

ਕਾਮਰੇਡ ਸੁਹੇਲ ਦੇ ਬਾਰੇ ਲਿਖਣ ਲੱਗਿਆ ਸਫ਼ਿਆਂ ਦੇ ਸਫ਼ੇ ਭਰੇ ਜਾ ਸਕਦੇ ਹਨ 'ਅੱਖਰ ਮੁੱਕ ਜਾਣਗੇ, ਕਿਸੇ ਪੱਖ ਵਲੋਂ ਲਿਖਿਆ ਜਾਵੇ ਓਨਾ ਹੀ ਥੋੜ੍ਹਾ ਹੈ' ਸੰਕਟਾਂ ਵਿਰੁੱਧ ਲੜਨਾ ਉਹਦਾ ਇਕ ਉਦੇਸ਼ ਸੀ।

ਕਾਮਰੇਡ ਸੁਹੇਲ ਨੇ ਪਾਰਟੀ ਤੇ ਲੋਕ ਲਹਿਰ ਨੂੰ ਪੰਜਾਬ ਦੇ ਮਜ਼ਦੂਰਾਂ, ਕਿਸਾਨਾਂ, ਬੁੱਧੀਜੀਵੀਆਂ, ਪੱਤਰਕਾਰਾਂ ਤੇ ਹਰ ਵਰਗ ਦੇ ਲੋਕਾਂ ਵਿਚ ਜੋ ਸਨਮਾਨ ਦਿੱਤਾ ਹੈ ਪਾਰਟੀ ਦੇ ਉਹਦੇ ਹਿਤੈਸ਼ੀ ਉਹਨੂੰ ਸਦਾ ਲਈ ਯਾਦ ਰੱਖਣਗੇ। ਜੋ ਖਲਾਅ ਹੋਇਆ ਹੋਈ ਹੈ ਪੂਰਨਾ ਮੁਸ਼ਕਿਲ ਹੈ।

ਸਾਥੀ ਸੁਹੇਲ ਦੇ ਕਮਿਊਨਿਸਟ ਆਦਰਸ਼ ਲਈ ਸੰਘਰਸ਼ਮਈ ਜੀਵਨ ਤੇ ਚੱਲ ਕੇ ਅਸੀਂ ਇਸ ਪਾੜੇ ਨੂੰ ਪੂਰਾ ਕਰ ਸਕਦੇ ਹਾਂ। ਪ੍ਰਣ ਲੈਂਦੇ ਹਾਂ ਕਿ ਕਾਮਰੇਡ ਸੁਹੇਲ ਦੇ ਕਾਜ਼ ਨੂੰ ਪੂਰਾ ਕਰਨ ਲਈ ਆਪਣਾ ਜੀਵਨ ਲਾ ਦੇਈਏ ਤੇ ਸੰਘਰਸ਼ ਜਾਰੀ ਰੱਖੀਏ।

ਕਾਮਰੇਡ ਸੁਹੇਲ ਨੂੰ ਇਹ ਹੀ ਸੱਚੀ ਸ਼ਰਧਾਂਜਲੀ ਹੋਵੇਗੀ।

# ...ਅਜੇ ਪੱਥਰ ਤਾਂ ਨਹੀਂ ਹੋਏ

-ਸ਼ਬਦੀਸ਼

ਉਹ ਮੇਰਾ ਹਾਣੀ ਹੈ। ਮੇਰੇ ਸ਼ਬਦਾਂ ਦੇ ਓਹਲੇ ਝਾਕ ਸਕਦਾ ਹੈ, ਮੇਰੀਆਂ ਅੱਖਾਂ ਦੀ ਇਬਾਰਤ ਪੜ੍ਹ ਸਕਦਾ ਹੈ। ਉਹਦੀ ਆਪਣੀ ਹੀ ਸ਼ੈਲੀ ਹੈ, ਜੋ ਮੈਨੂੰ ਚੰਗੀ ਲੱਗਦੀ ਏ, ਸਮਝ ਆਉਂਦੀ ਹੈ। ਇੱਕ ਦਿਨ ਕਹਿਣ ਲੱਗਾ, "ਜਦੋਂ ਰੰਗਾਂ ਦੀ ਵਰਖਾ ਹੋ ਰਹੀ ਹੋਵੇ, ਅੱਥਰੇ ਚਾਅ ਬਾਜ਼ਾਰੀਂ ਘੁੰਮਦੇ ਹੋਵਣ, ਤਾਂ ਮਹਿਕ-ਵਿਹੂਣੇ ਹੋਣ ਦਾ ਕੀ ਅਰਥ ਹੁੰਦਾ ਏ?"

"ਸੁਹੇਲ ਦਾ ਅ਼ਲਵਿਦਾ ਹੋਣਾ।" ਮੈਂ ਆਖਦਾ ਹਾਂ।

"ਉਸ ਦੀ ਯਾਦ ਨਹੀਂ ਆਉਂਦੀ?"

"ਕੀ...?"

"ਸੌਰੀ ਯਾਰ, ਗਲਤ ਸਵਾਲ ਕੀਤਾ ਏ ਮੈਂ।" ਉਦਾਸ ਮੁਸਕਾਨ ਉਹਦੇ ਬੁੱਲ੍ਹਾਂ 'ਤੇ ਫੈਲਦੀ ਏ।

"ਉਦਾਸ ਨਾ ਹੋ" ਮੈਂ ਆਖਦਾ ਹਾਂ, "ਤੂੰ ਅਸਲੋਂ ਹੀ ਗ਼ਲਤ ਨਹੀਂ, ਇੱਕ ਵਾਰ 'ਅਸੀਂ' ਭੁੱਲ ਵੀ ਗਏ ਸਾਂ, ਫੇ ਸਾਨੂੰ ਕੋਈ ਚੇਤੇ ਕਰਵਾ ਗਿਆ ਸੀ।"

"ਇਸ ਵਾਰ ਤਾਂ ਯਾਦ ਏ ਨਾ?"

ਮੈਂ ਹੇਠਾਂ-ਉੱਤੇ ਸਿਰ ਹਿਲਾਉਂਦਾ ਹਾਂ।

"ਲਿਖ ਰਿਹਾਂ ਕੁਝ?"

"ਨਹੀਂ।"

"ਨਹੀਂ?... ਅੱਛਾ ਸਮਝ ਗਿਆਂ।"

"ਨਹੀਂ, ਉਹ ਗੱਲ ਨਹੀਂ... ਦੁਨੀਆਂ ਬਦਲ ਰਹੀ ਏ।"

"ਤੂੰ ਵੀ?"

"ਤੂੰ।"

"ਤੇ ਉਹ?"

"ਉਹੀ ਤਾਂ ਦੁਨੀਆਂ ਏ।"

"ਕਮਾਲ ਏ।"

ਤੇ ਉਹ ਮੁਸਕਰਾਉਂਦਾ ਏ। ਉਹ ਅਚੇਤ ਹੀ 'ਕਮਾਲ ਏ' ਸ਼ਬਦਾਂ ਨੂੰ ਆਪਣੀ ਫ਼ਰਜ਼ਾਨਾ ਦੇ ਅੰਦਾਜ਼ 'ਚ ਬੋਲ ਗਿਆ ਸੀ।

"ਫੇ ਲਿਖਦਾ ਕਿਉਂ ਨਹੀਂ?" ਉਹ ਆਖਦਾ ਏ।

ਮੈਂ ਚੁੱਪ ਰਹਿੰਦਾ ਹਾਂ।

"ਚੰਗਾ, ਚੱਲਦਾਂ ਫੇ..."

ਉਹ ਤੁਰ ਪੈਂਦਾ ਹੈ। ਰੰਜਸ਼ ਭਰੇ ਕਦਮ ਭਰਦਾ ਏ।

ਮੈਂ ਪਿੱਛੋਂ ਆਵਾਜ਼ ਮਾਰਦਾ ਹਾਂ।

ਉਹ ਮੁੜ ਆਉਂਦਾ ਹੈ।



"ਤੂੰ ਕਿਉਂ ਨਹੀਂ ਲਿਖ ਲੈਂਦਾ?"

"ਮੈਂ...?" ਤੇ ਉਹ ਹਾਉਕਾ ਭਰਕੇ ਆਖਦਾ ਹੈ- "ਮੇਰੇ ਜ਼ਿਹਨ 'ਚ ਉਸ ਬਾਰੇ ਜਿੰਨਾ ਕੁਝ ਹੈ, ਉਹ ਸਾਰਾ ਕਹਿਣਾ ਸੰਭਵ ਨਹੀਂ, ਸ਼ਾਇਦ ਠੀਕ ਵੀ ਨਹੀਂ ਸਾਡੇ ਲਈ... ਤੇ ਅਧੂਰੀ ਗੱਲ ਕਰਕੇ ਮਨ 'ਤੇ ਭਾਰ ਵਧਣਾ ਏ।"

ਮੈਂ ਚੁੱਪ ਰਹਿੰਦਾ ਹਾਂ।

ਉਹ ਬੋਲ ਰਿਹਾ ਹੈ-"ਉਹ ਸੋਚ ਰਿਹਾ ਏ, ਉਹਦੇ ਹੱਥ ਪੈੱਨ ਏ ਤੇ ਠੋਡੀ ਦੇ ਖੱਬੇ ਹੱਥ ਕਰੜ-ਬਰੜੀ ਦਾਹੜੀ ਖੁਰਕਦਾ ਏ।'

"....."

"ਗਰਮਾ-ਗਰਮ ਬਹਿਸ ਹੋ ਰਹੀ ਏ, ਪਰ ਉਸਦੇ ਬੁੱਲ੍ਹਾਂ 'ਤੇ ਬਸ ਮੁਸਕਾਨ ਏ... ਉਹਦੀ ਮੁਸਕਾਨ ਵਿੱਚ ਸ਼ਰਾਰਤ ਘੁਲ਼ਦੀ ਏ, ਉਹ ਬੋਲਦਾ ਏ, ਬਹਿਸ ਹਵਾ ਹੋ ਜਾਂਦੀ ਏ... ਸ਼ਾਂਤੀ ਹੋ ਗਈ ਏ।"

"....."

"ਐਮਰਜੈਂਸੀ ਦਾ ਕਾਲ਼ਾ ਦੌਰ ਹੈ, ਸੈਂਸਰ ਦੀ ਕੈਂਚੀ ਬੜੀ ਹੀ ਤੇਜ਼ ਹੈ। ਉਹ ਸੋਚਦਾ ਏ, ਉਸ ਨੂੰ ਕੁਝ ਸੁਝਦਾ ਏ, ਲਿਖਦਾ ਏ-'ਫਲਾਣੇ ਕਮਿਊਨਿਸਟ ਦੇ ਸਾਰੇ ਪ੍ਰੋਗਰਾਮ ਰੱਦ'... ਸੂਝਵਾਨ ਪਾਠਕ, ਪਾਰਟੀ ਸਾਥੀ 'ਪ੍ਰੋਗਰਾਮ ਰੱਦ' ਸ਼ਬਦ ਨੂੰ 'ਗ੍ਰਿਫ਼ਤਾਰੀ' ਵਜੋਂ ਪੜ੍ਹ ਲੈਂਦੇ ਹਨ, ਸੁਚੇਤ ਹੋ ਜਾਂਦੇ ਹਨ, ਸੈਂਸਰ ਵਾਲੇ ਸੁੱਤੇ ਪਏ ਹਨ।"

"......"

'ਸ਼ਿਕੰਜਾ ਕੱਸਿਆ' ਜਾਂਦਾ ਏ, ਰੋਜ਼ਾਨਾ 'ਲੋਕ ਲਹਿਰ' ਸਪਤਾਹਿਕ ਹੋ ਗਿਐ, ਸ਼ਾਇਦ ਇਹਨੀਂ ਦਿਨੀਂ ਸੁਹੇਲ ਲਿਖਦਾ ਏ... 'ਹਨੇਰੀ ਆਉਂਦੀ ਹੈ, ਘੱਟਾ-ਮਿੱਟੀ ਉਡਾਉਂਦੀ ਹੈ। ਬੂਹੇ-ਬਾਰੀਆਂ ਬੰਦ ਕਰਨੇ ਪੈਂਦੇ ਹਨ, ਪਰ ਨਿਰਾਸ਼ ਹੋਣ ਦੀ ਲੋੜ ਨਹੀਂ, ਹਨੇਰੀ ਤੋਂ ਬਾਅਦ ਛਿੱਟੇ ਵੀ ਪੈਂਦੇ ਹਨ ਤੇ ਆਸਮਾਨ ਸਾਫ਼ ਹੋ ਜਾਂਦਾ ਹੈ।'... ਭਵਿੱਖਬਾਣੀ ਸੱਚੀ ਹੁੰਦੀ ਹੈ, 'ਹਨੇਰੀ' ਦੇ ਖਿਲਾਫ਼ ਝੱਖੜ ਝੁੱਲਣ ਦਾ ਮੌਸਮ ਆਉਂਦਾ ਹੈ, ਪਰ ਛੇਤੀ ਹੀ ਲੰਘ ਜਾਂਦਾ ਹੈ, 'ਹਨੇਰੀ' ਪਰਤ ਆਉਂਦੀ ਏ।"

"......"

"... ਤੇ ਤਾਜ ਦੀ ਮੱਧਮ ਪੈਂਦੀ ਚਮਕ 'ਚੋਂ ਹਨੇਰਾ ਜੰਮਦਾ ਏ। ਪੰਜਾਬ ਦੇ ਅੰਬਰ 'ਤੇ ਕਾਲੀ ਰਾਤ ਲਹਿੰਦੀ ਹੈ, ਹਨੇਰਾ ਪਸਰਨ ਲੱਗਦਾ ਏ ਤੇ 'ਲਹੂ ਦੇ ਚੁਬੱਚੇ' ਭਰਨ ਮਗਰੋਂ ਰਾਤ ਬਹੁਤ ਗੂੜ੍ਹੀ ਹੋ ਜਾਂਦੀ ਏ। ਹਨੇਰਾ ਸੂਹੀ ਲੋਅ ਨੂੰ ਖਾਣ ਲੱਗਦਾ ਹੈ ਤੇ ਉਹ ਸ਼ਬਦਾਂ ਦੇ ਹਥਿਆਰਾਂ ਨੂੰ ਆਏ ਦਿਨ ਸਾਣ ਉੱਤੇ ਚਾੜ੍ਹੀ ਰੱਖਦਾ ਹੈ। ਪਰ ਲੋਅ ਦਾ ਲਹੂ ਹੁੰਦਾ ਹੀ ਜਾ ਰਿਹੈ।

"......"

"ਫੋਨ ਦੀ ਘੰਟੀ ਵਜਦੀ ਏ, ਉਸ ਫੋਨ ਉਠਾਇਆ ਏ-

"ਹਾਂ ਜੀ।" ਉਸ ਆਪਣੇ ਖ਼ਾਸ ਅੰਦਾਜ਼ 'ਚ ਕਿਹਾ ਹੈ।

'ਦੀਪਕ ਧਵਨ ਵੀ ਸ਼ਹੀਦ ਹੋ ਗਿਐ।' ਉਹਦੇ ਕੰਨੀ ਆਵਾਜ਼ ਪਈ ਏ।

"ਕਿੱਥੇ? ਕਿਵੇਂ?" ਤੇ ਉਸ ਨੇ ਸਾਰਾ ਵੇਰਵਾ ਨੋਟ ਕੀਤਾ ਏ।

ਉਸ ਮੈਨੂੰ ਸਮਝਾਇਆ ਏ।

ਮੈਂ ਖ਼ਬਰ ਬਣਾ ਰਿਹਾ ਹਾਂ।

ਉਹ ਦੀਪਕ ਬਾਰੇ ਲਿਖ ਰਹੇ ਹਨ।

ਫੋਨ ਦੀ ਘੰਟੀ ਫੇਰ ਵੱਜਦੀ ਹੈ।

"ਖ਼ਬਰ ਗਲਤ ਏ।" ਮੇਰੇ ਕੰਨੀਂ ਆਵਾਜ਼ ਪੈਂਦੀ ਏ। ਉਨ੍ਹਾਂ ਨੂੰ ਦੱਸਦਾ ਹਾਂ। ਉਹ ਕਾਗਜ਼ ਸਮੇਟਦੇ ਸਾਨੂੰ ਸਭ ਨੂੰ ਕਹਿ ਰਹੇ ਨੇ- "ਮੈਂ ਕਾਗ਼ਜ਼ ਸਾਂਭ ਰਿਹਾਂ, ਜਿੱਦਣ ਦੀਪਕ ਆਇਆ ਉਹਨੂੰ ਵਿਖਾਵਾਂਗੇ।"

ਕਾਗ਼ਜ਼ ਅਜੇ ਸਾਂਭੇ ਨਹੀਂ। ਘੰਟੀ ਫੇਰ ਵੱਜਦੀ ਏ।

... ਤੇ ਉਹ ਉਨ੍ਹਾਂ ਕਾਗਜ਼ਾਂ ਉੱਤੇ ਹੀ ਲਿਖਣ ਲੱਗਦੇ ਹਨ।"

"......"

"ਉਹ ਡੁੱਬਦੇ ਸੂਰਜ ਨੂੰ ਵੇਖ ਰਹੇ ਹਨ, ਹਵਾ-ਪਿਆਜ਼ੀ ਹੋਣ ਦਾ ਮੂਡ ਬਣ ਰਿਹੈ।"

"......."

"ਦੱਸ, ਕਿਸ ਰੂਪ ਬਾਰੇ ਲਿਖਾਂ? ਉਹਦਾ ਹਰ ਰੂਪ-ਪੂਰੇ ਦਾ ਪੂਰਾ-ਮੇਰੇ ਅੰਦਰ ਮਚਲਦਾ ਏ।"

"......."

"ਊਂ ਮੈਂ ਵੀ ਲਿਖ ਸਕਦਾਂ- ਉਹ ਪੇਸ਼ਾਵਰ ਇਨਕਲਾਬੀ ਸੀ, ਪ੍ਰਤੀਬੱਧ ਪੱਤਰਕਾਰ ਸੀ, ਪਰ ਪ੍ਰਤੀਬੱਧਤਾ ਉਹਦੇ ਲਈ ਕੈਦ ਨਹੀਂ ਸੀ। ਉਹ ਦੀਵਾਰਾਂ 'ਚ ਨਹੀਂ, ਦਾਇਰੇ 'ਚ ਵਿਚਰਦਾ ਸੀ ਤੇ ਉਹਦਾ ਦਾਇਰਾ ਬੜਾ ਵਸੀਹ ਸੀ, ਅਸੀਮ ਸੀ... ਉਸ ਦੁਆਲੇ ਦੀਵਾਰਾਂ ਵੀ ਉਸਰਦੀਆਂ ਸਨ, ਉਹ ਚਾਹੁੰਦਾ ਤਾਂ ਨਹੀਂ ਸੀ, ਪਰ ਢਹਿ ਜਾਂਦੀਆਂ ਸਨ ਤੇ ਦੀਵਾਰਾਂ ਵਾਲੇ... ਛੱਡ ਯਾਰ, ਕੁਝ ਵੀ ਲਿਖ ਲਵਾਂ, ਮੇਰੇ ਸ਼ਬਦ-ਜ਼ਿੰਦਗੀ ਦੇ ਉਸ ਆਸ਼ਕ ਦੇ ਹਾਣੀ ਨਹੀਂ ਹੋਣੇ।"

"ਤੇ ਫਿਰ ਮੇਰੇ ਸ਼ਬਦ...?"

"ਠੀਕ ਕਹਿ ਰਿਹੈਂ, ਸ਼ਾਇਦ ਉਹ ਵੀ ਨਹੀਂ।"

"......."

"ਹਾਂ ਸੱਚ!.... ਓਦਣ 8 ਮਾਰਚ ਸੀ... ਕਿਉਂ ਨਾ ਉਸ ਦੀਆਂ ਇਸਤਰੀ ਜਾਤੀ ਪ੍ਰਤੀ ਸੰਵੇਦਨਾਵਾਂ 'ਤੇ ਹੀ ਗੱਲ ਕਰੀਏ... ਠੀਕ ਏ ਨਾ?"

"ਜਿਵੇਂ ਤੂੰ ਕੀਤੀ ਸੀ?"

"ਮੈਂ....?"

"ਪਾਗਲ !.... ਤੇਰਾ ਫ਼ਰਜ਼ਾਨਾ ਨੂੰ ਲਿਖਿਆ ਖ਼ਤ ਹੋਰ ਕੀ ਸੀ?"

"ਅੱਛਾ" ਉਹ ਹਾਉਕਾ ਭਰਕੇ ਆਖਦਾ ਹੈ" ਉਹ ਤਾਂ ਜਾਤੀ ਖ਼ਤ ਸੀ।"

"ਕੀ ਨਿਰਾ ਜਾਤੀ ਖ਼ਤ ਹੀ ਸੀ ਉਹ?"

"ਸ਼ਾਇਦ ਪੂਰੀ ਤਰ੍ਹਾਂ ਨਹੀਂ।"

"ਮੈਂ ਮੁੜ ਪੜ੍ਹਨਾ ਚਾਹੁੰਨਾ।"

"ਠੀਕ ਏ, ਘਰ ਚੱਲਦੇ ਆਂ।"



ਅਸੀਂ ਘਰ ਚਲੇ ਜਾਂਦੇ ਹਾਂ।

ਉਹ ਝੱਟ ਦੇਣੀ ਖ਼ਤ ਲੈ ਆਉਂਦਾ ਹੈ।

ਮੈਂ ਪੜ੍ਹਨ ਲੱਗਦਾ ਹਾਂ।

ਸੁਹੇਲ ਸ਼ਬਦਾਂ 'ਚੋਂ ਸਿਰ ਉਠਾਉਂਦਾ ਹੈ,

-ਉਹ ਸੰਘਣਾ ਬਿਰਖ਼ ਲੱਗਦਾ ਹੈ।

-ਹਿਮਾਲਾ ਦੀ ਚੋਟੀ ਤੋਂ ਪਿਘਲ਼ਦੀ ਬਰਫ਼ ਹੈ।

-ਚਾਨਣ ਦਾ ਭਰ ਵਗਦਾ ਦਰਿਆ ਹੈ।

... ਤੇ ਜਿਹਨਾਂ ਸ਼ਬਦਾਂ ਤੋਂ ਅਗਾਹ ਤੁਰ ਨਹੀਂ ਹੁੰਦਾ, ਉਹ ਹਨ-'ਉਹ ਸਾਡਾ ਸ਼ੀਸ਼ਾ ਹੈ।'

ਮੈਂ ਸ਼ੀਸ਼ੇ 'ਚ ਝਾਕਦਾ ਹਾਂ, ਡਰ ਜਾਂਦਾ ਹਾਂ।

ਉਹ ਸ਼ੀਸ਼ੇ 'ਚ ਝਾਕਦਾ ਹੈ, ਡਰ ਜਾਂਦਾ ਹੈ।

ਸ਼ੀਸ਼ਾ ਸਾਹਵੇਂ ਪਿਆ ਹੈ, ਜਿਵੇਂ ਕਹਿ ਰਿਹਾ ਹੋਵੇ,

"ਡਰੋ ਨਾ, ਤੁਸੀਂ ਅਜੇ ਪੱਥਰ ਤਾਂ ਨਹੀਂ ਹੋਏ।"

* * *

## ਇੱਕ ਖ਼ੁਸ਼ਬੂ ਦਾ ਨਾਂ ਸੁਹੇਲ

-ਹਲੀਮ-ਉਲ-ਹਲੀਮ

ਕਾਮਰੇਡ ਸੁਹੇਲ ਬਤੌਰ ਕਮਿਊਨਿਸਟ ਅਤੇ ਬਤੌਰ ਇੱਕ ਪੱਤਰਕਾਰ ਦੇ ਇਕ ਪ੍ਰੇਰਣਾ ਭਰਪੂਰ ਮਿਸਾਲੀ ਕਿਰਦਾਰ ਨਿਭਾਅ ਕੇ ਹੋਲੀਆਂ ਦੇ ਰੰਗਾਂ ਵਿਚ ਗੁਆਚ ਗਿਆ ਸੀ। ਜ਼ਿਹਨ ਵਿੱਚ ਸੁਹੇਲ ਦੀਆਂ ਯਾਦਾਂ ਦੀ ਇਕ ਸਥਾਈ ਬਸਤੀ ਆਬਾਦ ਹੈ। ਕਦੇ-ਕਦੇ ਜਦੋਂ ਵੀ ਸੰਕਟਾਂ ਤੇ ਔਕੜਾਂ ਦਾ ਸਾਹਮਣਾ ਕਰਦਿਆਂ ਹਨੇਰੇ ਤੇ ਚਾਨਣ ਵਿਚਕਾਰ ਨਿਰੰਤਰ ਯੁੱਧ ਵਿੱਚ ਰਹਿੰਦਿਆਂ ਅਸੰਤੁਲਨ ਦਾ ਅਨੁਭਵ ਹੁੰਦਾ ਹੈ, ਤਾਂ ਸੁਹੇਲ ਦੀ 'ਬਸਤੀ' ਦਾ ਚੱਕਰ ਉਸ ਸਮੇਂ ਦੇ ਮੌਕੇ ਦੇ ਹੱਜ ਵਾਂਗ ਸੰਤੁਲਨ ਦਾ ਤਾਲ ਪੈਦਾ ਕਰ ਦਿੰਦਾ ਹੈ।

ਮਹਾਨ ਉਦੇਸ਼ਾਂ ਵੱਲ ਸੇਧਤ ਮਨੁੱਖੀ ਸਮਾਜ ਦੀਆਂ ਘਾਲਣਾਵਾਂ ਵਿੱਚ ਸਿਰੜ ਅਤੇ ਯਤਨਾਂ ਦੀ ਨਿਰੰਤਰਤਾ ਨੇ ਇੱਕ ਵੱਡੀ ਭੂਮਿਕਾ ਨਿਭਾਈ ਹੈ। ਇਸ ਪ੍ਰਸੰਗ ਵਿੱਚ ਇਹ ਗੱਲ ਕਹਿਣ ਦਾ ਅਰਥ ਇਹ ਨਹੀਂ ਕਿ ਇਨ੍ਹਾਂ ਘਾਲਣਾਵਾਂ ਵਿੱਚ ਦਿੱਤੀਆਂ ਗਈਆਂ ਕੁਰਬਾਨੀਆਂ ਤੇ ਬਲੀਆਂ, ਫਾਂਸੀਆਂ ਤੇ ਸ਼ਹੀਦੀਆਂ ਦੀ ਭੂਮਿਕਾ ਗੌਣ ਹੈ। ਅਜਿਹੀ ਗੱਲ ਨਹੀਂ ਹੈ, ਪਰ ਯਤਨਾਂ ਤੇ ਸਿਰੜ ਦੀ ਨਿਰੰਤਤਰਤਾ ਦੀਆਂ ਅਜਿਹੀਆਂ ਵੰਨਗੀਆਂ ਆਪਣੇ-ਆਪਣੇ ਥਾਂ ਇਤਿਹਾਸ ਅੰਦਰ ਸ਼ਾਨਦਾਰ ਭੂਮਿਕਾ ਦੇ ਪੱਖੋਂ ਅਹਿਮ ਹਨ, ਇਸ ਬਾਰੇ ਕਿੰਤੂ ਨਹੀਂ ਕੀਤਾ ਜਾ ਸਕਦਾ।

ਸੁਹੇਲ ਵੀ ਇੱਕ ਅਜਿਹੀ ਹੀ ਵੰਨਗੀ ਸੀ। ਉਹ ਭਰ ਜੁਆਨੀ ਵਿਚ ਕਮਿਊਨਿਸਟ ਲਹਿਰ ਦੇ ਸੁਪਨੇ ਸਾਕਾਰ ਕਰਨ ਵ਼ਾਲ਼ੇ ਦਸਤਿਆਂ ਵਿਚ ਸਿਪਾਹੀ ਵਜੋਂ ਭਰਤੀ ਹੋਣ ਤੋਂ

ਲੈ ਕੇ ਆਗੂ ਦੇ ਰੂਪ ਵਿਚ ਪਹੁੰਚਣ ਤੱਕ ਜਿਸ ਢੰਗ ਨਾਲ ਜੀਣ ਦੀਆਂ ਪੈੜਾਂ ਛੱਡ ਗਿਆ ਹੈ, ਉਹ ਢੰਗ ਪੂਰੀ ਤਰ੍ਹਾਂ ਮਾਣ-ਮੱਤਾ ਹੈ। ਅਚਾਨਕ ਗੋਲੀ ਦਾ ਨਿਸ਼ਾਨਾ ਬਣ ਕੇ ਕਿਸੇ ਕਾਜ਼ ਖ਼ਾਤਰ ਮਿਟ ਜਾਣਾ ਬੜੀ ਵੱਡੀ ਗੱਲ ਹੈ, ਪਰ ਸਖ਼ਤ ਦੁਸ਼ਵਾਰੀਆਂ ਵਿੱਚ ਰਹਿੰਦਿਆਂ ਹੋਇਆ ਖਿੜੇ ਮੱਥੇ ਆਪਣੇ ਕਾਰਜ ਦੀ ਪੂਰਤੀ ਵਿੱਚ ਸਰਗਰਮ ਰਹਿ ਕੇ ਪੋਟਾ-ਪੋਟਾ ਹੋ ਕੇ ਪੂਰੇ ਹੋ ਜਾਣਾ ਵੀ ਨਿੱਕੀ ਗੱਲ ਨਹੀਂ।

ਜਿਨ੍ਹਾਂ ਹਾਲਤਾਂ ਅੰਦਰ ਕਾਮਰੇਡ ਸੁਹੇਲ ਆਪਣਾ ਯੋਗਦਾਨ ਪਾ ਕੇ ਗਿਆ ਹੈ, ਉਹ ਇਸੇ ਕਾਰਣ ਪ੍ਰੇਰਣਾ ਭਰਪੂਰ ਹੈ। ਉਹ ਅਡੋਲ ਰਿਹਾ, ਚੇਤੰਨ ਰਿਹਾ, ਪਾਰਟੀ ਜ਼ਾਬਤਿਆਂ ਵਿੱਚ ਰਹਿ ਕੇ ਤੇ ਆਪਣੀਆਂ ਨਿੱਜੀ ਲੋੜਾਂ ਅਤੇ ਖਾਹਸ਼ਾਂ ਨੂੰ ਵਡੇਰੀ ਲਹਿਰ ਦੇ ਹਿੱਤਾਂ ਦੇ ਅਧੀਨ ਰੱਖ ਕੇ ਤੁਰਿਆ ਜਾਣ ਵਾਲਾ ਸੁਹੇਲ ਅੱਜ ਵਿਸ਼ੇਸ਼ ਕਰਕੇ ਸੀ.ਪੀ.ਆਈ. (ਐਮ) ਦੀ ਪੁਨਰ ਉਸਾਰੀ ਵਿੱਚ ਜੁੱਟੇ ਸਾਥੀਆਂ ਲਈ ਇੱਕ ਪੱਥ-ਪ੍ਰਦਰਸ਼ਕ ਹੋਣ ਵਾਲਿਆਂ ਵਿਚੋਂ ਹੈ। ਉਸ ਨੇ ਸੋਧਵਾਦ ਦੇ ਖਿਲਾਫ਼ ਲੜਾਈ ਵਿੱਚ ਆਪਣੀ ਜੀਵਨ ਸ਼ੈਲੀ ਰਾਹੀਂ ਵੀ ਅਤੇ ਲੇਖਣੀ ਰਾਹੀਂ ਵੀ ਜਿਹੜੀਆਂ ਪੈੜਾਂ ਛੱਡੀਆਂ, ਉਹ ਅੱਜ ਫਿਰ ਸੱਜਰੀਆਂ ਕਰਨ ਵਾਸਤੇ ਆਪਣੇ ਚੇਤਿਆਂ ਅੰਦਰ ਲਿਆਉਣੀਆਂ ਜ਼ਰੂਰੀ ਹਨ।

ਪੰਜਾਬ ਵਿੱਚ ਇਕ ਸਮਾਂ ਸੀ ਜਦੋਂ ਕਾਮਰੇਡ ਸੁਰਜੀਤ ਅਕਾਲੀਆਂ ਉੱਪਰ ਹੀ ਟੇਕ ਰੱਖ ਕੇ ਪੰਜਾਬ ਦੀ ਕਮਿਊਨਿਸਟ ਲਹਿਰ ਨੂੰ ਅੱਗੇ ਲਿਜਾਣ ਦੀਆਂ ਵਾਹੋ-ਦਾਹੀਆਂ ਮਾਰਦੇ ਹੋਏ ਪਾਰਲੀਮਾਨੀ ਰਾਹ ਦੀਆਂ ਧੂੜਾਂ ਉਡਾ ਰਹੇ ਸਨ। ਇਹ ਸਿਲਸਿਲਾ ਕੋਈ ਇੱਕ-ਦੋ ਸਾਲ ਨਹੀਂ, ਲੰਮੇ ਸਮੇਂ ਤੱਕ ਚੱਲਦਾ ਰਿਹਾ ਸੀ, ਉਦੋਂ 'ਲੋਕ ਲਹਿਰ' ਦਾ ਹਰ ਸੰਪਾਦਕੀ ਅਕਾਲੀਆਂ ਨੂੰ ਸੰਬੋਧਨ ਹੁੰਦਾ ਸੀ, "ਅਕਾਲੀਓ, ਆਹ ਕਰੋ ਤੇ ਅਕਾਲੀਓ ਔਹ ਕਰੋ।" ਕਾਮਰੇਡ ਸੁਹੇਲ ਨੂੰ ਫੋਨ 'ਤੇ ਆਦੇਸ਼ਾਂ ਰਾਹੀਂ ਸ਼ਬਦ ਸਾਦਰ ਕਰ ਦਿੱਤੇ ਜਾਂਦੇ ਸਨ, ਤੇ ਉਹ ਇਸ ਨਾਲ ਅਸਹਿਮਤ ਹੁੰਦਿਆਂ ਵੀ ਕੌੜਾ ਘੁੱਟ ਭਰਦਾ ਰਹਿੰਦਾ ਸੀ। ਆਪਣੀ ਭੜਾਸ ਕੱਢਦਿਆਂ ਇੱਕ ਵਾਰੀ ਉਹ ਕਹਿਣ ਲੱਗਾ, "ਉਹ ਟੈਲੀਫੋਨ ਕਦੇ ਨਹੀਂ ਆਉਂਦਾ, ਜਦੋਂ ਅਸੀਂ ਖ਼ੁਦ ਨੂੰ ਵੀ ਸੰਬੋਧਨ ਹੋਈਏ।" ਇਸੇ ਤਰ੍ਹਾਂ ਦਾ ਵਿਚਾਰ ਲੈ ਕੇ ਕਾਮਰੇਡ ਭਾਗ ਸਿੰਘ ਸੱਜਣ ਕਦੇ-ਕਦੇ ਕਾਮਰੇਡ ਸੁਹੇਲ ਨੂੰ ਆਖਦਾ ਕਿ, "ਸੁਹੇਲ, ਇਹ ਕੀ ਸਿਲਸਿਲਾ ਹੈ ਕਿ ਹਰ ਸੰਪਾਦਕੀ ਅਕਾਲੀਆਂ ਨੂੰ ਹੀ ਸੰਬੋਧਨ ਹੁੰਦੀ ਹੈ...?" ਉਸ ਨੂੰ ਉੱਤਰ ਦਿੰਦਿਆਂ ਸੁਹੇਲ ਨੇ ਇਕ ਵਾਰ ਕਿਹਾ, "ਇਸ ਝੱਖ ਦਾ ਇਕ ਭਾਂਡਾ ਭੱਜ ਜਾਣਾ ਲਾਜ਼ਮੀ ਹੈ।" ਉਹ ਭਾਂਡਾ ਭੱਜਾ ਵੀ, ਪਰ ਇਹ ਸੰਪਾਦਕੀਆਂ ਲਿਖਣ ਦਾ ਜਿੰਨਾ ਜ਼ਹਿਰ ਉਹ ਪੀਂਦਾ ਰਿਹਾ ਸੀ, ਉਹ ਪਾਰਟੀ ਜ਼ਾਬਤੇ ਦਾ ਹੀ ਇੱਕ ਨਮੂਨਾ ਸੀ।

ਉਹ ਵੀ ਸਮਾਂ ਸੀ ਜਦੋਂ ਇੱਕ ਖੱਬੇ-ਪੱਖੀ ਆਗੂ ਨੇ ਮਹਾਂਰਾਸ਼ਟਰ ਅੰਦਰ "ਸਨਅਤੀ ਅਮਨ" ਕਾਇਮ ਰੱਖਣ ਦੇ ਇਵਜ਼ਾਨੇ ਵਜੋਂ ਇਕ ਸਨਅਤਕਾਰਾਂ ਦੇ ਇਕੱਠ ਵਿਚ 80 ਹਜ਼ਾਰ ਰੁਪਏ ਦੀ ਥੈਲੀ ਦਾ ਸਨਮਾਨ ਪ੍ਰਾਪਤ ਕਰਕੇ ਕਮਿਊਨਿਸਟ ਲਹਿਰ ਅੰਦਰ ਇੱਕ ਵਿਵਾਦ ਖੜ੍ਹਾ ਕਰ ਦਿੱਤਾ ਸੀ। ਇਸ ਵਿਰੁੱਧ ਬੜਾ ਕੁਝ ਲਿਖਿਆ ਗਿਆ ਸੀ। ਸੁਹੇਲ



ਦੀ ਕਲਮ ਨੇ ਵੀ ਆਪਣਾ ਯੋਗਦਾਨ ਪਾਇਆ ਸੀ। ਅੱਜ ਉਨ੍ਹਾਂ ਲਿਖਤਾਂ ਨੂੰ ਫਿਰ ਪੜ੍ਹਨ ਦਾ ਅਰਥ ਭਰਪੂਰ ਸਮਾਂ ਆ ਗਿਆ ਹੈ, ਜਦੋਂ ਖੱਬੀ ਲਹਿਰ ਦੇ ਇਕ 'ਪਿਤਾਮਾ' ਨੇ ਆਪਣੇ "ਕੁਝ ਚੰਗੇ ਸਨਅਤੀ ਘਰਾਣਿਆਂ ਦੇ ਮਿੱਤਰਾਂ ਤੋਂ ਦੋ ਕਰੋੜ ਰੁਪਏ" ਲੈਣ ਦਾ ਇਕਬਾਲਨਾਮਾ ਪ੍ਰੈਸ ਨੂੰ ਦਿੱਤਾ ਹੈ। ਸੁਹੇਲ ਹੋਲੀਆਂ ਦੇ ਰੰਗਾਂ ਵਿੱਚ ਗੁਆਚੇ ਹੋਣ ਦੇ ਬਾਵਜੂਦ ਉੱਚੀ-ਉੱਚੀ ਕੂਕ ਰਿਹਾ ਹੈ ਕਿ ਜਿਵੇਂ ਅਕਾਲੀਆਂ ਪ੍ਰਤੀ ਪਹੁੰਚ ਦੇ ਬੀਤੇ ਸਾਲਾਂ ਦੀ ਹਾਂਡੀ ਟੁੱਟੀ ਸੀ, ਉਸੇ ਤਰ੍ਹਾਂ ਸੁਹੇਲ ਦੀਆਂ ਬੁੱਲ੍ਹ ਮੀਟ ਕੇ ਜਰੀਆਂ ਪੀੜਾਂ ਚੋਂ ਫੁੱਟ ਰਿਹਾ ਸੰਗੀਤ ਅੱਜ ਵੀ ਕਾਮਰੇਡ 'ਸੱਜਣ ਨੂੰ ਸਲਾਮਾਂ' ਭੇਜ ਕੇ ਆਖ ਰਿਹਾ ਹੈ ਕਿ ਜਮਾਤੀ ਭਿਆਲੀ ਦੀਆਂ ਝੱਖਾਂ ਦੇ ਹੁਣ ਵਾਲੇ ਉਪਰਾਲੇ ਗੁੰਮਨਾਮੀਆਂ ਵਿਚ ਗੁਆਚ ਜਾਣਗੇ। ਕਮਿਊਨਿਸਟ ਲਹਿਰ ਨੂੰ ਲੋਕ-ਲਾਮ ਦਾ ਅਸਲੀ ਰੂਪ ਦੇਣ ਦੀ ਖੁਸ਼ਬੂ ਸਦਾ ਵੰਡਦੀ ਰਹੇਗੀ ਸੁਹੇਲ ਦੀ ਯਾਦ, ਸੁਹੇਲ ਦੀਆਂ ਲਿਖਤਾਂ, ਸੁਹੇਲ ਦਆਂ ਬੁੱਲ੍ਹ ਮੀਟ ਕੇ ਜਰੀਆਂ ਪੀੜਾਂ ਦੀ ਭੜਾਸ ਦੇ ਫੁੱਲਾਂ ਵਿਚਲੀ ਖੁਸ਼ਬੂ।

* * *

# ਕਾਮਰੇਡ ਸੁਹੇਲ ਤੇ ਪੁਸ਼ਪਿੰਦਰ ਕੌਰ ਬਾਠ

-ਬਲਬੀਰ ਪਰਵਾਨਾ

ਸਹੀ ਸਮਾਂ ਤਾਂ ਯਾਦ ਨਹੀਂ, ਪਰ ਇਹ ਗੱਲ 1991 ਜਾਂ 92 ਦੇ ਸ਼ੁਰੂ ਦੀ ਹੈ। ਇੱਕ ਦਿਨ ਅਚਨਚੇਤ ਮੈਨੂੰ ਅਖ਼ਬਾਰ ਦੇ ਪਤੇ 'ਤੇ ਪੁਸ਼ਪਿੰਦਰ ਕੌਰ ਬਾਠ ਨਾਂਅ ਦੀ ਕੁੜੀ ਦਾ ਖ਼ਤ ਮਿਲਿਆ। ਵਿੱਚ ਇੱਕ ਕਵਿਤਾ ਸੀ ਤੇ ਨਾਲ ਹੀ ਇੱਕ ਚਿੱਠੀ ਵੀ। ਪੂਰੀ ਸਹੀ ਤਰ੍ਹਾਂ ਤਾਂ ਯਾਦ ਨਹੀਂ ਪਰ ਚਿੱਠੀ ਕੁਝ ਇਸ ਤਰ੍ਹਾਂ ਦੀ ਸੀ "ਮੈਨੂੰ ਤੁਹਾਡੀਆਂ ਕਵਿਤਾਵਾਂ ਬਹੁਤ ਪਸੰਦ ਹਨ। ਮੈਂ ਜੇ.ਐੱਨ.ਯੂ. 'ਚ ਅੰਗਰੇਜ਼ੀ ਦੀ ਐੱਮ.ਏ. ਕਰ ਰਹੀ ਹਾਂ। ਆਪਣੀ ਇੱਕ ਕਵਿਤਾ ਵੀ ਭੇਜ ਰਹੀ ਹਾਂ। ਆਸ ਹੈ ਜ਼ਰੂਰ ਛਾਪੋਗੇ।" ਕਵਿਤਾ ਮੈਨੂੰ ਚੰਗੀ ਲੱਗੀ ਤੇ ਛਾਪੀ ਵੀ।

ਫਿਰ ਹਰ ਹਫ਼ਤੇ ਹੀ ਪੁਸ਼ਪਿੰਦਰ ਕੌਰ ਬਾਠ ਦਾ ਲਫ਼ਾਫ਼ਾ ਆ ਜਾਂਦਾ। ਲਫ਼ਾਫ਼ੇ 'ਚ ਇਕ ਕਵਿਤਾ ਹੁੰਦੀ ਤੇ ਇਕ ਪੱਤਰ ਵੀ। ਦੋ ਮਹੀਨੇ ਦੇ ਲਗਭਗ ਇਹ ਸਿਲਸਿਲਾ ਚੱਲਦਾ ਰਿਹਾ ਤੇ ਸੱਤ ਅੱਠ ਦੇ ਲਗਭਗ ਕਵਿਤਾਵਾਂ ਆਈਆਂ ਜਿਨ੍ਹਾਂ 'ਚੋਂ ਦੋ ਕੁ ਨੂੰ ਛੱਡ ਕੇ ਬਾਕੀ ਸਾਰੀਆਂ ਛਪੀਆਂ। ਪਰ ਦਿਲਚਸਪ ਗੱਲ ਉਨ੍ਹਾਂ ਸਾਰੀਆਂ ਕਵਿਤਾਵਾਂ ਦੇ ਨਾਲ ਨਿੱਜੀ ਚਿੱਠੀ ਵੀ ਹੁੰਦੀ ਸੀ। ਇਕ ਚਿੱਠੀ 'ਚ ਕੁਝ ਇਸ ਤਰ੍ਹਾਂ ਸੀ, "ਮੈਂ ਇਹ ਚਿੱਠੀ ਰੇਲਵੇ ਸਟੇਸ਼ਨ ਤੋਂ ਲਿਖ ਰਹੀ ਹਾਂ। ਬਹੁਤ ਕਾਹਲੀ 'ਚ ਹਾਂ। ਮਿਲਣ ਨੂੰ ਬਹੁਤ ਜੀ ਚਾਹੁੰਦਾ ਹੈ ਪਰ ਸਮੇਂ ਕਾਰਨ ਬੇਵਸ ਹਾਂ।"

ਕਵਿਤਾਵਾਂ 'ਚ ਜਾਨ ਹੁੰਦੀ ਸੀ। ਪਰ ਅਜਿਹੇ ਕਿਸੇ ਨਾਂਅ ਦੀਆਂ ਕਵਿਤਾਵਾਂ ਮੈਂ ਹੋਰ ਨਾ ਕਿਸੇ ਮੈਗਜ਼ੀਨ ਤੇ ਨਾ ਹੀ ਅਖ਼ਬਾਰ ਵਿੱਚ ਪੜ੍ਹੀਆਂ। ਦੋ ਕੁ ਮਹੀਨਿਆਂ ਬਾਅਦ ਇਹ ਚਿੱਠੀਆਂ ਤੇ ਕਵਿਤਾਵਾਂ ਦਾ ਸਿਲਸਿਲਾ ਅਚਨਚੇਤ ਬੰਦ ਹੋ ਗਿਆ।

ਜਦੋਂ 8 ਮਾਰਚ 1993 ਨੂੰ ਕਾਮਰੇਡ ਸੁਹੇਲ ਦਿਲ ਦੇ ਦੌਰੇ ਨਾਲ ਅਚਨਚੇਤ ਸਾਥੋਂ ਵਿਛੜ ਗਏ ਤਾਂ ਇਕ ਦਿਨ ਦੇਸ਼ ਭਗਤ ਯਾਦਗਾਰ ਹਾਲ ਦੇ ਬਾਹਰ ਖੜਿਆਂ, ਸਬਦੀਸ਼

ਨੇ ਜ਼ਿਕਰ ਕੀਤਾ, "ਪੁਸ਼ਪਿੰਦਰ ਕੌਰ ਬਾਠ ਦੇ ਨਾਂਅ ਉੱਪਰ ਜਿਹੜੀਆਂ ਕਵਿਤਾਵਾਂ ਛਾਪਦਾ ਰਿਹਾ ਹੈਂ", ਉਹ ਕਾਮਰੇਡ ਸੁਹੇਲ ਦੀਆਂ ਲਿਖੀਆਂ ਹੁੰਦੀਆਂ ਸਨ। ਉਹ ਜਾਣ-ਬੁੱਝ ਕੇ ਸ਼ਰਾਰਤ ਵਜੋਂ ਅਜਿਹਾ ਕਰਦੇ ਸਨ। ਕਵਿਤਾ ਆਪ ਲਿਖਦੇ। ਫਿਰ ਸਾਧੂ ਸਿੰਘ ਦੇ ਬੇਟੇ ਰਾਜੂ ਤੋਂ ਕਿਸੇ ਕਾਪੀ ਦੇ ਕਾਗਜ਼ ਉੱਪਰ ਲਿਖਵਾਉਂਦੇ ਕਿ ਕਿਤੇ ਸ਼ੱਕ ਨਾ ਪੈ ਜਾਵੇ ਕਿ ਇਹ ਕੁੜੀ ਦਾ ਜਾਅਲੀ ਨਾਂਅ ਹੈ।"

ਸ਼ਬਦੀਸ਼ ਦੇ ਇਸ ਜ਼ਿਕਰ ਤੇ ਕਵਿਤਾਵਾਂ ਭੇਜਣ ਵਾਲੀ ਘਟਨਾ ਦੇ ਵਿਚਾਲੇ ਲਗਭਗ ਸਾਲ ਤੋਂ ਵਧੇਰੇ ਦਾ ਫ਼ਾਸਲਾ ਹੈ। ਤੇ ਇਸ ਸਮੇਂ ਦੌਰਾਨ ਮੈਂ ਕਈ ਵਾਰ ਕਾਮਰੇਡ ਸੁਹੇਲ ਨੂੰ ਮਿਲਦਾ ਰਿਹਾ। ਅਕਸਰ ਹੀ ਹਫ਼ਤੇ ਦਸ ਦਿਨਾਂ ਜਾਂ ਵੱਧ ਤੋਂ ਵੱਧ ਪੰਦਰਾਂ ਵੀਹਾਂ ਦਿਨਾਂ 'ਚ ਕਿਤੇ ਨਾ ਕਿਤੇ ਸਾਡੀ ਮੁਲਾਕਾਤ ਹੋ ਹੀ ਜਾਂਦੀ ਸੀ। ਕਿਸੇ ਗੋਸ਼ਟੀ ਸੈਮੀਨਾਰ 'ਚ, ਕਿਸੇ ਜਲਸੇ ਜਲੂਸ 'ਚ ਜਾਂ ਕਿਸੇ ਪ੍ਰੈਸ ਕਾਨਫਰੰਸ 'ਤੇ, ਪਰ ਉਨ੍ਹਾਂ ਨੇ ਇੱਕ ਵੀ ਵਾਰ ਇਹਦਾ ਜ਼ਿਕਰ ਨਾ ਕੀਤਾ। ਇਥੋਂ ਤੱਕ ਕਿ ਜਦੋਂ ਪੁਸ਼ਪਿੰਦਰ ਕੌਰ ਬਾਠ ਦੇ ਨਾਂਅ 'ਤੇ ਕਵਿਤਾਵਾਂ ਛਪ ਰਹੀਆਂ ਸਨ, ਉਸ ਸਮੇਂ ਦੌਰਾਨ ਵੀ ਮੈਂ ਦੋ ਤਿੰਨ ਵਾਰ 'ਲੋਕ ਲਹਿਰ' ਗਿਆ ਹੋਵਾਂਗਾ। ਪਰ ਉਨ੍ਹਾਂ ਨੇ ਕੋਈ ਮਾੜਾ ਇਸ਼ਾਰਾ ਵੀ ਨਾ ਕੀਤਾ ਜਿਸ ਤੋਂ ਸਮਝ ਸਕਾਂ।

ਤੇ ਉਨ੍ਹਾਂ ਦੀ ਇਹ ਗੱਲ 'ਲੋਕ ਲਹਿਰ' 'ਚ ਉਸ ਵੇਲੇ, ਉਨ੍ਹਾਂ ਨਾਲ ਕੰਮ ਕਰਨ ਵਾਲੇ ਸਾਥੀਆਂ ਇੰਦਰਜੀਤ, ਸ਼ਬਦੀਸ਼, ਸਰਬਜੀਤ ਜਾਂ ਸਾਧੂ ਸਿੰਘ ਨਾਲ ਮਿਲਣ 'ਤੇ ਅਕਸਰ ਜ਼ਿਕਰ 'ਚ ਆ ਜਾਂਦੀ ਹੈ ਤੇ ਫਿਰ ਕਿੰਨਾ-ਕਿੰਨਾ ਚਿਰ ਅਸੀਂ ਹੱਸਦੇ ਵੀ ਹਾਂ ਤੇ ਸੁਹੇਲ ਨੂੰ ਯਾਦ ਕਰਕੇ ਉਦਾਸ ਵੀ ਹੁੰਦੇ ਹਾਂ।

ਸੁਹੇਲ! ਜਿਸ ਨੇ ਮੈਨੂੰ ਪੱਤਰਕਾਰਤਾ ਦੀ ਪਹਿਲੀ ਪੌੜੀ ਚੜ੍ਹਾਇਆ ਸੀ, ਤੇ ਜਿਸ ਦੀ ਮੇਰੀ ਜ਼ਿੰਦਗੀ ਨੂੰ ਅਜੋਕੀ ਦਿਸ਼ਾ ਦੇਣ 'ਚ ਅਹਿਮ ਭੂਮਿਕਾ ਹੈ।





# ਸੱਜਣ ਸੁਹੇਲ

-ਹਰਭਜਨ ਸਿੰਘ ਹੁੰਦਲ

ਸ਼ਾਮ ਨੂੰ ਘਰੋਂ ਆਪਣੇ ਬਾਗ਼ ਦੀ ਸੈਰ ਨੂੰ ਨਿਕਲਿਆ ਸੀ ਕਿ ਘਰੋਂ ਬੱਚਾ ਕਾਹਲ਼ੀ-ਕਾਹਲ਼ੀ ਤੁਰਦਾ ਮੇਰੇ ਕੋਲ ਆਇਆ। 'ਘਰ ਨੂੰ ਆਓ' ਉਸ ਨੇ ਕਿਹਾ। ਸੋਚਿਆ ਕੋਈ ਲੇਖਕ ਮਿੱਤਰ ਮਿਲਣ ਆਇਆ ਹੋਣਾ। 'ਕੌਣ ਆਇਆ' ਮੈਂ ਉਸ ਨੂੰ ਦੁਬਾਰਾ ਪੁੱਛਿਆ। 'ਸੁਹੇਲ ਹੋਰਾਂ ਦੀ ਮੌਤ ਦੀ ਖ਼ਬਰ ਆਈ ਹੈ ਦੂਰਦਰਸ਼ਨ ਤੋਂ' ਉਸ ਨੇ ਉੱਤਰ ਵਿਚ ਕਿਹਾ।

ਸੋ ਮਿੱਤਰ ਆਇਆ ਨਹੀਂ, ਸਗੋਂ ਤੁਰ ਗਿਆ ਸੀ। ਸਸਕਾਰ ਦੇ ਸਮੇਂ ਬਾਰੇ ਪੁੱਛਣ ਬਿਆਸ ਜਾਂਦਾ ਹਾਂ, ਪਰ ਕੋਈ ਸੂਚਨਾ ਨਹੀਂ ਮਿਲਦੀ। ਰਾਤ ਦੀਆਂ ਖ਼ਬਰਾਂ ਤੋਂ ਸਾਰੀ ਸਥਿਤੀ ਸਪੱਸ਼ਟ ਹੋ ਜਾਂਦੀ ਹੈ।

ਸਵੇਰੇ ਉੱਠ ਕੇ ਬਾਹਰ ਬਾਗ ਵੱਲ ਗੇੜਾ ਮਾਰਦਾ ਹਾਂ। ਸੋਚਿਆ ਕੁਝ ਫੁੱਲ ਹੀ ਲੈ ਜਾਵਾਂ ਆਪਣੇ ਮਿੱਤਰ ਲਈ। ਫੁੱਲ ਜਿਹੜੇ ਤੋੜਨ ਲਈ ਨਹੀਂ, ਵੇਖਣ, ਮਾਨਣ ਤੇ ਸੁੰਘਣ ਲਈ ਹੁੰਦੇ ਹਨ। ਉਹ ਫੁੱਲ, ਜਿਨ੍ਹਾਂ ਨੂੰ ਜੇ ਕੋਈ ਬੱਚਾ ਵੀ ਤੋੜਦਾ ਸੀ ਤਾਂ ਮੈਂ ਨਾਰਾਜ਼ ਹੁੰਦਾ ਸੀ। ਫੁੱਲ ਤੋੜਦੇ ਦੇ ਅੱਥਰੂ ਨਹੀਂ ਰੁੱਕਦੇ। ਇਹ ਫੁੱਲ ਤੇ ਡਿੱਗ-ਡਿੱਗ ਉਨ੍ਹਾਂ ਨੂੰ ਰੋਈ ਜਾ ਰਹੇ ਨੇ। ਮੈਨੂੰ ਫੁੱਲ ਵੀ ਰੋਂਦੇ ਜਾਪਦੇ ਨੇ।

ਹੋਇਆ ਕੀ ਸੀ ਆਖਰ ਸੁਹੇਲ ਨੂੰ। ਅਜੇ ਤੇ ਕੱਲ੍ਹ ਦੀ ਗੱਲ ਹੈ, ਉਹ ਦੇਸ਼ ਭਗਤ ਹਾਲ ਜਲੰਧਰ ਇਕ ਮੀਟਿੰਗ ਤੇ ਮਿਲਿਆ ਸੀ। ਸਵਰਗੀ ਕਵੀ ਬਾਵਾ ਬਲਵੰਤ ਦੀ ਯਾਦ ਵਿਚ ਕੀਤੇ ਜਾ ਰਹੇ ਯਾਦਗਾਰੀ ਸਮਾਗਮ ਦੀ ਤਿਆਰੀ ਮੀਟਿੰਗ ਸੀ। ਫੈਸਲੇ ਲੈਣ ਤੇ ਮੀਟਿੰਗ ਖਤਮ ਹੋਣ ਤੋਂ ਬਾਅਦ ਕਹਿਣ ਲੱਗਾ।

"ਕਿਉਂ, ਖੁਸ਼ ਏਂ ਹੁਣ, ਐਵੇਂ ਫਿਕਰ ਕਰਦਾ ਸੀ। ਸਾਡੇ ਹੁੰਦੇ ਚਿੰਤਾ ਨਾ ਕਰਿਆ ਕਰ।' ਇਹ ਉਸ ਦਾ ਖਾਸ ਅੰਦਾਜ਼ ਸੀ। 31 ਜਨਵਰੀ 93 ਨੂੰ ਲੇਖਕ-ਕੜੀ ਬਣਾਉਣ ਦੀ ਤਿਆਰੀ ਵਿਚ ਆ ਰਹੀਆਂ ਮੁਸ਼ਕਲਾਂ ਨੂੰ ਵਿਚਾਰਦਿਆਂ ਵੀ ਉਸਦਾ ਇਹੀ ਉੱਤਰ ਸੀ।

'ਕਿਉਂ ਖੁਸ਼ ਏਂ ਹੁਣ, ਮੇਰੇ ਹੁੰਦੇ ਤੂੰ ਫਿਕਰ ਨਾ ਕਰਿਆ ਕਰ।' ਉਸ ਦੀ ਗੱਲ ਠੀਕ ਹੀ ਸੀ। ਸੁਹੇਲ ਦੇ ਹੁੰਦੇ ਮੈਨੂੰ ਫਿਕਰ ਕਰਨ ਦੀ ਲੋੜ ਨਹੀਂ ਸੀ ਹੁੰਦੀ। ਪਰ ਫ਼ਿਕਰ ਸਨ ਕਿ ਕਦੇ ਮੁੱਕਦੇ ਨਹੀਂ ਸਨ। ਸਾਹਿਤ ਤੇ ਸਭਿਆਚਾਰ ਦੇ ਹਰ ਮਸਲੇ ਬਾਰੇ ਕੀਤੀ ਜਾਂਦੀ ਮੀਟਿੰਗ ਵਿਚ ਉਸ ਦੀ ਹਾਜ਼ਰੀ ਜ਼ਰੂਰੀ ਸਮਝੀ ਜਾਂਦੀ ਸੀ।

ਸਸਕਾਰ ਦੇ ਦਿਨ ਜਲੰਧਰ ਫੂਹੜੀ ਤੇ ਬੈਠਿਆਂ ਉਸ ਨਾਲ ਜੁੜੀਆਂ ਘਟਨਾਵਾਂ, ਸਿਮ੍ਰਿਤੀਆਂ ਤੇ ਗੱਲਾਂ ਦੀ ਰੀਲ ਚੱਲਦੀ ਰਹੀ! ਕਦੇ ਇਹ ਰੀਲ ਪਿਛਾਂਹ ਪੁੱਠੇ ਰੁਖ਼ ਤੁਰ ਪੈਂਦੀ ਤੇ ਕਦੇ ਸਿੱਧੇ ਰੁਖ਼। ਪਿਛਲੇ ਤੀਹ ਸਾਲ ਦੇ ਪੂਰੇ ਤਿੰਨ ਦਹਾਕੇ। ਇਹ ਵਰ੍ਹੇ ਮੇਰੇ ਵੀ ਸਾਹਿਤਕ ਸਫ਼ਰ ਦੇ ਭਰਪੂਰ ਵਰ੍ਹੇ ਨੇ। ਜਲੰਧਰ ਸ਼ਹਿਰ ਨਾਲ ਜੁੜਨ ਤੇ ਮਗਰੋਂ ਇਸ ਦਾ ਅਟੁੱਟ ਅੰਗ ਬਣਨ ਦੇ ਸਾਲ! ਕਮਿਊਨਿਸਟ ਪਾਰਟੀ ਤੇ ਸਮਾਜਵਾਦੀ ਲਹਿਰ ਦੇ ਨੇੜੇ ਆਉਣ ਦੇ ਸਾਲ।

ਯਾਦ ਨਹੀਂ ਆ ਰਿਹਾ ਕਿ ਸੁਹੇਲ ਨਾਲ ਪਹਿਲੀ ਮੁਲਾਕਾਤ ਕਦੋਂ ਹੋਈ। ਸੁਰਿੰਦਰ

ਗਿੱਲ, ਨੇਤਾ ਜੀ, ਡਾ: ਰਘਬੀਰ ਸਿੰਘ (ਸਿਰਜਣਾ), ਨਰਿੰਦਰ ਕੁਮਾਰ ਜੋਸ਼ੀ। ਅਸੀਂ ਸਾਰੇ ਹੀ ਨਵੇਂ ਜ਼ਮਾਨੇ ਦੇ ਦਫ਼ਤਰ ਮਿਲ਼ਦੇ ਤੇ ਉੱਠੇ ਹੋਏ ਪ੍ਰਸ਼ਨਾਂ ਦੇ ਵਾਜਬ ਹੱਲ ਢੂੰਡਣ ਦਾ ਯਤਨ ਕਰਦੇ। ਮੈਂ ਉਨ੍ਹੀਂ ਦਿਨੀਂ ਆਪਣੇ ਕਾਵਿ-ਸਫ਼ਰ ਦੇ ਆਰੰਭਕ ਪੜਾਅ ਤੇ ਤੁਰਨ ਲਈ ਤਤਪਰ ਸੀ। ਇਨ੍ਹਾਂ ਹੀ ਦਿਨਾਂ ਵਿਚ ਕੇਂਦਰੀ ਪੰਜਾਬੀ ਲੇਖਕ ਸਭਾ ਦੀ ਪਹਿਲੀ ਕਾਨਫਰੰਸ ਸੈਂਟਰਲ ਟਾਊਨ ਵਿਚ ਹੋਈ। ਤੇ ਫਿਰ ਅਜਿਹਾ ਵਕਤ ਵੀ ਆ ਗਿਆ ਕਿ ਹਰ ਹਫ਼ਤੇ ਜਲੰਧਰ ਦੇ ਕਾਫ਼ੀ ਹਾਊਸ ਵਿਚ ਦੋਸਤਾਂ, ਪੱਤਰਕਾਰਾਂ, ਲੇਖਕਾਂ ਤੇ ਬੁੱਧੀਜੀਵੀਆਂ ਨਾਲ ਵਿਚਾਰ-ਵਟਾਂਦਰੇ ਹੁੰਦੇ। ਸੁਹੇਲ ਦੀ ਸੰਗਤ ਪ੍ਰਾਪਤ ਕਰਨ ਲਈ ਅਸੀਂ ਨਵਾਂ ਜ਼ਮਾਨਾ ਬਿਲਡਿੰਗ ਦੀਆਂ ਟੁੱਟੀਆਂ ਤੰਗ ਪੌੜੀਆਂ ਚੜ੍ਹਦੇ, ਖ਼ਬਰਾਂ ਬਣਾਉਂਦੇ, ਚੁਟਕਲੇ ਸੁਣਾਉਂਦੇ ਸੁਹੇਲ ਦੇ ਦਫ਼ਤਰ ਵਿਚ ਜਾ ਬੈਠਦੇ। ਉਹ ਹਾਲ ਚਾਲ ਪੁੱਛਦਾ ਤੇ ਗੂੜ੍ਹੇ ਲਾਲ ਰੰਗ ਦੀ ਚਾਹ ਦਾ ਵੱਡਾ ਮੱਗ ਹੱਥਾਂ ਵਿਚ ਫੜਾ ਦਿੰਦਾ।

'ਕੋਈ ਨਵੀਂ ਕਵਿਤਾ ਲਿਖੀ ਹੈ ਤਾਂ ਸੰਡੇ ਐਡੀਸ਼ਨ ਲਈ ਦੇ ਦੇ।' ਸੁਹੇਲ ਦੀ ਮੰਗ ਹੁੰਦੀ। ਅਸੀਂ ਆਪਣੀਆਂ ਅੱਲੜ੍ਹ, ਸਿਖਾਂਦਰੂ ਪਰ ਸਿਆਸੀ ਰੰਗ ਵਾਲੀਆਂ ਨਵੀਆਂ ਲਿਖੀਆਂ ਕਵਿਤਾਵਾਂ ਉਸ ਨੂੰ ਛਪਣ ਲਈ ਦੇ ਦਿੰਦੇ ਤੇ ਆਉਣ ਵਾਲੇ ਨਵੇਂ ਅੰਕ ਦੀ ਬੇਸਬਰੀ ਨਾਲ ਉਡੀਕ ਕਰਦੇ ਰਹਿੰਦੇ।

ਇਨ੍ਹੀਂ ਦਿਨੀਂ ਸਾਹਿਤ, ਖਾਸ ਕਰਕੇ ਕਾਵਿ ਖੇਤਰ ਵਿਚ ਨਵੇਂ-ਨਵੇਂ ਪ੍ਰਯੋਗਾਂ ਦਾ ਬੜਾ ਰੌਲ਼ਾ ਗੌਲ਼ਾ ਸੀ। ਸੁਰਿੰਦਰ ਗਿੱਲ, ਅਵਤਾਰ ਜੰਡਿਆਲਵੀ ਤੇ ਮੈਂ ਕਵਿਤਾ ਦੇ ਖੇਤਰ ਵਿਚ ਬੜੇ ਉਤਸ਼ਾਹ ਨਾਲ ਪ੍ਰਵੇਸ਼ ਕਰ ਰਹੇ ਸੀ। ਸਾਨੂੰ ਜਾਪਦਾ ਕਿ ਪ੍ਰਯੋਗਾਂ ਦੀ ਗੱਲ ਤਾਂ ਠੀਕ ਹੈ, ਪਰ ਪ੍ਰਯੋਗ ਹੋਣ ਕਿਸ ਪ੍ਰਕਾਰ ਦੇ, ਕਵਿਤਾ ਦੇ ਰੂਪ ਅਥਵਾ ਪ੍ਰਗਟਾ ਢੰਗਾਂ ਵਿਚ ਨਵੀਨਤਾ ਹੋਵੇ, ਕਿਸੇ ਨੂੰ ਇਸ ਬਾਰੇ ਕੀ ਇਤਰਾਜ਼ ਸੀ, ਪਰ ਕਵਿਤਾ ਸਮਾਜਕ ਯਥਾਰਥ ਤੋਂ ਕੋਰੀ ਨਾ ਹੋਵੇ। ਪਰ ਪ੍ਰਯੋਗਵਾਦੀਆਂ ਦਾ ਰੌਲ਼ਾ ਏਨਾ ਉੱਚਾ ਸੀ ਕਿ ਕੋਈ ਆਵਾਜ਼ ਸੁਣਾਈ ਹੀ ਨਹੀਂ ਸੀ ਦਿੰਦੀ।

ਅਸਾਂ ਕੁਝ ਮਿੱਤਰਾਂ ਨੇ ਪ੍ਰੋ. ਰਘਬੀਰ ਸਿੰਘ ਦੀ ਸੰਪਾਦਨਾਂ ਹੇਠ 'ਸਿਰਜਣਾ' ਤ੍ਰੈ-ਮਾਸਿਕ ਦੀ ਪ੍ਰਕਾਸ਼ਨਾ ਆਰੰਭ ਕੀਤੀ ਤਾਂ ਸੁਹੇਲ ਵੀ ਇਸ ਟੀਮ ਵਿਚ ਸ਼ਾਮਿਲ ਸੀ। ਹਰ ਹਫ਼ਤੇ ਪਰਚੇ ਨੂੰ ਚਲਾਉਣ ਲਈ ਗ਼ੈਰ ਰਸਮੀ ਮੀਟਿੰਗਾਂ ਹੁੰਦੀਆਂ।

ਸੁਹੇਲ ਦਾ ਕਾਰਜ ਖੇਤਰ ਭਾਵੇਂ ਪੱਤਰਕਾਰੀ ਸੀ, ਪਰ ਉਸ ਵਿਚ ਇਕ ਲੇਖਕ ਦਾ ਸੰਵੇਦਨਸ਼ੀਲ ਹਿਰਦਾ ਵੀ ਸੀ। ਉਸ ਦੀ ਲੇਖਨ ਪ੍ਰਤਿਭਾ ਪੱਤਰਕਾਰੀ ਦੀਆਂ ਲੋੜਾਂ ਹੇਠ ਦੱਬੀ ਰਹਿੰਦੀ ਸੀ। ਉਸਦੇ ਹਿਰਦੇ ਵਿਚ ਸਮੇਂ-ਸਮੇਂ, ਨਵੇਂ-ਨਵੇਂ ਖਿਆਲ, ਨਵੇਂ-ਨਵੇਂ ਅਨੁਭਵ ਮਚਲਦੇ ਰਹਿੰਦੇ ਪਰ ਇਨ੍ਹਾਂ ਨੂੰ ਪ੍ਰਭਾਵਸ਼ਾਲੀ ਸਾਹਿਤਕ ਰੂਪ ਵਿਚ ਪ੍ਰਗਟ ਕਰਨ ਲਈ ਨਾ ਉਸ ਪਾਸ ਢੁਕਵਾਂ ਮਾਹੌਲ ਸੀ ਤੇ ਨਾ ਹੀ ਸਾਹਿਤਕ ਸ਼ਿਲਪ ਦੀ ਪੂਰੀ ਮੁਹਾਰਤ। ਫੇਰ ਵੀ ਜਦ ਕਦੀ ਅਨੁਭਵ ਏਨਾ ਸ਼ਿੱਦਤ ਭਰਿਆ ਹੁੰਦਾ ਕਿ ਇਹ ਬਾਹਰ ਆਉਣ ਲਈ ਬਿਹਬਲ ਹੋ ਉੱਠਦਾ ਤਾਂ ਉਸ ਦੀ ਰਚਨਾ ਆਪ ਮੁਹਾਰੇ ਹੀ ਕਦੇ ਕਵਿਤਾ ਤੇ ਕਦੇ ਕਹਾਣੀ ਦਾ ਰੂਪ ਧਾਰ ਲੈਂਦੀ।

ਇਨ੍ਹੀਂ ਦਿਨੀਂ ਉਸ ਦੀਆਂ ਨਿੱਕੀਆਂ ਕਹਾਣੀਆਂ ਦਾ ਸੰਗ੍ਰਹਿ ਪੇਪਰ ਬੈਕ ਵਿਚ ਛਪਿਆ ਜਿਸ ਦਾ ਨਾਂ ਸੀ "ਬੰਜਰ ਧਰਤੀ"। ਸੰਗ੍ਰਹਿ ਦੀ ਭੂਮਿਕਾ ਸੋਵੀਅਤ



ਸਿਫ਼ਾਰਤਖਾਨੇ ਵਿਚ ਕੰਮ ਕਰਦੇ ਮਾਰਕਸੀ ਚਿੰਤਕ ਸਾਥੀ ਪ੍ਰੇਮ ਸਿੰਘ ਦੀ ਪਤਨੀ ਤੇ ਦੇਸ਼ ਭਗਤ ਯਾਦਗਾਰ ਦੇ ਇੰਚਾਰਜ ਬਾਬਾ ਗੁਰਮੁਖ ਸਿੰਘ ਦੀ ਭਤੀਜੀ ਬੀਬੀ ਦਲਬੀਰ ਕੌਰ ਨੇ ਲਿਖੀ ਸੀ। ਭੂਮਿਕਾ ਵਿਚ ਸੁਹੇਲ ਦੀ ਕਹਾਣੀ ਕਲਾ ਦੀ ਸਿਫ਼ਤ ਕਰਦਿਆਂ ਦਲਬੀਰ ਕੌਰ ਨੇ ਲਿਖਿਆ ਸੀ ਕਿ ਸੁਹੇਲ ਪੰਜਾਬੀ ਦਾ "ਗੋਰਕੀ" ਹੈ। ਅਸਾਂ ਦੋਸਤਾਂ ਮਿੱਤਰਾਂ ਨੇ ਇਸ ਅਤਿ ਦੀ ਉਲਾਰ-ਆਲੋਚਨਾ ਬਾਰੇ ਕਈ ਵਾਰ ਸੁਹੇਲ ਨੂੰ ਮਖੌਲ ਕੀਤੇ, ਪਰ ਉਸ ਨੇ ਕਹਿਣਾ, "ਭਈ, ਮੇਰਾ ਕੀ ਦੋਸ਼ ਹੈ ਇਸ ਵਿਚ। ਲਿਖਣ ਵਾਲੀ ਬੀਬੀ ਦਾ ਕਸੂਰ ਹੈ ਸਾਰਾ"? ਉਹ ਗੱਲ ਨੂੰ ਟਾਲਣਾ ਚਾਹੁੰਦਾ ਸੀ।

"ਸੁਹੇਲ ਸਾਹਿਬ, ਮੁੱਖ ਬੰਧ ਤਾਂ ਤੁਸੀਂ ਹੀ ਲਿਖਵਾਇਆ ਹੈ ਨਾ। ਕੀ ਤੁਸੀਂ ਛਾਪਣ ਵੇਲੇ ਖੁਦ ਨਹੀਂ ਸੀ ਪੜ੍ਹਿਆ।" ਅਸੀਂ ਕਿੰਤੂ ਕਰਦੇ ਆਖਦੇ "ਮੈਂ ਵੀ ਪੁਸਤਕ ਛਪਣ ਤੋਂ ਬਾਅਦ ਹੀ ਪੜ੍ਹਿਆ ਸੀ। ਜਿਨ੍ਹਾਂ ਕਿਤਾਬ ਛਾਪੀ ਸੀ, ਉਨ੍ਹਾਂ ਇਸ ਨੂੰ ਵੇਚਣ ਲਈ ਭੂਮਿਕਾ ਦਾ ਪ੍ਰਬੰਧ ਵੀ ਕਰ ਲਿਆ ਸੀ ਆਪੇ ਹੀ।" ਉਹ ਗੱਲ ਨੂੰ ਟਾਲ਼ ਕੇ ਸਾਡੇ ਵਿਛਾਏ ਜਾਲ 'ਚੋਂ ਸਾਫ਼ ਬਚ ਨਿਕਲ਼ਿਆ ਸੀ।

ਪ੍ਰਯੋਗਵਾਦ ਇਕ ਤਰ੍ਹਾਂ ਦਾ ਸੱਜਾ ਕੁਰਾਹਾ ਸੀ। ਇਸ ਦਾ ਨਿਖੇੜਾ ਹੋਇਆ ਤਾਂ ਛੇਤੀ ਹੀ ਨਕਸਲਵਾਦ ਦੇ ਨਾਂ ਹੇਠ ਖੱਬੇ ਕੁਰਾਹੇ ਦਾ ਪ੍ਰਗਟਾਵਾ ਹੋਣਾ ਆਰੰਭ ਹੋਇਆ ਤੇ ਪੰਜਾਬੀ ਲੇਖਕਾਂ ਖਾਸ ਕਰਕੇ ਨਵੇਂ ਲੇਖਕਾਂ ਦਾ ਇਕ ਤਕੜਾ ਭਾਗ, ਇਸ ਵੱਲ ਖਿੱਚਿਆ ਗਿਆ। ਪਰ ਉਸ ਸਮੇਂ ਸੁਹੇਲ ਦੇ ਲਿਖੇ ਕਿਤਾਬਚੇ, "ਨਕਸਲਵਾਦ ਦਾ ਹਕੀਕੀ ਚਿਹਰਾ" ਨੇ ਇਨ੍ਹਾਂ ਨਵੇਂ ਲੇਖਕਾਂ ਵਿਚੋਂ ਕਈਆਂ ਦਾ ਮਾਰਗ-ਦਰਸ਼ਨ ਕੀਤਾ।

ਜਦੋਂ ਐਮਰਜੈਂਸੀ ਲੱਗੀ ਤਾਂ ਸੁਹੇਲ ਦੇ ਲੇਖ ਲਗਾਤਾਰ ਇੰਗਲੈਂਡ ਦੇ ਹਫ਼ਤੇਵਾਰ ਅਖ਼ਬਾਰ ਦੇਸ-ਪ੍ਰਦੇਸ ਵਿਚ ਛਪਦੇ ਰਹੇ। ਕਵਿਤਾਵਾਂ ਲਿਖਣ ਕਾਰਨ ਹੋਈ ਮੇਰੀ ਗ੍ਰਿਫ਼ਤਾਰੀ ਪਿਛੋਂ ਉਹ ਉਚੇਚਾ ਮੇਰੀ ਮੁਲਾਕਾਤ ਲਈ ਕਪੂਰਥਲੇ ਜੇਲ੍ਹ ਪਹੁੰਚਿਆ ਤੇ ਆ ਕੇ ਮੇਰੀ ਰਿਹਾਈ ਬਾਰੇ ਲੋਕ ਲਹਿਰ ਵਿਚ ਲਿਖਿਆ, ਉਸ ਨੂੰ ਸੰਕਟ ਸਮੇਂ ਆਪਣੇ ਵਿਚਾਰਾਂ ਨੂੰ ਕਿਸੇ ਨਾ ਕਿਸੇ ਰੂਪ ਵਿਚ ਪ੍ਰਗਟ ਕਰਨਾ ਆਉਂਦਾ ਸੀ। ਐਮਰਜੈਂਸੀ ਲਗਦੇ ਸਾਰ ਸੈਂਸਰਸ਼ਿਪ ਬੜੀ ਸਖ਼ਤ ਸੀ। ਗੱਲ ਕਰਨੀ ਔਖੀ ਪ੍ਰਤੀਤ ਹੁੰਦੀ ਸੀ। ਪਰ ਸੁਹੇਲ ਆਪਣੀ ਗੱਲ ਕਰਨ ਲਈ ਕੋਈ ਨਾ ਕੋਈ ਢੰਗ ਤਰੀਕਾ ਲੱਭ ਲੈਂਦਾ ਸੀ।

ਐਮਰਜੈਂਸੀ ਭਰ ਗਰਮੀਆਂ ਵਿੱਚ ਲੱਗੀ। ਮੈਨੂੰ ਯਾਦ ਹੈ ਹਨੇਰੀਆਂ ਸ਼ੁਰੂ ਹੋਣ ਤੇ ਉਸ ਨੇ ਲਿਖਿਆ ਸੀ, "ਹਨੇਰੀ ਆਉਂਦੀ ਹੈ, ਘੱਟਾ ਮਿੱਟੀ ਉਡਾਉਂਦੀ ਹੈ। ਬੂਹੇ ਬਾਰੀਆਂ ਬੰਦ ਕਰਨੇ ਪੈਂਦੇ ਹਨ। ਪਰ ਨਿਰਾਸ਼ ਹੋਣ ਦੀ ਲੋੜ ਨਹੀਂ। ਹਨੇਰੀ ਤੋਂ ਬਾਅਦ ਛਿੱਟੇ ਵੀ ਪੈਂਦੇ ਹਨ ਤੇ ਆਸਮਾਨ ਸਾਫ਼ ਹੋ ਜਾਂਦਾ ਹੈ।"

ਉਸ ਨੇ ਐਮਰਜੈਂਸੀ ਸਮੇਂ ਇੱਕ ਨਿੱਕੀ ਕਹਾਣੀ ਲਿਖ ਕੇ 'ਸਿਰਜਣਾ' ਨੂੰ ਭੇਜੀ ਸੀ। ਇਸ ਕਹਾਣੀ ਦਾ ਪਾਤਰ ਰੇਡੀਓ ਸੁਣਨ ਦਾ ਬੜਾ ਸ਼ੌਕੀਨ ਸੀ, ਕਿਉਂਕਿ ਪੱਤਰਕਾਰੀ ਉਸਦਾ ਪੇਸ਼ਾ ਸੀ। ਇਸ ਪਾਤਰ ਦਾ ਨਵਾਂ ਵਿਆਹ ਹੁੰਦਾ ਹੈ। ਪਰ ਪੱਤਰਕਾਰ, ਸੰਸਾਰ ਵਿਚ ਤੇ ਆਪਣੇ ਦੇਸ਼ ਵਿਚ ਵਾਪਰਦੀਆਂ ਘਟਨਾਵਾਂ ਨੂੰ ਜਾਨਣ ਲਈ ਸਦਾ ਰੇਡੀਓ ਲਾਈ ਰੱਖਦਾ ਹੈ। ਪਰ ਘਰ ਵਾਲੀ ਨੂੰ ਰੇਡੀਓ ਦੀ ਕਾਂ ਕਾਂ ਚੰਗੀ ਨਹੀਂ ਲੱਗਦੀ, ਅਖੀਰ ਅੱਕ ਕੇ, ਉਹ ਰੁੱਸ ਕੇ, ਪੇਕੇ ਚਲੀ ਜਾਂਦੀ ਹੈ। ਏਨੇ ਨੂੰ ਖ਼ਬਰਾਂ ਤੇ ਸੈਂਸਰਸ਼ਿਪ ਲੱਗ

ਜਾਂਦੀ ਹੈ ਰੇਡੀਓ ਤੋਂ ਆ ਰਹੀਆਂ ਖ਼ਬਰਾਂ ਬਾਰੇ ਹੁਣ ਪੱਤਰਕਾਰ ਨੂੰ ਕੋਈ ਦਿਲਚਸਪੀ ਨਹੀਂ ਰਹਿੰਦੀ। ਉਹ ਰੇਡੀਓ ਸੁਣਨਾ ਛੱਡ ਦਿੰਦਾ ਹੈ ਤੇ ਰੁੱਸੀ ਹੋਈ ਪਤਨੀ ਨੂੰ ਮਨਾ ਕੇ ਵਾਪਸ ਲੈ ਆਉਂਦਾ ਹੈ।

ਔਖੇ ਹਾਲਾਤ ਵਿਚ ਆਪਣੀ ਗੱਲ ਪਾਠਕਾਂ ਤੀਕ ਪਹੁੰਚਾਣੀ ਤੇ ਸਰਕਾਰੀ ਜਬਰ ਤੋਂ ਵੀ ਬਚੇ ਰਹਿਣਾ। ਪਰ ਇਨ੍ਹਾਂ ਗੱਲਾਂ ਲਈ ਲੇਖਕ/ਪੱਤਰਕਾਰ ਦੀ ਕਲਮ ਵਿਚ ਸੂਖ਼ਮਤਾ ਦਾ ਹੋਣਾ ਬੜਾ ਜ਼ਰੂਰੀ ਹੁੰਦਾ ਹੈ।

ਮੈਂ ਜਦੋਂ ਦਫ਼ਤਰ ਉਸ ਨੂੰ ਮਿਲਣ ਆਉਂਦਾ ਤਾਂ ਉਹ ਆਖਦਾ, 'ਲਿਆ ਕੋਈ ਨਵੀਂ ਕਵਿਤਾ ਛਾਪੀਏ ਤੇਰੀ, 'ਲੋਕ-ਲਹਿਰ' ਵਿਚ' ਮੈਂ ਕਹਿਣਾ, 'ਨਹੀਂ ਪਹਿਲਾਂ ਮੈਂ ਇਹ ਕਿਤੇ ਹੋਰ ਥੇ ਛਪਵਾਵਾਂਗਾ ਤੇ ਛਪੀ ਹੋਈ ਕਵਿਤਾ ਤੈਨੂੰ ਦਿਆਂਗਾ।'

'ਨਹੀਂ, ਇਹ ਤੇਰਾ ਭਰਮ ਹੈ। ਸਾਡੀ ਅਖ਼ਬਾਰ ਦਾ ਆਪਣਾ ਪੱਧਰ ਤੇ ਘੇਰਾ ਹੈ। ਅਸੀਂ ਵੀ ਜਣੇ ਖਣੇ ਦੀ ਰਚਨਾ ਨਹੀਂ ਛਾਪਦੇ। ਕਿਸੇ ਵਿਚ ਕੋਈ ਰੜਕ ਹੋਵੇ, ਸਮਾਜਕ ਸੱਚ ਹੋਵੇ ਤੇ ਉਸ ਪ੍ਰਗਟ ਕੀਤੇ ਸੱਚ ਲਈ ਡੱਟ ਜਾਣ ਦੀ ਲੇਖਕ ਵਿਚ ਜੁਰਅਤ ਹੋਵੇ।'

ਤੇ ਮੈਂ ਉਸ ਦੀ ਦਲੀਲ ਮੰਨ ਕੇ ਉਹਨੂੰ ਆਪਣੀ ਕੋਈ ਤਾਜ਼ਾ ਗ਼ਜ਼ਲ ਜਾਂ ਨਜ਼ਮ ਦੇ ਦਿੰਦਾ। ਛਾਪਣ ਤੇ ਉਹ ਪੁੱਛਦਾ, 'ਕਿਉਂ ਠੀਕ ਵੀ ਛਪੀ?' ਮੈਂ ਪ੍ਰੈਸ ਦੀਆਂ ਰਹਿ ਗਈਆਂ, ਗ਼ਲਤੀਆਂ ਵਲ ਉਸ ਦਾ ਧਿਆਨ ਦਿਵਾਉਂਦਾ ਤਾਂ ਆਖਦਾ ਯਾਰ ਸਾਥੋਂ ਅਖ਼ਬਾਰਾਂ ਵਾਲਿਆਂ ਤੋਂ ਕਿਤੇ ਨਾ ਕਿਤੇ ਛਪਾਈ ਦੀਆਂ ਗ਼ਲਤੀਆਂ ਰਹਿ ਹੀ ਜਾਂਦੀਆਂ ਹਨ' ਮੈਂ ਉਸ ਦੀ ਮਜਬੂਰੀ ਸਮਝ ਕੇ ਚੁੱਪ ਕਰ ਜਾਂਦਾ।

ਬਦਲਦੇ ਹੋਏ ਹਾਲਾਤ ਵਿਚ ਆਪਣੀ ਦਖ਼ਲ-ਅੰਦਾਜ਼ੀ ਦਾ ਉਸ ਨੂੰ ਸਦਾ ਫ਼ਿਕਰ ਰਹਿੰਦਾ ਸੀ। ਜਦੋਂ 1984 ਵਿਚ ਉਪਰੇਸ਼ਨ ਨੀਲਾ ਤਾਰਾ ਤੇ ਦਿੱਲੀ ਦੰਗਿਆਂ ਦੇ ਸਿੱਟੇ ਵਜੋਂ ਪੰਜਾਬੀ ਕਵੀ ਫ਼ਿਰਕੂ ਭਾਵਨਾ ਦੇ ਹੜ੍ਹ ਵਿਚ ਰੁੜ੍ਹਦੇ ਦਿਸਣ ਲੱਗੇ ਤਾਂ ਸਾਥੀ ਸੁਹੇਲ ਨੇ ਕਿਹਾ, 'ਆਪਾਂ ਨੂੰ ਨਰੋਇਆ ਪੱਖ ਪੇਸ਼ ਕਰਨ ਵਾਲੀਆਂ ਕਵਿਤਾਵਾਂ ਕਿਤਾਬਚੇ ਦੇ ਰੂਪ ਵਿਚ ਛਾਪਣੀਆਂ ਚਾਹੀਦੀਆਂ ਹਨ। ਕਈ ਦਿਨ ਗੱਲ ਚੱਲਦੀ ਰਹੀ। ਪਰ ਸੁਹੇਲ ਇਹ ਕੰਮ ਤੁਰੰਤ ਕਰਨਾ ਚਾਹੁੰਦਾ ਸੀ। ਨਰੋਈ ਦਿੱਖ ਤੇ ਫ਼ਿਰਕੂ ਉਲਾਰਪੁਣੇ ਤੋਂ ਬਚੋ, ਅਸੀਂ ਜਿਨ੍ਹਾਂ ਚਾਰ ਕਵੀਆਂ ਦੀਆਂ ਕਵਿਤਾਵਾਂ ਛਾਪਣ ਦੀ ਯੋਜਨਾ ਬਣਾਈ ਉਹ ਸਨ, ਮੇਜਰ ਪਿਆਰਾ ਸਿੰਘ, ਪ੍ਰੋ: ਜਾਗੀਰ ਕਾਹਲੋਂ, ਪ੍ਰੋ. ਸੁਰਿੰਦਰ ਕਾਹਲੋਂ ਤੇ ਮੈਂ। ਖਰਚ ਦਾ ਪ੍ਰਬੰਧ ਕਰਕੇ ਛਪਾਈ ਦੀ ਸਾਰੀ ਜ਼ੁੰਮੇਂਵਾਰੀ ਸੁਹੇਲ ਨੇ ਆਪਣੇ ਸਿਰ ਲੈ ਲਈ ਤੇ ਪ੍ਰਿੰਟ ਲਾਈਨ ਆਪਣੀਆਂ ਦੋਹਾਂ ਲੜਕੀਆਂ ਦੇ ਨਾਂ ਦੀ ਦੇ ਦਿੱਤੀ। ਇਸ ਕਿਤਾਬਚੇ ਦਾ ਨਾਂ ਸੀ, 'ਸੱਚ ਕੀ ਬਾਣੀ' ਉਸ ਦੀ ਭੂਮਿਕਾ ਵਿਚ ਸੁਹੇਲ ਨੇ ਲਿਖਿਆ ਸੀ;

'ਇਹ ਕਵਿਤਾਵਾਂ ਫ਼ੈਸ਼ਨ ਵਜੋਂ ਅੱਜਕੱਲ੍ਹ ਲਿਖੀਆਂ ਜਾ ਰਹੀਆਂ ਰਚਨਾਵਾਂ ਤੋਂ ਸਪੱਸ਼ਟ ਤੌਰ ਤੇ ਵੱਖਰੀਆਂ ਹਨ। ਹੋਈਆਂ ਘਟਨਾਵਾਂ ਬਾਰੇ ਚੁੱਪ ਰਹਿਣਾ ਜਾਂ ਫ਼ਿਰਕੂਪੁਣੇ ਦੇ ਹੜ੍ਹ ਵਿਚ ਰੁੜ੍ਹ ਜਾਣ। ਇਕੋ ਜਿਹੇ ਨਾ-ਮੁਆਫ਼ ਕੀਤੇ ਜਾਣ ਵਾਲੇ ਗੁਨਾਹ ਹਨ... ਸਾਨੂੰ ਭਰੋਸਾ ਹੈ ਕਿ ਇਹ ਕਿਤਾਬਚਾ ਇਤਿਹਾਸ ਦੇ ਇਸ ਸੰਕਟ ਭਰੇ ਮੋੜ ਤੇ ਇਕ ਸਾਂਭਣਯੋਗ ਦਸਤਾਵੇਜ਼ ਸਾਬਤ ਹੋਵੇਗਾ। ਅਸੀਂ ਲੋਕਾਂ ਨੂੰ ਧਰਮ ਜਾਂ ਸੰਪਰਦਾਇਕਤਾ ਦੇ ਨਾਂ ਉੱਤੇ ਪਾੜਨ ਵਾਲੀ ਹਰ ਸ਼ਕਤੀ ਨੂੰ ਦਲੇਰੀ ਨਾਲ ਬੇਨਕਾਬ ਕਰਨ ਦੇ ਹੱਕ ਵਿਚ



ਹਾਂ। ਸਾਡੀ ਕਲਮ ਦੀ ਜੀਭ ਕੌੜੇ ਸੱਚ ਦੇ ਬੋਲ ਬੋਲਣ ਤੋਂ ਇਨਕਾਰੀ ਨਹੀਂ।

ਸੁਹੇਲ ਦੇ ਇਹ ਸ਼ਬਦ ਸਹੀ ਸਾਬਤ ਹੋਏ ਹਨ। ਵਿਦਵਾਨਾਂ, ਖੋਜੀਆਂ ਤੇ ਕਵਿਤਾਵਾਂ-ਪ੍ਰੇਮੀਆਂ ਦੀਆਂ ਗੋਸ਼ਟੀਆਂ ਜਾਂ ਸੈਮੀਨਾਰਾਂ ਵਿਚ ਜਦੋਂ ਵੀ ਪੰਜਾਬ ਸੰਕਟ ਨਾਲ ਸਬੰਧਤ ਪੁਸਤਕ ਦਾ ਜ਼ਿਕਰ ਹੁੰਦਾ ਹੈ ਤਾਂ ਨਾਲ ਹੀ ਸਾਥੀ ਵਲੋਂ ਸੰਪਾਦਿਤ ਕੀਤੇ ਗਏ ਇਸ ਛੋਟੇ ਕਿਤਾਬਚੇ ਦਾ ਜ਼ਿਕਰ ਵੀ ਅਵੱਸ਼ ਹੁੰਦਾ ਹੈ।

ਸੁਹੇਲ ਦੀ ਕਲਮ ਵਿਚ ਡੂੰਘੀ ਚੋਭ ਤੇ ਵਿਅੰਗ ਹੁੰਦਾ ਸੀ। ਉਹ ਲੋਕ ਲਹਿਰ ਵਿਚ ਲਗਾਤਾਰ ਕਈ ਵਰ੍ਹੇ 'ਹੁੱਝਾਂ ਤੇ ਆਰਾਂ'! ਕਾਲਮ ਲਿਖਦਾ ਰਿਹਾ। ਖ਼ਬਰ ਪਕੜਨ ਤੇ ਪੇਸ਼ ਕਰਨ ਵੇਲੇ ਉਸ ਦੀ ਅੱਖ ਬਾਜ਼ ਵਰਗੀ ਹੁੰਦੀ ਸੀ ਤੇ ਉਹ ਆਪਣੀ ਧਿਰ ਉੱਤੇ ਵੀ ਉਸਾਰੂ ਵਿਅੰਗ ਕਰਨ ਤੋਂ ਨਹੀਂ ਸੀ ਝਿਜਕਦਾ। ਕਦੇ ਉਹ ਇਹ ਕਾਲਮ ਲਿਖਦੇ-ਲਿਖਦੇ ਕਾਵਿ-ਪੰਗਤੀਆਂ ਵੀ ਲਿਖ ਜਾਂਦਾ ਸੀ।

ਜਦੋਂ ਸ. ਸ. ਮੀਸ਼ਾ ਸਠਿਆਲੇ ਕਾਲਜ ਤੋਂ ਪ੍ਰੋਫੈਸਰੀ ਛੱਡ ਕੇ ਜਲੰਧਰ ਰੇਡੀਓ ਸਟੇਸ਼ਨ ਉੱਤੇ ਆ ਲੱਗਾ ਤਾਂ ਉਸ ਦੀ ਕਵਿਤਾ ਦੀ ਸੁਰ ਵੀ ਬਦਲਣ ਲੱਗੀ। ਪਹਿਲਾਂ ਵਾਲੀ, ਸੱਚ ਨੂੰ ਪਛਾਨਣ ਵਾਲੀ ਜੁਰਅਤ ਨਾ ਰਹੀ ਤੇ ਸਮਝੌਤਾਵਾਦੀ ਬਿਰਤੀ ਦਾ ਪ੍ਰਗਟਾਵਾ ਹੋਣ ਲੱਗਾ ਤਾਂ ਸਾਥੀ ਸੁਹੇਲ ਨੇ ਇਕ ਵਿਅੰਗਮਈ ਕਵਿਤਾ ਲਿਖੀ, 'ਆਕਾਸ਼ ਦੇਸ਼ ਦਾ ਨਾਟਕ' ਤੇ ਮੀਸ਼ਾ ਨੂੰ ਸਮਰਪਿਤ ਕੀਤੀ:

ਹਰ ਵਾਦ ਦਾ ਅਧਿਅਨ ਕਰਕੇ
ਹੁਣ ਖੇਤਰ ਦਾ ਧੰਦਾ ਕਰਕੇ
ਮੈਂ ਚੌਰਸਤੇ ਵਿਚ ਆ ਖੜ੍ਹਿਆ
ਅਕਲ ਹੋਸ਼, ਨੂੰ ਜੰਦਰੇ ਲਾ ਕੇ
ਪਿਛਲੇ ਉੱਤੇ ਮਿੱਟੀ ਪਾ ਕੇ
ਹੌਂਸਲਾ ਕਰਕੇ ਅੱਗੇ ਵਧਿਆ
ਗਾਂਧੀਵਾਦ ਦਾ ਪੱਲਾ ਫੜਿਆ!!

**(ਸਿਰਜਣਾ ਅਪ੍ਰੈਲ-ਜੂਨ- 69)**

ਕੁੱਝ ਸਾਲ ਪਹਿਲਾਂ ਜਦੋਂ ਉਹ ਪੰਦਰਾਂ ਦਿਨਾ ਦੀ ਚੀਨ-ਯਾਤਰਾ ਤੇ ਗਿਆ ਤਾਂ ਮੈਨੂੰ ਇਸ ਖ਼ਬਰ ਨੇ ਖ਼ੁਸ਼ੀ ਦਿੱਤੀ। ਸੋਚਿਆ ਉਹ ਚੀਨ ਤੋਂ ਯਾਤਰਾ-ਸੰਗ੍ਰਹਿ ਦੀ ਲੇਖ ਲੜੀ ਲੈ ਕੇ ਆਵੇਗਾ ਤੇ ਇੰਝ 'ਚੀਨ ਦੀ ਸੈਰ' ਪੁਸਤਕ ਦੀ ਸਿਰਜਣਾ ਸੰਭਵ ਹੋਵੇਗੀ। ਚੀਨ ਤੋਂ ਵਾਪਸ ਆ ਕੇ ਉਸ, ਉਥੋਂ ਇਕੱਤਰ ਕੀਤੀ ਜਾਣਕਾਰੀ ਦੇ ਆਧਾਰ ਤੇ 'ਲੋਕ ਲਹਿਰ' ਵਿਚ ਲਗਾਤਾਰ ਯਾਤਰਾ-ਲੇਖ ਲਿਖੇ। ਜਦੋਂ ਇਹ ਲੇਖ ਛਪਣੇ ਮੁੱਕ ਗਏ ਤਾਂ ਮੈਂ ਉਸ ਨੂੰ ਕਿਹਾ, ਤੂੰ ਇਨ੍ਹਾਂ ਲੇਖਾਂ ਨੂੰ ਨਵੇਂ ਸਿਰ ਤੋਂ ਚੈੱਕ ਕਰ ਤੇ ਸੰਪਾਦਨਾ ਕਰਕੇ ਖਰੜਾ ਮੈਨੂੰ ਦੇ ਦੇ। ਮੈਂ ਇਸ ਨੂੰ ਛਾਪਣ ਦਾ ਪ੍ਰਬੰਧ ਕਰਾਂਗਾ, ਪਰ ਉਹ ਇਸ ਕੰਮ ਨੂੰ ਲਗਾਤਾਰ ਟਾਲਦਾ ਰਿਹਾ। ਇਕ ਦਿਨ ਅੱਕ ਕੇ ਮੈਂ ਪੁੱਛਿਆ;

'ਤੂੰ ਇਹ ਖਰੜਾ ਤਿਆਰ ਕਿਉਂ ਨਹੀਂ ਕਰਕੇ ਦਿੰਦਾ?'' ਤਾਂ ਕਹਿਣ ਲੱਗਾ;

'ਛੱਡ ਯਾਰ, ਕੀ ਪਿਆ ਇਨ੍ਹਾਂ ਗੱਲਾਂ ਵਿਚ। ਕਿਤਾਬ ਛੱਪਣ ਨਾਲ ਕੀ ਹੋ ਚੱਲਿਆ।'

ਮੈਂ ਕਿਹਾ, 'ਇਹ ਗੱਲ ਗ਼ਲਤ ਹੈ। ਤੂੰ ਜੋ ਜਾਣਕਾਰੀ ਉਥੋਂ ਲੈ ਕੇ ਆਇਆ ਹੈਂ, ਇਹ ਲੋਕ ਲਹਿਰ ਦੇ ਪਾਠਕ-ਘੇਰੇ ਤੋਂ ਬਾਹਰ ਵੀ ਜਾਣੀ ਚਾਹੀਦੀ ਹੈ। ਤੈਨੂੰ ਪਤਾ ਨਹੀਂ ਹਲਵਾਰਵੀ ਦੀ 'ਚੀਨ ਵਿਚ ਕੁੱਝ ਦਿਨ' ਕਿਸੇ ਕੋਰਸ ਵਿਚ ਲੱਗੀ ਹੋਈ ਹੈ।'

ਸੁਣ ਕੇ ਉਹ ਕਹਿਣ ਲੱਗਾ, 'ਤੈਨੂੰ ਅਸਲੀ ਗੱਲ ਦਾ ਪਤਾ ਨਹੀਂ। ਇਹ ਲੇਖ ਕਾਹਲੀ ਵਿਚ ਝਰੀਟੇ ਗਏ ਸਨ। ਮੈਂ ਇਨ੍ਹਾਂ ਨੂੰ ਦੁਬਾਰਾ ਸੋਧ ਕੇ ਸਾਹਿਤਕ ਰੰਗ ਵਿਚ ਲਿਖਣਾ ਚਾਹੁੰਨਾਂ ਤਾਂ ਹੀ ਇਹ ਪੁਸਤਕ ਰੂਪ ਵਿਚ ਛਪਣ ਦੇ ਕਾਬਿਲ ਹੋਣਗੇ।' ਪਤਾ ਨਹੀਂ ਕਦੋਂ ਵਿਹਲ ਮਿਲਣੀ ਸੀ, ਉਸ ਨੂੰ ਇਨ੍ਹਾਂ ਲਿਖਤਾਂ ਨੂੰ ਦੁਬਾਰਾ ਸੋਧਣ ਦੀ!!

ਰਘਬੀਰ ਢੰਡ ਦੀ ਮੌਤ ਪਿਛੋਂ ਜਦੋਂ ਲੋਕ ਲਹਿਰ ਵਿਚ ਢੰਡ ਦੀਆਂ ਕਹਾਣੀਆਂ ਛਪਣ ਲੱਗੀਆਂ ਤਾਂ ਮੈਂ ਪੁੱਛਿਆ:

'ਤੂੰ ਜੀਉਂਦੇ ਜੀ ਤਾਂ ਇਹ ਕਹਾਣੀਆਂ ਕਦੇ ਲੋਕ ਲਹਿਰ ਵਿਚ ਛਾਪੀਆਂ ਨਹੀਂ ਸੀ। ਹੁਣ ਕਿਧਰੋਂ ਚੇਤਾ ਆ ਗਿਆ?'

ਕਹਿਣ ਲੱਗਾ, 'ਵਕਤ ਵਕਤ ਦੀ ਗੱਲ ਹੈ।'

'ਗੱਲ ਇਹ ਹੈ ਕਿ ਹੁੰਦਲ, ਸਾਹਿਤ ਦੇ ਮਸਲੇ ਬੜੇ ਨਾਜ਼ੁਕ ਹੁੰਦੇ ਹਨ। ਇਨ੍ਹਾਂ ਬਾਰੇ ਹਰ ਕੋਈ ਹਰ ਸਮੇਂ ਠੀਕ ਨਿਰਣਾ ਨਹੀਂ, ਕਰ ਸਕਦਾ। ਢੰਡ ਸਾਡੇ ਵਧੀਆ ਲੇਖਕਾਂ 'ਚੋਂ ਸੀ। ਉਸਦਾ ਉੱਤਰ ਸੁਣਕੇ ਮੈਂ ਚੁੱਪ ਕਰ ਗਿਆ।

ਬਦਲਦੀਆਂ ਹੋਈਆਂ ਪ੍ਰਸਥਿਤੀਆਂ ਵਿਚ, ਬਹੁਤ ਸਾਰੇ ਨੌਜਵਾਨ ਲੋਕ ਲਹਿਰ ਵਿਚ ਸੰਪਾਦਕੀ ਸਿਖਿਆ ਲਈ ਆਉਂਦੇ, ਕੰਮ ਸਿਖਦੇ ਤੇ ਅਵਸਰ ਮਿਲਣ ਤੇ ਸਰਮਾਏਦਾਰ ਜਾਂ ਫ਼ਿਰਕੂ ਅਖ਼ਬਾਰਾਂ ਵਿਚ, ਚੰਗੇਰੀ ਨੌਕਰੀ ਦੀ ਭਾਲ਼ ਵਿਚ ਚਲੇ ਜਾਂਦੇ ਰਹੇ। ਲੋੜ ਪੈਣ ਤੇ ਉਹ ਸਾਥੀ ਸੁਹੇਲ ਕੋਲੋਂ ਤਜ਼ਰਬੇ ਦੇ ਸਰਟੀਫਿਕੇਟ ਲਿਖਵਾਉਂਦੇ ਤੇ ਵਧੇਰੇ ਤਨਖਾਹ ਵਾਲੀ ਨੌਕਰੀ ਪ੍ਰਾਪਤ ਕਰ ਲੈਂਦੇ ਰਹੇ। ਇਕ ਵਾਰ ਮੈਂ ਟੋਹਣ ਦੀ ਦ੍ਰਿਸ਼ਟੀ ਤੋਂ ਪੁਛਿਆ 'ਸੁਹੇਲ, ਕਿੰਨੇ ਲੋਕ ਤੇਰੀਆਂ ਸਿਫ਼ਾਰਸ਼ੀ ਚਿੱਠੀਆਂ ਨਾਲ ਹੋਰ ਅਖ਼ਬਾਰਾਂ ਵਿਚ ਚਲੇ ਗਏ ਨੇ। ਕਿਤੇ ਤੂੰ ਵੀ ਹੱਥ ਮਾਰ ਲੈਣਾ ਸੀ। ਤੇਰੇ ਵਿਚ ਯੋਗਤਾ ਹੈ।'

ਸੁਣ ਕੇ ਉਹ ਹੱਸ ਪਿਆ। ਮੇਰੀਆਂ ਅੱਖਾਂ ਵਲ ਵੇਖਿਆ ਤੇ ਕਹਿਣ ਲੱਗਾ, 'ਇਮਤਿਹਾਨ ਲੈ ਰਿਹਾਂ। ਇਹ ਸਿੱਖੀ ਤਾਂ ਕੇਸਾਂ ਸਵਾਸਾਂ ਨਾਲ ਨਿਭੂ। ਅਸੀਂ ਕਦੇ ਬੇਦਾਵੇ ਨਹੀਂ ਦੇਣੇ।'

ਲੋਕ ਲਹਿਰ ਨਾਲ ਆਪਣੀ ਵਚਨਬੱਧਤਾ ਨੂੰ ਉਹ ਆਖ਼ਰੀ ਸਵਾਸਾਂ ਤੀਕ ਨਿਭਾ ਗਿਆ ਸੀ। ਉਸ ਦੀ ਇਸ ਸਮਰਪਣ ਦੀ ਭਾਵਨਾ ਨੂੰ ਚਿਤਵਿਆਂ ਮੈਨੂੰ ਆਪਣਾ ਇਕ ਸ਼ਿਅਰ ਮੁੜ ਮੁੜ ਯਾਦ ਆਉਂਦਾ ਹੈ;

ਬੱਦਲ ਦੇ ਪਛਾਵੇਂ ਵਾਂਗੂੰ
ਆਉਂਦੇ ਤੇ ਤੁਰ ਜਾਂਦੇ
ਸਾਰੀ ਉਮਰਾਂ ਨਾਲ ਹਨੇਰੇ
ਲੜਦਾ ਕੋਈ ਕੋਈ

ਪਿਛਲੇ ਦਸਾਂ ਸਾਲਾਂ ਵਿਚ ਪੰਜਾਬ ਦੇ ਲੋਕਾਂ ਨੇ ਜਿਹੜਾ ਸੰਤਾਪ ਫ਼ਿਰਕੂ ਜਨੂੰਨੀਆਂ



ਤੇ ਕੇਂਦਰ ਦੀਆਂ ਸਵਾਰਥੀ ਕੁਚਾਲਾਂ ਹੱਥੋਂ ਭੋਗਿਆ ਹੈ, ਉਸ ਦਾ ਸੇਕ ਉਨ੍ਹਾਂ ਪੱਤਰਕਾਰਾਂ ਨੂੰ ਝੱਲਣਾ ਪਿਆ ਜਿਹੜੇ ਧਰਮ-ਨਿਰਪੱਖਤਾ ਤੇ ਜਮਹੂਰੀ ਕਦਰਾਂ-ਕੀਮਤਾਂ ਉਤੇ ਪਹਿਰਾ ਦੇਣ ਵਾਲੇ ਸਨ। ਲੋਕ ਲਹਿਰ ਦੇ ਸੰਪਾਦਕ ਸਾਥੀ ਸੁਹੇਲ ਨੇ ਬੇਖ਼ੌਫ਼ ਹੋ ਕੇ ਅੱਤਵਾਦੀ ਕਾਤਲਾਂ ਦੇ ਘਿਰਣਿਤ ਕਾਰਿਆਂ ਵਿਰੁੱਧ ਆਪਣੀ ਕਲਮ ਚਲਾਈ ਸੀ। ਉਸ ਨੂੰ ਆਪਣੇ ਉਦੇਸ਼ ਪਿਆਰੇ ਸਨ। ਉਹ ਸ਼ਾਮ ਨੂੰ ਮਿਲਦਾ ਤੇ ਆਖਦਾ;

'ਤੂੰ ਰਿਕਸ਼ਾ ਲੈ ਘਰ ਚਲੇ ਚੱਲ ਤੇ ਰਘਬੀਰ ਨੂੰ ਦੱਸ ਦੇਵੀਂ ਕਿ ਮੈਂ ਜ਼ਰਾ ਠਹਿਰ ਕੇ ਆ ਰਿਹਾਂ।' ਹੌਲ਼ੀ-ਹੌਲ਼ੀ ਉਤਰਦੀ ਹੋਈ ਸ਼ਾਮ ਦੇ ਸਲੇਟੀ ਰੰਗੇ ਘੁਸ-ਮੁਸੇ ਵਿਚ, ਉਹ ਜਾਣ ਬੁੱਝ ਕੇ ਦਫ਼ਤਰੋਂ ਜ਼ਰਾ ਲੇਟ ਤੁਰਦਾ ਤੇ ਚਹਾਰ ਬਾਗ਼, ਸੈਂਟਰਲ ਟਾਊਨ ਦੀਆਂ ਵਿੰਗ-ਵਲੇਵੇਂ ਖਾਂਦੀਆਂ ਗਲ਼ੀਆਂ ਵਿਚ ਦੀ, ਲੰਮਾ ਚੱਕਰ ਕੱਟਦਾ, ਕਈ ਮੋੜ ਮੁੜਦਾ, ਹਨੇਰਾ ਹੋਏ ਘਰ ਪਹੁੰਚਦਾ। ਅਸੀਂ ਸਾਹ ਰੋਕੀ ਉਸ ਦੀ ਇੰਤਜ਼ਾਰ ਕਰ ਰਹੇ ਹੁੰਦੇ। ਅਸੀਂ ਉਸ ਦੀ ਸੁਰੱਖਿਆ ਬਾਰੇ ਚਿੰਤਾ ਪ੍ਰਗਟ ਕਰਦੇ ਤਾਂ ਹੱਸ ਪੈਂਦਾ ਤੇ ਆਖਦਾ;

'ਯਾਰ, ਇਹ ਰਘਬੀਰ ਐਵੇਂ ਚਿੰਤਾ ਕਰਦੀ ਹੈ। ਡਰਿਆਂ ਵੀ ਕਦੇ ਜ਼ਿੰਦਗੀ ਲੰਘੀ ਹੈ। ਮੌਤ ਭਾਵੇਂ ਮੇਰੇ ਪਿੱਛੇ-ਪਿੱਛੇ ਫਿਰਦੀ ਰਹਿੰਦੀ ਹੈ, ਪਰ ਮੈਂ ਇਸ ਨਾਲ ਲੁਕਣ-ਮੀਚੀ ਖੇਡਦਾ ਰਹਿਨਾਂ। ਬੱਸ, ਔਖੇ ਵੇਲਿਆਂ ਵਿਚ ਵੀ ਦਿਲ ਨਹੀਂ ਛੱਡੀਦਾ ਹੁੰਦਾ।'

ਤੇ ਹੁਣ ਜਦੋਂ ਪੰਜਾਬ ਦਹਿਸ਼ਤ ਦੇ ਮਾਹੌਲ ਵਿਚੋਂ ਲੰਘ, ਕੁਝ ਸੁੱਖ ਦਾ ਸਾਹ ਲੈਣ ਲੱਗਾ ਸੀ, ਉਹ ਮੌਤ ਨੂੰ ਝਕਾਨੀ ਨਾ ਦੇ ਸਕਿਆ। ਉਸ ਨੂੰ ਪਤਾ ਹੀ ਨਾ ਲੱਗਾ ਕਿ ਦੁਸ਼ਮਣ ਬਾਹਰ ਵੀ ਹੁੰਦੇ ਹਨ ਤੇ ਜਿਸਮ ਦੇ ਅੰਦਰ ਵੀ। ਬਾਹਰਲੇ ਦੁਸ਼ਮਣਾਂ ਪ੍ਰਤੀ ਪੂਰੀ ਚੌਕਸੀ ਵਰਤਦਾ, ਉਹ ਜਿਸਮ ਦੇ ਅੰਦਰਲੇ ਦੁਸ਼ਮਣਾਂ ਤੋਂ ਅਕਸਰ ਹੀ ਅਵੇਸਲਾ ਹੋ ਜਾਂਦਾ ਸੀ।

ਮੌਤ ਤੋਂ ਕਰੀਬ ਇਕ ਹਫ਼ਤਾ ਪਹਿਲਾਂ ਮੈਂ ਉਸ ਦੇ ਦਫ਼ਤਰ ਉਹਨੂੰ ਮਿਲਣ ਆਇਆ। ਉਹ ਲਗਾਤਾਰ ਤਿੰਨ ਚਾਰ ਘੰਟੇ ਧੁੱਪ ਸੇਕਦਾ ਕੁਰਸੀ 'ਤੇ ਬੈਠਾ ਰਿਹਾ।

ਮੈਂ ਪੁੱਛਿਆ, 'ਸੁਹੇਲ, ਤੂੰ ਅੱਜ ਕੱਖ ਭੰਨ ਕੇ ਦੋਹਰਾ ਨਹੀਂ ਕੀਤਾ। ਆਖ਼ਰ ਗੱਲ ਕੀ ਹੈ?

'ਮੈਂ ਕੁੱਝ ਬੀਮਾਰ ਹਾਂ, ਹੁੰਦਲ। ਮੇਰੀ ਬਾਂਹ ਤੇ ਹੱਥ ਸੌਂ ਜਾਂਦਾ।'

ਗੱਲ ਸੁਣ ਕੇ ਮੈਨੂੰ ਚਿੰਤਾ ਹੋਈ। ਇਹ ਬੀਮਾਰੀ ਮੈਨੂੰ ਅਧਰੰਗ ਦਾ ਸੰਕੇਤ ਲੱਗੀ। ਮੈਂ ਕਿਹਾ, 'ਚੱਲ ਤੈਨੂੰ ਡਾ. ਬੀ.ਪੀ. ਸਿੰਘ ਨੂੰ ਵਿਖਾਲ਼ ਲਿਆਂਵਾ। ਉਹ ਚੈੱਕ ਕਰਕੇ ਕੋਈ ਦਵਾਈ ਲਿਖ ਦੇਵੇਗਾ। ਆਹ ਲੋਕ ਲਹਿਰ ਦੇ ਨਾਲ ਹੀ ਉਸ ਦਾ ਹਸਪਤਾਲ ਹੈ।'

'ਨਹੀਂ ਯਾਰ, ਫਿਰ ਸਹੀ ਕਦੇ। ਐਡੀ ਚਿੰਤਾ ਵਾਲੀ ਗੱਲ ਨਹੀਂ।' ਉਹ ਗੱਲ ਨੂੰ ਟਾਲ ਗਿਆ ਤੇ ਆਪਣੇ ਸੱਜੇ ਹੱਥ ਦੀ ਮੁੱਠੀ ਨੂੰ ਕਦੇ ਖੋਲ੍ਹਣ ਤੇ ਕਦੇ ਬੰਦ ਕਰਨ ਵਿਚ ਰੁੱਝ ਗਿਆ।

ਪਿਛਲੇ ਪੂਰੇ ਤਿੰਨ ਦਹਾਕਿਆਂ ਤੋਂ ਅਸੀਂ ਨਾਲ਼-ਨਾਲ਼ ਤੁਰਦੇ, ਆਪਣੇ-ਆਪਣੇ ਖੇਤਰ ਵਿਚ ਅੱਗੇ ਵਧਦੇ ਗਏ। ਮੈਂ ਕਵਿਤਾ ਵਿਚ ਤੇ ਉਹ ਪੱਤਰਕਾਰੀ ਦੇ ਮੈਦਾਨ ਵਿਚ। ਕਦੇ ਇਕ ਵਾਰ ਵੀ ਅਜੇਹਾ ਮੌਕਾ ਨਹੀਂ ਆਇਆ ਕਿ ਉਹ ਮੇਰੇ ਨਾਲ ਤਲਖ਼ ਨਰਾਜ਼ ਹੋਇਆ ਹੋਵੇ।

ਜੇ ਮੈਂ ਆਪਣੇ ਵਿਚਾਰਾਂ ਤੇ ਲਗਾਤਾਰ ਕਾਇਮ ਰਿਹਾ ਹਾਂ, ਜੇ ਮੈਂ ਜ਼ਿੰਦਗੀ ਵਿਚ ਘੱਟ ਥਿੜਕਿਆਂ ਹਾਂ, ਜੇ ਮੈਂ ਗਲਤੀਆਂ ਘੱਟ ਕੀਤੀਆਂ ਹਨ ਤੇ ਸਮਾਜਵਾਦੀ ਲਹਿਰ ਵਿਚ ਆਏ ਹਰ ਮੋੜ ਤੇ ਤਿਲਕਣੋਂ ਤੇ ਡੋਲਣੋ ਬਚ ਜਾਂਦਾ ਰਿਹਾ ਹਾਂ, ਜੇ ਮੇਰੀ ਕਵਿਤਾ ਜਨਵਾਦੀ ਸੰਘਰਸ਼ਾਂ ਨਾਲ ਆਪਣਾ ਨਾਤਾ ਹੋਰ ਪਕੇਰਾ ਕਰਦੀ ਗਈ ਤਾਂ ਇਸ ਵਿਚ ਡਾ: ਰਘਬੀਰ ਸਿੰਘ (ਸਿਰਜਣਾ) ਤੇ ਖ਼ਾਸ ਤੌਰ ਤੇ ਸਾਥੀ ਸੁਹੇਲ ਦੇ ਨਿੱਘੇ ਸਾਥ ਦਾ ਵੱਡਾ ਹੱਥ ਰਿਹਾ ਹੈ।

ਮੇਰੀ ਜ਼ਿੰਦਗੀ ਵਿਚ ਚਾਰ ਸਾਲ ਪਹਿਲਾਂ ਮੇਰੇ ਛੋਟੇ ਭਰਾ ਕੁਲਬੀਰ ਸਿੰਘ ਹੁੰਦਲ ਦੀ ਅਚਾਨਕ ਮੌਤ ਬੜਾ ਭਿਆਨਕ ਹਾਦਸਾ ਸੀ। ਸੁਹੇਲ ਸਿੰਘ ਦੀ ਮੌਤ ਉਸ ਤੋਂ ਵੀ ਵੱਡਾ ਹਾਦਸਾ ਸੀ। ਉਹ ਇਕ ਐਸਾ ਖ਼ਲਾਅ ਪੈਦਾ ਕਰ ਗਿਆ ਹੈ, ਜਿਹੜਾ ਸ਼ਾਇਦ ਪੂਰਾ ਕਰ ਸਕਣਾ ਮੁਸ਼ਕਿਲ ਲਗਦਾ। ਪੱਤਰਕਾਰੀ ਦੇ ਖੇਤਰ ਵਿਚ ਉਸ ਦੀ ਦੇਣ ਬਹੁਤ ਵੱਡਮੁੱਲੀ ਹੈ।

* * *

## ਉਹਦੀ ਮਹਿਕ ਅੱਜ ਵੀ ਤਾਜ਼ਾ ਹੈ

-ਗੁਰਮੀਤ

ਸੁਹਿਰਦਤਾ ਤੇ ਸਾਦਗੀ ਦੀ ਮੂਰਤ ਕਾਮਰੇਡ ਸੁਹੇਲ ਇੱਕ ਅਜਿਹੀ ਮਿਕਨਾਤੀਸੀ ਖਿੱਚ ਵਾਲੀ ਸ਼ਖਸੀਅਤ ਸੀ, ਜਿਹੜਾ ਇੱਕ ਵਾਰੀ ਉਸ ਨੂੰ ਮਿਲ ਲੈਂਦਾ ਵਾਰ-ਵਾਰ ਉਸ ਨੂੰ ਮਿਲਣ ਦਾ ਇਛੁੱਕ ਹੋ ਜਾਂਦਾ ਸੀ...?

....ਇਹ ਦਿਨ 1970 ਦੇ ਅਪ੍ਰੈਲ ਮਹੀਨੇ ਮੈਂ ਸਰਕਾਰੀ ਕਾਲਜ ਟਾਂਡਾ ਛੱਡ ਕੇ ਲਾਇਲਪੁਰ ਖਾਲਸਾ ਕਾਲਜ ਜਲੰਧਰ ਵਿੱਚ ਪ੍ਰੀ-ਮੈਡੀਕਲ ਵਿੱਚ ਦਾਖਲਾ ਲੈ ਲਿਆ। ਏਥੇ ਹੀ ਕਲਾਸ ਵਿੱਚ ਜਗੀਰ ਜੋਹਲ (ਜੋ ਉਸ ਵੇਲੇ ਸੀ. ਪੀ. ਆਈ. ਦੇ ਕੁਲਵਕਤੀ ਦੇ ਤੌਰ 'ਤੇ ਏ. ਆਈ. ਐੱਸ. ਐੱਫ. 'ਚ ਕੰਮ ਕਰਦਾ ਸੀ) ਦੇ ਸੰਪਰਕ ਵਿੱਚ ਆ ਗਿਆ...ਤੇ ਫਿਰ ਉਸ ਦੇ ਨਾਲ ਕਾਲਜ ਖ਼ਤਮ ਹੋਣ ਤੋਂ ਬਾਅਦ ਪੰਜਾਬ ਬੁੱਕ ਸੈਂਟਰ 'ਤੇ ਦੇਰ ਸ਼ਾਮ 'ਨਵਾਂ ਜ਼ਮਾਨਾ' ਦੇ ਦਫ਼ਤਰ ਆਉਣ ਦਾ ਸਿਲਸਿਲਾ ਸ਼ੁਰੂ ਹੋ ਗਿਆ। ਪੰਜਾਬ ਬੁੱਕ ਸੈਂਟਰ ਉਨ੍ਹਾਂ ਦਿਨਾਂ ਵਿੱਚ ਭਾਈਆ ਉਜਾਗਰ ਸਿੰਘ ਬੀਰ ਚਲਾਉਂਦੇ ਸਨ, ਜਿਹੜੇ ਸਾਨੂੰ ਨਵੇਂ ਆਏ ਵਿਦਿਆਰਥੀਆਂ ਨਾਲ ਬਹੁਤ ਸਨੇਹ ਕਰਦੇ ਸਨ ਅਤੇ ਕਿਤਾਬਾਂ ਪੜ੍ਹਨ ਲਈ ਪ੍ਰੇਰਦੇ। ਏਸੇ ਤਰ੍ਹਾਂ 'ਨਵਾਂ ਜ਼ਮਾਨਾ' ਵਿੱਚ ਖਬਰਾਂ ਵਾਲੇ ਡੈਸਕ ਦੇ ਇੰਚਾਰਜ ਕਾਮਰੇਡ ਸੁਰਜਨ ਜ਼ੀਰਵੀ ਨਾਲ ਟੇਬਲ 'ਤੇ ਬੈਠਣ ਦਾ ਐਨਾ ਚਸਕਾ ਪਿਆ ਕਿ ਪ੍ਰੀ-ਮੈਡੀਕਲ ਤੋਂ ਬਾਅਦ ਬੀ.ਐੱਸ ਸੀ ਕਰਕੇ ਕੁੱਲਵਕਤੀ ਤੌਰ ਤੇ 'ਨਵਾਂ ਜ਼ਮਾਨਾ' ਵਿੱਚ ਆ ਗਿਆ ... ਤੇ ਫਿਰ ਦਸੰਬਰ 1990 ਵਿੱਚ 'ਨਵਾਂ ਜ਼ਮਾਨਾ' ਦੀਆਂ ਪੌੜੀਆਂ ਉੱਤਰ ਕੇ ਦੇਸ਼ ਭਗਤ ਯਾਦਗਾਰ ਹਾਲ ਵਿੱਚ ਆ ਗਿਆ।

ਇਸ ਸਮੇਂ ਦੌਰਾਨ ਕਮਿਊਨਿਸਟ ਪਾਰਟੀ ਪੱਤਰਕਾਰੀ ਨਾਲ ਜੁੜੀਆਂ ਬਹੁਤ ਸਾਰੀਆਂ ਸ਼ਖਸੀਅਤਾਂ ਨਾਲ ਬਹੁਤ ਨੇੜਿਓਂ ਮਿਲਣ/ਵਿਚਰਨ ਦਾ ਮੌਕਾ ਮਿਲਿਆ। ਜਿਨ੍ਹਾਂ 'ਚ ਕਾਮਰੇਡ ਸੁਰਜਨ ਜ਼ੀਰਵੀ, ਬਾਬਾ ਗੁਰਬਖ਼ਸ਼ ਸਿੰਘ ਬੰਨੂਆਣਾ, ਬਲਜੀਤ ਪੰਨੂੰ, ਸਰਵਣ ਜ਼ਫ਼ਰ ਅਤੇ ਕਾਮਰੇਡ ਸੁਹੇਲ ਵਰਗੀਆਂ ਸ਼ਖਸੀਅਤਾਂ ਦਾ ਅਸਰ ਮੇਰੇ 'ਤੇ ਅੱਜ ਵੀ ਤਰੋ



ਤਾਜ਼ਾ ਹ। ਭਾਵ ਇਨ੍ਹਾ ਸ਼ਖ਼ਸ਼ੀਅਤਾਂ ਵਿੱਚ ਕਾਮਰੇਡ ਸੁਹੇਲ ਨਾਲ ਮੈਂ ਕਦੀ ਟੇਬਲ 'ਤੇ ਕੰਮ ਨਹੀਂ ਕੀਤਾ, ਪਰ ਪ੍ਰੈੱਸ ਕਾਨਫਰੰਸਾਂ ਅਤੇ ਪ੍ਰੈੱਸ ਪਾਰਟੀਆਂ ਨਾਲ ਜਾਣ ਸਮੇਂ ਅਕਸਰ ਹੀ ਕਾਮਰੇਡ ਸੁਹੇਲ ਹੁਰਾਂ ਨਾਲ ਮੇਲ ਹੁੰਦਾ ਸੀ ਅਤੇ ਏਥੇ ਹੀ ਯੂ. ਐੱਨ. ਆਈ. ਦਾ ਇੰਚਾਰਜ ਸੁਰਿੰਦਰ ਅਰੋੜਾ ਤੇ ਕਾਮਰੇਡ ਸੁਹੇਲ ਹੁਰਾਂ ਨਾਲ ਤੀਜਾ ਮੈਂ ਰਲ ਗਿਆ।

ਉਸ ਵੇਲੇ ਯੂ. ਐੱਨ. ਆਈ. ਅਤੇ 'ਲੋਕ ਲਹਿਰ' ਦਾ ਦਫ਼ਤਰ ਚਹਾਰ ਬਾਗ਼ ਵਿੱਚ ਨੇੜੇ ਨੇੜੇ ਹੁੰਦਾ ਸੀ ਅਤੇ ਮੈਂ ਵੀ ਨੇੜੇ ਸੈਂਟਰਲ ਟਾਊਨ ਵਿੱਚ ਇੱਕ ਕਮਰਾ ਕਿਰਾਏ 'ਤੇ ਲੈ ਕੇ ਰਹਿੰਦਾ ਸੀ ਅਤੇ ਅਕਸਰ ਸਾਡਾ ਯੂ. ਐੱਨ. ਆਈ. ਦੇ ਦਫਤਰ ਸੁਰਿੰਦਰ ਅਰੋੜਾ ਨਾਲ ਬੈਠਣ ਦਾ ਪ੍ਰੋਗਰਾਮ ਬਣ ਜਾਂਦਾ। ਕਦੇ-ਕਦੇ ਇਸ ਮਹਿਫ਼ਲ ਵਿੱਚ ਹਿੰਦੁਸਤਾਨ ਸਮਾਚਾਰ ਖ਼ਬਰ ਏਜੰਸੀ ਦਾ ਇੰਚਾਰਜ ਸੁਤੰਤਰ ਵੀ ਆ ਜਾਂਦਾ। ਭਾਵੇਂ ਕਾਮਰੇਡ ਸੁਹੇਲ ਸਾਡੇ ਨਾਲੋਂ ਉਮਰ ਅਤੇ ਤਜਰਬੇ ਵਿੱਚ ਵੱਡੇ ਸਨ, ਪਰ ਉਨ੍ਹਾਂ ਸਾਨੂੰ ਕਦੇ ਫ਼ਰਕ ਮਹਿਸੂਸ ਨਹੀਂ ਸੀ ਹੋਣ ਦਿੱਤਾ।

ਪੰਜਾਬ ਵਿੱਚ ਅੱਤਵਾਦ ਦੇ ਦੌਰ ਵਿੱਚ ਮੇਰਾ ਕਾਮਰੇਡ ਸੁਹੇਲ ਨਾਲ਼ ਮੇਲ਼ ਮਿਲਾਪ ਆਮ ਹੋ ਗਿਆ। ਉਨ੍ਹਾਂ ਦਿਨਾਂ ਵਿੱਚ ਕਰੀਬਨ ਰੋਜ਼ਾਨਾ ਐੱਸ. ਐੱਸ. ਪੀ. ਅਤੇ ਡੀ. ਸੀ. ਵੱਲੋਂ ਸ਼ਾਮ ਨੂੰ 4 ਵਜੇ ਪ੍ਰੈੱਸ ਕਾਨਫਰੰਸ ਕੀਤੀ ਜਾਂਦੀ ਅਤੇ ਅਮਨ ਕਮੇਟੀਆਂ ਅਤੇ ਪੰਜਾਬ ਵਿੱਚ ਅਮਨ ਕਾਇਮੀ ਲਈ ਲੜ ਰਹੀਆਂ ਪਾਰਟੀਆਂ ਵੱਲੋਂ ਵੀ ਪ੍ਰੈੱਸ ਕਾਨਫ਼ਰੰਸ ਤੇ ਕਨਵੈਨਸ਼ਨਾਂ ਦਾ ਸਿਲਸਿਲਾ ਚੱਲ ਰਿਹਾ ਸੀ, ਜਿਨ੍ਹਾਂ ਵਿੱਚ 'ਨਵਾਂ ਜ਼ਮਾਨਾ' ਵੱਲੋਂ ਆਮ ਤੌਰ 'ਤੇ ਮੈਂ ਅਤੇ 'ਲੋਕ ਲਹਿਰ' ਵੱਲੋਂ ਕਾਮਰੇਡ ਸੁਹੇਲ ਅਤੇ ਕਦੇ ਕਦਾਈਂ ਕਾਮਰੇਡ ਸਾਧੂ ਸਿੰਘ ਹਾਜ਼ਰ ਹੁੰਦੇ ਸਨ।

'ਨਵਾਂ ਜ਼ਮਾਨਾ' ਅਤੇ 'ਲੋਕ ਲਹਿਰ' ਦੋਵੇਂ ਰੋਜ਼ਾਨਾ ਅਖ਼ਬਾਰ ਜਿੱਥੇ ਪੰਜਾਬ ਦੇ ਅਮਨ ਨੂੰ ਅੱਗ ਲਾਉਣ ਵਾਲੀਆਂ ਅੱਤਵਾਦੀ ਧਿਰਾਂ ਦੇ ਖਿਲਾਫ਼ ਦਲੇਰੀ ਅਤੇ ਸਖ਼ਤੀ ਨਾਲ਼ ਲਿਖ ਰਹੇ ਸਨ, ਉਥੇ ਰੇਡੀਓ ਅਤੇ ਟੈਲੀਵਿਜ਼ਨ 'ਤੇ ਲੋਕਾਂ ਨੂੰ ਇਨ੍ਹਾਂ ਕਾਲ਼ੀਆਂ ਤਾਕਤਾਂ ਦੇ ਖਿਲਾਫ਼ ਬੋਲਣ ਵਾਲ਼ਿਆਂ 'ਚੋਂ ਕੜਕਵੀਂ ਅਵਾਜ਼ ਵਿੱਚ ਬੋਲਣ ਵਾਲਾ ਕਾਮਰੇਡ ਸੁਹੇਲ ਹੀ ਸੀ।

ਉਸ ਕੁ ਵੇਲੇ 88-89 ਦੌਰਾਨ ਅਸੀਂ ਕੁਝ ਮਿੱਤਰਾਂ, ਪ੍ਰੋ. ਅਮਿਤੋਜ, ਸਤਨਾਮ ਚਾਨਾ, ਚਰਨਜੀਤ ਰੇਹੜਵਾਂ, ਹਰਮੀਤ ਔਜਲਾ ਨੇ ਮਿਲ ਕੇ ਮਾਸਿਕ ਪਰਚਾ 'ਕਲੀਡੀਓ ਸਕੋਪ' ਸ਼ੁਰੂ ਕੀਤਾ ਜਿਸ ਦਾ ਦਫ਼ਤਰ ਦੇਸ਼ ਭਗਤ ਯਾਦਗਾਰ ਦੇ ਬਾਹਰਲੇ ਗੇਟ ਦੇ ਨਾਲ ਸੀ। ਪਰਚੇ ਦੇ ਪਹਿਲੇ ਅੰਕ ਵਿੱਚ ਉਸ ਵੇਲੇ ਭਖਦੇ ਮਸਲੇ ਕੰਦੂਖੇੜਾ ਦੇ ਸੁਆਲ 'ਤੇ ਅਸੀਂ ਕਵਰ ਸਟੋਰੀ ਛਾਪੀ। 'ਕੁੰਡ ਫਸਣਗੇ ਕੰਦੂਖੇੜੇ'...। ਤੇ ਇਸ ਅੰਕ ਤੋਂ ਬਾਅਦ ਸਾਡੇ ਦਫ਼ਤਰ ਦਾ ਨਾਂ ਹੀ ਕੰਦੂਖੇੜਾ ਪੈ ਗਿਆ। ਜਿੱਥੇ ਹਰ ਸ਼ਾਮ ਮਿੱਤਰਾਂ ਦੀ ਮਹਿਫ਼ਲ ਜੁੜਦੀ। ਭਾਵੇਂ ਪਰਚੇ ਦੇ ਤਿੰਨ ਕੁ ਅੰਕ ਨਿਕਲੇ, ਪਰ ਸਾਰੇ ਮਿੱਤਰਾਂ ਦਾ ਹਰ ਸ਼ਾਮ ਕਦੂੰਖੇੜੇ ਜੁੜਨਾ ਜਾਰੀ ਰਿਹਾ ਅਤੇ ਹਰ ਸ਼ਾਮ ਬਿਨਾਂ ਨਾਗਾ ਕਾਮਰੇਡ ਸੁਹੇਲ ਜੀ ਉੱਥੇ ਜ਼ਰੂਰ ਆਉਂਦੇ। ਕਦੇ ਟੈਲੀਵਿਜ਼ਨ ਤੋਂ ਬੋਲ਼ ਕੇ ਅਤੇ ਕਦੇ ਕਿਸੇ ਹੋਰ ਪ੍ਰੋਗਰਾਮ ਤੋਂ ਵਿਹਲੇ ਹੋ ਕੇ..। ਉਨ੍ਹਾਂ ਦੇ ਆਉਣ ਦੀ ਸਾਰਿਆਂ ਨੂੰ ਉਤਕੁਸਤਾ ਹੁੰਦੀ ਸੀ, ਉਨ੍ਹਾਂ ਕੋਲੋਂ ਉਸ ਵੇਲੇ ਦੇ ਦੌਰ ਬਾਰੇ ਜਾਨਣ ਸੁਣਨ ਦੀ। ਕਾਮਰੇਡ ਸੁਹੇਲ ਬਹੁਤ ਸਪੱਸ਼ਟਤਾ

ਨਾਲ਼ ਮਾਹੌਲ ਵਿਗਾੜਨ ਵਾਲੀਆਂ ਤਾਕਤਾਂ ਅਤੇ ਪਰਦੇ ਪਿੱਛੇ ਚੱਲ ਰਹੀਆਂ ਕਈ ਤਰ੍ਹਾਂ ਦੀਆਂ ਹਾਕਮ ਧਿਰਾਂ ਜਾਂ ਹੋਰ ਸੁਆਰਥੀ ਧਿਰਾਂ, ਅਨਸਰਾਂ ਬਾਰੇ ਦੱਸਦੇ। ਕਈ ਵਾਰ ਉਹ ਬੋਲਦੇ-ਬੋਲਦੇ ਏਨੇ ਭਾਵੁਕ ਵੀ ਹੋ ਜਾਂਦੇ ਸਨ ਅਤੇ ਕਈ ਨੁਕਤਿਆਂ ’ਤੇ ਬਹੁਤ ਕਿੱਲ੍ਹ ਕੇ ਵੀ ਬੋਲਦੇ...। ਪਰ ਫੇਰ ਸ਼ਾਂਤ ਤੇ ਗੰਭੀਰ ਹੋ ਜਾਂਦੇ ਤੇ ਸੰਨਾਟੇ ਦੇ ਮਾਹੌਲ ਵਿੱਚ ਅਸੀਂ ਉਨ੍ਹਾਂ ਦੇ ਚਿਹਰੇ ਵੱਲ ਵੇਖਦੇ ਤੇ ਫੇਰ ਅਛੋਪਲੇ ਜਿਹੇ ਕੋਈ ਪੋਲੀ ਜਿਹੀ ਐਸੀ ਗੱਲ ਕਰ ਦੇਣੀ ਕਿ ਮਾਹੌਲ ਖਿੜ ਪੈਣਾ...ਮੈਨੂੰ ਯਾਦ ਹੈ ਕਿ ਇੱਕ ਵਾਰ ਏਸ ਤਰ੍ਹਾਂ ਹੀ ਲੰਮੀ ਬਹਿਸਨੁਮਾ ਗੱਲਬਾਤ ਹੋ ਰਹੀ ਸੀ। ਕੁਝ ਅਕੇਵਾਂ ਜਿਹਾ ਮਹਿਸੂਸ ਹੋਣ ਲੱਗਾ। ਕਾਮਰੇਡ ਸੁਹੇਲ ਬੋਲੇ...‘ਗੁਰਮੀਤ ਯਾਰ ਦਫ਼ਤਰ ਤਾਂ ਤੇਰਾ ਛੋਟਾ ਜਿਹਾ ਏ, ਪਰ ਏਥੇ ਇੱਕ ਫੋਲਡਿੰਗ ਬੈੱਡ ਜਿਹਾ ਤਾਂ ਡਾਹ ਲੈ, ਕਦੀ ਬੰਦਾ ਲੱਕ ਹੀ ਸਿੱਧਾ ਕਰ ਲੈਂਦਾ...।’

ਮੈਂ ਕਿਹਾ ‘ਕਾਮਰੇਡ ਜਰਾ ਵੇਖ ਤਾਂ ਸਹੀ ਮਹਾਰਾਜ ਜੀ ਫੋਲਡਿੰਗ ਮੰਜੇ ’ਤੇ ਹੀ ਬੈਠੇ ਹੋਏ ਓ, ਕਰ ਲਓ ਲੱਕ ਸਿੱਧਾ..।’

... ਤੇ ਮਾਹੌਲ ਇਕਦਮ ਹਾਸੇ ਦੀ ਫੁਹਾਰ ਨਾਲ ਤਾਜ਼ਾ ਹੋ ਗਿਆ...

...ਕੁਝ ਦਿਨਾਂ ਬਾਅਦ ਹੀ ਅਸੀਂ ਦੇਸ਼ ਭਗਤ ਯਾਦਗਾਰ ਹਾਲ ਦੇ ਵਿਹੜੇ ਵਿੱਚ ਖੜ੍ਹੇ ਸੀ, ਓਥੇ ਹੀ ਕਾਮਰੇਡ ਸਰਵਣ ਜ਼ਫ਼ਰ ਆ ਗਏ। ਬੜੀ ਗਰਮਜੋਸ਼ੀ ਨਾਲ ਕਾਮਰੇਡ ਸੁਹੇਲ ਨੂੰ ਮਿਲੇ...।

“...ਗੁਰਮੀਤ! ਆਹ ਵਲੈਤੀਆ ਬੜਾ ਚਮਕਿਆ ਫਿਰਦਾ, ਬਣਾ ਇਹਦੇ ਨਾਲ ਕਿਸੇ ਸ਼ਾਮ ਦਾ ਪ੍ਰੋਗਰਾਮ...” ਸੁਹੇਲ ਹੁਰਾਂ ਕਿਹਾ।

“ਚੱਲੋ ਅੱਜ ਹੀ ਆ ਜਾਓ।” ਕਾਮਰੇਡ ਸਰਵਣ ਨੇ ਕਿਹਾ...

“ਅੱਜ...ਨਹੀਂ ਚੱਲ ਕੱਲ ਸਹੀ, ਕਿਉਂ ਬਈ ਗੁਰਮੀਤ ਠੀਕ ਏ...” ਸੁਹੇਲ ਦਾ ਮਸ਼ਵਰਾ ਸੀ.. ਅਸੀਂ ਕਿਹਾ...ਠੀਕ..।

...ਤੇ ਅਗਲੀ ਸ਼ਾਮ ਕਾਮਰੇਡ ਸਰਵਣ ਤਿਆਰੀ ਕਰਕੇ ਦੇਸ਼ ਭਗਤ ਹਾਲ ਆ ਗਿਆ। ਮੈਂ ਉਥੇ ਹੀ ਸੀ...। “ਆ ਜਾ ਬਈ ਤੇ ਬੁਲਾ ਲੈ ਕਾਮਰੇਡ ਨੂੰ ਵੀ ਕਿਤੇ ਬੈਠੀਏ...” ਸਰਵਣ ਦੇ ਚਿਹਰੇ ’ਤੇ ਚਮਕ ਸੀ।

“....ਕਾਮਰੇਡ ਜੀ...ਉਹ ਤਾਂ ਚਲਾ ਗਿਆ ਕਿਸੇ ਐਸੀ ਮਹਿਫਲ ਵੱਲ ਨੂੰ ਜਿੱਥੋਂ ਹੁਣ ਉਸ ਨੇ ਨਹੀਂ ਪਰਤਣਾ....” ਮੇਰਾ ਗੱਚ ਭਰ ਆਇਆ...।

...ਕਾਮਰੇਡ ਸਰਵਣ ਸੁੰਨ ਪੱਥਰ ਵਾਂਗ ਮੇਰੇ ਵੱਲ ਬਿੱਟ-ਬਿਟ ਵੇਖਣ ਲੱਗਾ।

ਜ਼ਿੰਦਗੀ ਨੂੰ ਪਿਆਰ ਕਰਨ ਵਾਲੀ ਖ਼ੂਬਸੂਰਤੀ ਦੀ ਮਹਿਕ ਨਾਲ ਭਰਿਆ ਕਾਮਰੇਡ ਸੁਹੇਲ ਇੱਕ ਦੂਰਅੰਦੇਸ਼ੀ ਪੱਤਰਕਾਰ, ਨਿੱਡਰਤਾ ਤੇ ਦਲੇਰੀ ਦੀ ਮੂਰਤ, ਫੱਕਰ, ਯਾਰਾਂ ਦਾ ਯਾਰ ਸੀ।

ਉਸਦੀਆਂ ਯਾਦਾਂ ਨੂੰ ਕਿਸੇ ਵੱਡੀ ਤੋਂ ਵੱਡੀ ਪਟਾਰੀ ’ਚ ਬੰਦ ਕਰਨਾ ਅਸੰਭਵ ਹੈ..।

ਸਲਾਮ!

ਟਰੱਸਟੀ
ਦੇਸ਼ ਭਗਤ ਯਾਦਗਾਰ ਕਮੇਟੀ, ਜਲੰਧਰ



# ਮਸਤ-ਮੌਲਾ ਪੱਤਰਕਾਰ ਨਾਲ ਜੁੜੀਆਂ ਕੁਝ ਯਾਦਾਂ

-ਜਤਿੰਦਰ ਪਨੂੰ

ਮੇਰਾ ਅਤੇ ਕਾਮਰੇਡ ਸੁਹੇਲ ਦਾ ਨਾ ਉਮਰ ਦਾ ਨੇੜ ਸੀ, ਨਾ ਕਾਰਜ ਖੇਤਰ ਦਾ। ਉਹ ਬੜਾ ਪਹਿਲਾਂ ਤੋਂ ਉਸ ਪੱਤਰਕਾਰੀ ਖੇਤਰ ਵਿੱਚ ਇੱਕ ਜਾਣਿਆ-ਪਛਾਣਿਆ ਨਾਂਅ ਬਣ ਚੁੱਕੇ ਸਨ, ਜਿਸ ਵਿੱਚ ਮੈਂ ਬਹੁਤ ਚਿਰ ਬਾਅਦ ਜਦੋਂ ਆਇਆ ਤਾਂ ਆਇਆ ਵੀ ਨਹੀਂ, ਲਿਆਂਦਾ ਹੀ ਗਿਆ ਸਾਂ। ਹਾਲਾਤ ਦਾ ਵਹਿਣ ਮੈਨੂੰ ਏਥੇ ਲਿਆਇਆ ਸੀ। ਪੰਜਾਬ ਦੇ ਹਾਲਾਤ ਇਸ ਤਰ੍ਹਾਂ ਦੇ ਸਨ ਕਿ ਸਵੇਰੇ ਮਿਲਣ ਵਾਲ਼ੇ ਬੰਦੇ ਬਾਰੇ ਸ਼ਾਮ ਨੂੰ ਮਿਲਣ ਦਾ ਯਕੀਨ ਕਿਸੇ ਨੂੰ ਨਹੀਂ ਸੀ ਹੁੰਦਾ। ਓਦੋਂ ਮੇਰੇ ਕੁਝ ਲੇਖ ਵੱਖ-ਵੱਖ ਅਖ਼ਬਾਰਾਂ ਵਿੱਚ ਛਪੇ ਤਾਂ ਅਗਲੀ ਵਾਰੀ ਦੇਸ਼ ਭਗਤ ਯਾਦਗਾਰ ਹਾਲ ਵਿੱਚ ਮਿਲ਼ਦੇ ਸਾਰ ਕਾਮਰੇਡ ਸੁਹੇਲ ਨੇ ਕਹਿ ਦਿੱਤਾ ਕਿ ਲਗਾਤਾਰ ਲਿਖਦਾ ਰਿਹਾ ਕਰ। ਕੁਝ ਦਿਨ ਪਿੱਛੋਂ ਜਦੋਂ ਦਿੱਲੀ ਵਿੱਚੋਂ ਛਪਣ ਵਾਲੇ ‘ਨਵਭਾਰਤ ਟਾਈਮਜ਼’ਵਿੱਚ ਮੇਰੀ ਪੰਜਾਬ ਦੇ ਹਾਲਾਤ ਬਾਰੇ ਇੱਕ ਲਿਖਤ ਛਪੀ ਤਾਂ ਅੰਮ੍ਰਿਤਸਰ ਸੀ. ਪੀ. ਆਈ. ਦਫਤਰ ਵਿੱਚ ਮੈਨੂੰ ਫੋਨ ਕਰ ਕੇ ਇਸ ਬਾਰੇ ਸੁਹੇਲ ਹੁਰਾਂ ਨੇ ਉਚੇਚਾ ਦੱਸਿਆ ਸੀ।

ਇਹ ਵੀ ਹਾਲਾਤ ਦਾ ਵਹਿਣ ਹੀ ਸਮਝੋ ਕਿ ਜਦੋਂ ਵੀ. ਪੀ. ਸਿੰਘ ਦੇ ਰਾਜ ਵਿੱਚ ਇੱਕ ਵਾਰ ਪੰਜਾਬ ਬਹੁਤੇ ਹੀ ਵਿਗਾੜ ਦੇ ਰਾਹ ਪੈ ਗਿਆ ਸੀ, ਜਲੰਧਰ ਦੇ ਕੁਝ ਸੀਨੀਅਰ ਪੱਤਰਕਾਰ ਦਿੱਲੀ ਵਿੱਚ ਨਵੀਂ ਬਣੀ ਸਰਕਾਰ ਨਾਲ਼ ਕਈ ਮਸਲਿਆਂ ਦੀ ਵਿਚਾਰ ਕਰਨ ਲਈ ਗਏ ਅਤੇ ਸੱਦਾ ਮੈਨੂੰ ਵੀ ਦੇ ਦਿੱਤਾ ਗਿਆ। ਮੈਂ ਪੱਤਰਕਾਰ ਨਹੀਂ ਸਾਂ, ਪਰ ਪੰਜਾਬ ਸਮੱਸਿਆ ਬਾਰੇ ਛਪਦੀਆਂ ਲਿਖਤਾਂ ਕਾਰਨ ਸੱਦਾ ਮਿਲ਼ ਜਾਣ ਨਾਲ਼ ਓਥੇ ਜਾ ਕੇ ਮੈਂ ਬੌਂਦਲਿਆ ਜਿਹਾ ਪਿਆ ਸਾਂ। ਵੱਡੇ ਲੀਡਰਾਂ ਨੂੰ ਮਿਲਣਾ ਕਿਸ ਤਰ੍ਹਾਂ ਚਾਹੀਦਾ ਹੈ, ਇਸ ਦੀ ਕੋਈ ਸਮਝ ਨਹੀਂ ਸੀ ਪੈ ਰਹੀ। ਚਾਰ ਦਿਨ ਅਸੀਂ ਓਥੇ ਇਕੱਠੇ ਰਹੇ ਤੇ ਇਹ ਚਾਰੇ ਦਿਨ ਦਿੱਲੀ ਦੀ ਰਾਜਨੀਤੀ ਨਾਲ ਤਾਲਮੇਲ ਲਈ ਮੇਰੇ ਵਾਸਤੇ ਕਾਮਰੇਡ ਸੁਹੇਲ ਗਾਈਡ ਦਾ ਫਰਜ਼ ਵੀ ਨਿਭਾਉਂਦੇ ਰਹੇ। ਇੱਕ ਥਾਂ ਜਾਣ ਤੋਂ ਮੈਂ ਨਾਂਹ ਕਰਨੀ ਚਾਹੀ, ਕਿਉਂਕਿ ਓਥੇ ਕੋਈ ਇਹੋ ਜਿਹਾ ਆਗੂ ਸੀ, ਜਿਹੜਾ ਮੇਰੀ ਸੋਚ ਵਿੱਚ ਫਿੱਟ ਨਹੀਂ ਸੀ ਬੈਠਦਾ। ਸੁਹੇਲ ਨੇ ਸਮਝਾਇਆ ਕਿ ਸਿੱਧੀ ਨਾਂਹ ਕਰਨ ਦੀ ਥਾਂ ਆਪਾਂ ਕੋਈ ਨਾ ਕੋਈ ਰਾਹ ਲੱਭਾਂਗੇ। ਉਸ ਨੇ ਓਥੇ ਕੋਈ ਬਹਾਨਾ ਬਣਾਇਆ ਤੇ ਅਸੀਂ ਸੀਨੀਅਰ ਪੱਤਰਕਾਰਾਂ ਤੋਂ ਪਾਸੇ ਜਾ ਕੇ ਲਾਇਬਰੇਰੀ ਵਿੱਚ ਓਨਾ ਸਮਾਂ ਕੱਟ ਆਏ। ਏਸੇ ਬਹਾਨੇ ਆਰਾਮ ਦੇ ਨਾਲ਼ ਪੜ੍ਹਨ ਦਾ ਮੌਕਾ ਵੀ ਮਿਲ ਗਿਆ।

ਕਾਮਰੇਡ ਸੁਹੇਲ ਵਿੱਚ ਸਪੱਸ਼ਟਤਾ ਸੀ, ਪਰ ਇਸ ਸਪੱਸ਼ਟਤਾ ਵਿੱਚ ਕਦੀ ਖਰ੍ਹਵਾਪਣ ਨਹੀਂ ਸੀ ਵੇਖਿਆ ਜਾ ਸਕਦਾ। ਇੱਕ ਵਾਰ ਅੰਮ੍ਰਿਤਸਰ ਮੇਰੇ ਕੋਲ਼ ਇੱਕ ਬੰਦਾ ਆਇਆ ਤੇ ਉਸ ਨੇ ਸੁਹੇਲ ਦਾ ਨਾਂਅ ਲੈ ਕੇ ਆਪਣਾ ਕੰਮ ਵੀ ਦੱਸ ਦਿੱਤਾ ਤੇ ਇਹ ਵੀ ਕਿ ਸੁਹੇਲ ਕਹਿੰਦਾ ਸੀ: ਪਨੂੰ ਕੋਲ ਜਾ ਕੇ ਮੇਰਾ ਨਾਂਅ ਲੈ ਦੇਵੀਂ। ਮੈਂ ਉਹ ਕੰਮ ਕਰਵਾ ਦਿੱਤਾ। ਅਗਲੀ ਵਾਰੀ ਜਲੰਧਰ ਮਿਲ਼ੇ ਤਾਂ ਮੈਂ ਬੜੇ ਚਾਅ ਨਾਲ਼ ਇਹ ਦੱਸਿਆ ਕਿ ਆਪਣਾ ਫਲਾਣਾ ਸੋਹ ਆਇਆ ਸੀ, ਕੰਮ ਮੈਂ ਕਰਵਾ ਦਿੱਤਾ ਸੀ। ਸੁਹੇਲ ਨੇ ਅੱਗੋਂ

ਕਿਹਾ, "ਲੋਕੀਂ ਖ਼ੂਨ ਦੇ ਰਿਸ਼ਤਿਆਂ ਦੀ ਦੁਰਵਰਤੋਂ ਕਰਦੇ ਰਹਿੰਦੇ ਨੇ, ਇਹ ਰਿਸ਼ਤਾ ਲੋੜਾਂ ਨਾਲ ਬੱਝਾ ਹੁੰਦਾ ਹੈ, ਅਗਲੀ ਵਾਰ ਲੋੜ ਪੈਣ ਤੱਕ ਤੈਨੂੰ ਉਨ੍ਹਾਂ ਨੇ ਮਿਲਣਾ ਨਹੀਂ, ਮੈਂ ਵੀ ਅਠਾਈ ਸਾਲਾਂ ਬਾਅਦ ਉਸ ਦਾ ਨਾਂਅ ਅੱਜ ਪਹਿਲੀ ਵਾਰ ਸੁਣਿਆ ਹੈ।" ਇਸ ਵਿੱਚ ਕਈ ਕੁਝ ਸੀ। ਇਹ ਵੀ ਕਿ ਉਸ ਬੰਦੇ ਨੇ ਸੁਹੇਲ ਨੂੰ ਮਿਲ਼ੇ ਬਿਨਾਂ ਉਸ ਵੱਲੋਂ ਕਹਿ ਦਿੱਤਾ ਸੀ ਤੇ ਇਹ ਵੀ ਕਿ ਏਦਾਂ ਦੇ ਰਿਸ਼ਤਿਆਂ ਤੋਂ ਜ਼ਰਾ ਸੰਭਲ਼ ਕੇ ਰਹਿਣਾ ਚਾਹੀਦਾ ਹੈ।

ਜਦੋਂ ਮੈਂ ਪੱਤਰਕਾਰੀ ਖੇਤਰ ਵਿੱਚ ਆ ਗਿਆ, ਸਾਡਾ ਲਗਾਤਾਰ ਮੇਲ਼-ਮਿਲਾਪ ਹੁੰਦਾ ਰਿਹਾ। ਬਾਹਰਲੇ ਕੰਮਾਂ ਦੌਰਾਨ ਓਨੀ ਗੰਭੀਰਤਾ ਨਾਲ਼ ਸੰਪਾਦਕੀ ਲਿਖਤਾਂ ਅਤੇ ਹੋਰ ਚੀਜ਼ਾਂ ਪੜ੍ਹ ਵੀ ਲਈਏ ਤਾਂ ਉਨ੍ਹਾਂ ਦੀ ਉਹ ਬਾਰੀਕੀ ਸਮਝ ਨਹੀਂ ਪੈਂਦੀ, ਜਿਹੜੀ ਪੱਤਰਕਾਰੀ ਮੇਜ਼ ਉੱਤੇ ਬੈਠਿਆਂ ਆਉਣ ਲੱਗੀ ਸੀ। ਓਦੋਂ ਇਹ ਪਤਾ ਲੱਗਾ ਕਿ ਸਾਧਾਰਨ ਜਿਹੇ ਦਿੱਸਣ ਵਾਲੇ ਸੁਹੇਲ ਦੇ ਕੋਲ ਖਿਲਾਰੇ ਵਾਲੀ ਰਾਜਨੀਤੀ ਨੂੰ ਮਿੰਨੀ ਕਹਾਣੀ ਜਿੰਨੇ ਥਾਂ ਵਿੱਚ ਛਾਪਣ ਦੀ ਵੀ ਕਲਾ ਸੀ ਤੇ ਜਿਹੜੀ ਗੱਲ ਹੋਰ ਲੋਕਾਂ ਲਈ ਚਿੜੀ ਦੇ ਪੂੰਝੇ ਜਿੰਨੀ ਸੀ, ਉਸ ਨੂੰ ਉਸ ਵਿੱਚੋਂ ਬੋਹੜ ਦਾ ਉਹ ਟਾਹਣ ਦਿੱਸ ਪੈਂਦਾ ਸੀ, ਜਿਸ ਦੇ ਆਸਰੇ ਉਸ ਚਿੜੀ ਦੇ ਬੱਚਿਆਂ ਨੂੰ ਸੰਭਾਲਣ ਵਾਲਾ ਆਲ੍ਹਣਾ ਲਟਕਦਾ ਹੁੰਦਾ ਸੀ। ਆਪਣੀ ਉਮਰ ਦਾ ਫ਼ਰਕ ਪਾਸੇ ਰੱਖ ਕੇ ਉਹ ਮੁੰਡਿਆਂ ਵਿੱਚ ਮੁੰਡਾ ਵੀ ਬਣ ਸਕਦਾ ਸੀ ਤੇ ਬਾਬਿਆਂ ਵਿਚਾਲੇ ਚੁੱਪ ਕੀਤਾ ਬੈਠਣ ਦੇ ਬਾਅਦ ਇੱਕੋ ਛੋਟੀ ਜਿਹੀ ਗੱਲ ਕਹਿ ਕੇ ਉਨ੍ਹਾਂ ਤੋਂ ਕਿਤੇ ਵੱਡੀ ਉਮਰ ਦਾ ਵੀ ਜਾਪਣ ਲੱਗ ਪੈਂਦਾ ਸੀ। ਦੂਸਰਿਆਂ ਦੇ ਬਾਰੇ ਉਸ ਦੀ ਚਿੰਤਾ ਹਮੇਸ਼ਾ ਹੁੰਦੀ ਸੀ ਤੇ ਆਪਣੇ ਬਾਰੇ ਉਸ ਦੀ ਚਿੰਤਾ ਏਨੀ ਘੱਟ ਹੁੰਦੀ, ਜਿਵੇਂ ਕੋਈ ਤਿਆਗੀ ਬੰਦਾ ਵੱਧ ਤੋਂ ਵੱਧ ਬੇਫ਼ਿਕਰ ਵੇਖਿਆ ਜਾ ਸਕਦਾ ਹੈ। ਵੱਡੀ ਚਿੰਤਾ ਉਸ ਲਈ ਸਮਾਜ ਦੇ ਨਿਘਾਰ ਬਾਰੇ ਰਹਿੰਦੀ ਸੀ।

ਆਪਣੇ ਲਈ ਏਸੇ ਬੇਫ਼ਿਕਰੀ ਨੇ ਹੀ ਸਾਡੇ ਕੋਲੋਂ ਸਾਡਾ ਸਭ ਦਾ ਅਸਲੀ ਸ਼ਬਦਾਂ ਵਿੱਚ 'ਸੁਹੇਲ' ਖੋਹ ਲਿਆ। ਉਹ ਹੋਲੀ ਦਾ ਦਿਨ ਸੀ। ਸਾਲ ਵਿੱਚ ਪੱਤਰਕਾਰਾਂ ਲਈ ਮਸਾਂ ਨਸੀਬ ਹੁੰਦੀਆਂ ਤਿੰਨ ਛੁੱਟੀਆਂ ਵਿੱਚੋਂ ਇੱਕ ਛੁੱਟੀ ਹੋਣ ਕਾਰਨ ਮੈਂ ਸੋਚਿਆ ਕਿ ਅੱਜ ਆਰਾਮ ਕਰਾਂਗਾ, ਪਰ ਕਾਮਰੇਡ ਜਗਜੀਤ ਸਿੰਘ ਆਨੰਦ ਹੁਰਾਂ ਨੇ ਆਪਣੇ ਕੋਲ਼ ਆਉਣ ਨੂੰ ਆਖ ਦਿੱਤਾ। ਅਜੇ ਅਸੀਂ ਬੈਠਣ ਲੱਗੇ ਸਾਂ ਕਿ ਫੋਨ ਆ ਗਿਆ ਕਿ ਸੁਹੇਲ ਨਹੀਂ ਰਿਹਾ। ਉਹ ਸਾਊ ਬੰਦਾ ਪਤਾ ਨਹੀਂ ਕਿੰਨੀ ਪੀੜ ਭੁਗਤ ਰਿਹਾ ਸੀ, ਪਰ ਮਾਮੂਲੀ ਆਖ ਕੇ ਹਸਪਤਾਲ ਚਲਾ ਗਿਆ ਤੇ ਓਥੇ ਪੌੜੀਆਂ ਵੀ ਆਪ ਹੀ ਚੜ੍ਹਦਾ-ਉੱਤਰਦਾ ਰਿਹਾ। ਹੋਰ ਕੋਈ ਬੰਦਾ ਹੁੰਦਾ ਤਾਂ ਆਖ ਦੇਂਦਾ ਕਿ ਔਖ ਹੁੰਦੀ ਹੈ। ਉਸ ਨੇ ਕਿਹਾ ਨਹੀਂ ਤੇ ਜਦੋਂ ਤੱਕ ਉਹ ਚੈੱਕ ਕਰਨ ਵਾਲੀ ਮਸ਼ੀਨ ਕੋਲ ਬੈਠਣ ਲੱਗਾ, ਉਸ ਦੇ ਪ੍ਰਾਣ ਸਾਥ ਛੱਡ ਚੁੱਕੇ ਸਨ। ਉਸ ਦੀ ਉਮਰ ਭਰ ਦੀ ਬੇਫ਼ਿਕਰੀ ਹੀ ਇਸ ਮਸਤ-ਮੌਲਾ ਫ਼ਕੀਰੀ ਸੁਭਾਅ ਦੇ ਪੱਤਰਕਾਰ ਨੂੰ ਸਾਥੋਂ ਖੋਹ ਕੇ ਲੈ ਗਈ।

ਹੁਣ ਜਦੋਂ ਸੁਹੇਲ ਸਾਡੇ ਕੋਲ਼ ਨਹੀਂ, ਉਸ ਦੀਆਂ ਯਾਦਾਂ ਹਨ, ਉਨ੍ਹਾਂ ਯਾਦਾਂ ਵਿੱਚੋਂ ਵੀ ਬਹੁਤ ਕੁਝ ਏਦਾਂ ਦਾ ਲੱਭ ਜਾਂਦਾ ਹੈ, ਜਿਹੜਾ ਸਮਾਜ ਦੇ ਕੰਮ ਆ ਸਕਦਾ ਹੈ। ਏਨਾ ਕੁ ਯਤਨ ਤਾਂ ਅਸੀਂ ਕਰ ਹੀ ਸਕਦੇ ਹਾਂ।



# ਪ੍ਰਤੀਬਧ ਤੇ ਨਿਰਮਾਣ ਸਾਥੀ - ਸੁਹੇਲ ਸਿੰਘ

*ਜਗੀਰ ਸਿੰਘ ਜਗਤਾਰ*

ਸੁਹੇਲ ਸਿੰਘ ਮੇਰਾ ਸਾਥੀ ਅਤੇ ਮੇਰਾ ਆਗੂ ਵੀ ਸੀ। ਉਹ ਵਰਤਮਾਨ ਪੰਜਾਬ ਦੇ ਪਾਕਿਸਤਾਨ ਨਾਲ ਲਗਦੇ ਖੇਤਰ ਮਾਝੇ ਦਾ ਜੰਮਪਲ ਸੀ ਅਤੇ ਮੈਂ ਰਾਜ ਦੇ ਦੂਜੇ ਕਿਨਾਰੇ ਹਰਿਆਣਾ ਨਾਲ਼ ਲਗਦੇ ਮਾਲਵਾ ਖੇਤਰ ਦਾ ਰਹਿਣ ਵਾਲ਼ਾ ਹਾਂ। ਸਾਡੀ ਪਹਿਲੀ ਮੁਲਾਕਾਤ ਕਦੋਂ ਅਤੇ ਕਿਵੇਂ ਹੋਈ ਇਹ ਤਾਂ ਹੁਣ ਯਾਦ ਨਹੀਂ, ਕਿਉਂਕਿ ਆਰੰਭ ਵਿਚ 1954-55 ਦੇ ਸਾਲਾਂ ਵਿਚ ਉਹ ਤੇ ਮੈਂ ਜਲੰਧਰ ਵਿਚ ਹੁੰਦੀਆਂ ਲੇਖਕ ਸਮਾਗਮਾਂ ਅਤੇ ਮੀਟਿੰਗਾਂ ਵਿਚ ਸ਼ਾਮਲ ਹੋਣ ਸਮੇਂ, ਮਿਲ਼ਦੇ ਸੀ ਅਤੇ ਸਧਾਰਨ ਜਾਣ ਪਹਿਚਾਣ ਰੱਖਦੇ ਸੀ ਜੋ ਹੌਲ਼ੀ-ਹੌਲ਼ੀ ਮਿੱਤਰਤਾ ਵਿਚ ਬਦਲ ਗਈ। ਸੁਹੇਲ ਉਹਨਾਂ ਦਿਨਾਂ ਵਿਚ ਕਹਾਣੀਆਂ ਲਿਖਦਾ ਸੀ ਤੇ ਮੈਂ ਬਰਨਾਲਾ ਵਿਚ 'ਪੰਜਾਬੀ ਸਾਹਿਤ ਸਭਾ' ਦਾ ਗਠਨ ਕਰਕੇ ਇਸ ਖੇਤਰ ਦੇ ਪ੍ਰੀਤਮ ਸਿੰਘ ਰਾਹੀ, ਇੰਦਰ ਸਿੰਘ ਖਾਮੋਸ਼, ਰਾਮ ਸਰੂਪ ਅਣਖੀ, ਪ੍ਰੀਤਮ ਸਿੰਘ ਰਸੀਆ, ਪ੍ਰੀਤਮ ਸਿੰਘ ਪ੍ਰੇਮੀ (ਕੋਟਕਪੂਰਾ), ਸ. ਸ. ਪਦਮ, ਪ੍ਰਦੀਪ ਅਰਸ਼ੀ, ਅਮਰ ਕੋਮਲ ਆਦਿ ਦਰਜਨਾਂ ਨੌਜਵਾਨ ਲੇਖਕਾਂ ਨਾਲ ਮਿਲਕੇ ਸਾਹਿਤਕ ਸਰਗਰਮੀਆਂ ਕਰ ਰਿਹਾ ਸੀ। ਜਦੋਂ ਵੀ ਕਿਸੇ ਥਾਂ ਵੱਡੀ ਸਾਹਿਤਕ ਕਾਨਫਰੰਸ ਹੁੰਦੀ ਅਸੀਂ ਬਰਨਾਲ਼ਾ ਵਾਲ਼ੇ ਇਕ ਜੱਥਾ ਲੈ ਕੇ ਸ਼ਾਮਲ ਹੁੰਦੇ। ਉਹਨਾਂ ਮੌਕਿਆਂ ਉੱਤੇ ਸੁਹੇਲ ਸਿੰਘ ਨਾਲ ਭੇਟ ਹੁੰਦੀ, ਕਿਉਂਕਿ ਅਸੀਂ ਦੋਨੋਂ ਮਾਰਕਸਵਾਦੀ ਵਿਚਾਰਾਂ ਦੇ ਸੀ ਇਸ ਪੱਖੋਂ ਅਸੀਂ ਆਪਸੀ ਵਧੇਰੇ ਸਾਂਝ ਅਨੁਭਵ ਕਰਦੇ ਸੀ। ਜਦੋਂ ਗਿਆਨੀ ਹੀਰਾ ਸਿੰਘ ਦਰਦ ਦੀ ਅਗਵਾਈ ਅਤੇ ਪ੍ਰੋ. ਮੋਹਨ ਸਿੰਘ, ਪਿਆਰਾ ਸਿੰਘ ਭੋਗਲ, ਸਾਧੂ ਸਿੰਘ ਹਮਦਰਦ ਆਦਿ ਲੇਖਕਾਂ ਦੇ ਸਹਿਯੋਗ ਨਾਲ ਕੇਂਦਰੀ ਪੰਜਾਬੀ ਲੇਖਕ ਸਭਾ ਦੀ ਸਥਾਪਨਾ ਲਈ ਜਲੰਧਰ ਵਿਚ ਸਭ ਵਿਚਾਰਾਂ ਦੇ ਪੰਜਾਬੀ ਲੇਖਕਾਂ ਦੀ ਇਕ ਭਰਵੀਂ ਕਨਵੈਨਸ਼ਨ ਕੀਤੀ ਗਈ ਤਾਂ ਉਸ ਦੀ ਤਿਆਰੀ ਦੇ ਕੰਮਾਂ ਵਿਚ ਹੱਥ ਵਟਾਉਣ ਲਈ ਮੈਂ ਬਰਨਾਲ਼ਾ ਤੋਂ ਬਿਸਤਰਾ ਚੱਕ ਕੇ ਪੰਦਰਾਂ ਦਿਨ ਦਰਦ ਜੀ ਵਲੋਂ ਪ੍ਰਕਾਸ਼ਿਤ ਕੀਤੇ ਜਾਂਦੇ ਆਪਣੇ ਸਮੇਂ ਦੇ ਪ੍ਰਸਿੱਧ ਸਾਹਿਤਕ ਮਾਸਿਕ 'ਫੁਲਵਾੜੀ' ਦੇ ਜਲੰਧਰ ਸਥਿਤ ਚਹਾਰ ਬਾਗ ਵਾਲ਼ੇ ਦਫ਼ਤਰ ਵਿਚ ਜਾ ਡੇਰੇ ਲਾਏ। ਉਹਨਾਂ ਦਿਨਾਂ ਵਿਚ ਸੁਹੇਲ ਨਾਲ ਹੁੰਦੇ ਸਰਸਰੀ ਮੇਲ ਮਿਲਾਪ ਨੇ ਜਾਣ ਪਛਾਣ ਵਿਚ ਨੇੜਤਾ ਲਿਆਂਦੀ।

ਫਿਰ ਸੁਹੇਲ ਸਿੰਘ ਰੋਜ਼ਾਨਾ 'ਨਵਾਂ ਜ਼ਮਾਨਾ' ਵਿਚ ਸਬ-ਅਡੀਟਰ ਲੱਗ ਗਿਆ। ਮੈਂ 1950 ਤੋਂ ਹੀ ਸ਼ੌਕੀਆ ਪੱਤਰਕਾਰੀ ਕਰਦਾ ਸੀ ਅਤੇ ਜਦੋਂ ਅਜੇ 'ਨਵਾਂ ਜ਼ਮਾਨਾ' ਸ਼ੁਰੂ ਨਹੀਂ ਸੀ ਹੋਇਆ ਅਤੇ ਸੀ.ਪੀ.ਆਈ. ਦੀ ਪੰਜਾਬ ਕਮੇਟੀ ਦਾ ਬੁਲਾਰਾ ਸਪਤਾਹਿਕ 'ਪਰਵਾਨਾ' ਹੁੰਦਾ ਸੀ, ਉਸ ਸਮੇਂ ਵੀ ਜਨਤਕ ਸਰਗਰਮੀਆਂ ਦੀਆਂ ਖ਼ਬਰਾਂ ਭੇਜਦਾ ਸੀ। ਜਦੋਂ ਰੋਜ਼ਾਨਾ 'ਨਵਾਂ ਜ਼ਮਾਨਾ' ਛਪਣ ਲੱਗਿਆ ਤਾਂ ਪਾਰਟੀ ਅਤੇ ਕਿਸਾਨ ਜਥੇਬੰਦੀਆਂ ਦੀਆਂ ਖ਼ਬਰਾਂ ਵਧੇਰੇ ਭੇਜਣ ਕਾਰਨ ਅਖ਼ਬਾਰ ਦੇ ਕਈ ਸਬ-ਅਡੀਟਰਾਂ ਨਾਲ਼ ਜਾਣ-ਪਛਾਣ ਹੋਈ। ਉਹਨਾਂ ਵਿਚੋਂ ਜੋ ਸਾਹਿਤਕ ਮੀਟਿੰਗਾਂ ਵਿਚ ਸ਼ਾਮਲ ਹੁੰਦੇ ਸਨ, ਉਹਨਾਂ ਨਾਲ ਵਧੇਰੇ ਸਾਂਝ ਸੀ। ਉਸ ਸਮੇਂ ਜਾਪਦਾ ਸੀ ਕਿ ਸੁਹੇਲ ਸਿੰਘ ਕਹਾਣੀ

ਲਿਖਦਾ ਹੈ ਅਤੇ ਅਖ਼ਬਾਰ ਵਿਚ ਕੰਮ ਕਰਦਾ ਹੈ।

ਉਸ ਦਾ ਸੰਜੀਦਾ ਰੂਪ 1959 ਦੇ ਵਿਸ਼ਾਲ ਕਿਸਾਨ ਮੋਰਚੇ ਸਮੇਂ ਸਾਹਮਣੇ ਆਇਆ। ਪੰਜਾਬ ਕਿਸਾਨ ਸਭਾ ਜਿਸ ਦੇ ਉਸ ਸਮੇਂ ਪ੍ਰਧਾਨ ਬਾਬਾ ਗੁਰਮੁਖ ਸਿੰਘ ਲਲਤੋਂ ਅਤੇ ਜਨਰਲ ਸਕੱਤਰ ਜਗਜੀਤ ਸਿੰਘ ਲਾਇਲਪੁਰੀ ਸਨ, ਨੇ ਪੰਜਾਬ ਦੀ ਪ੍ਰਤਾਪ ਸਿੰਘ ਕੈਰੋਂ ਸਰਕਾਰ ਵਲੋਂ ਕਿਸਾਨਾਂ ਉੱਤੇ ਲਾਏ ਖ਼ੁਸ਼ਹੈਸਿਅਤੀ ਟੈਕਸ ਵਿਰੋਧੀ ਵਿਸ਼ਾਲ ਅੰਦੋਲਨ ਕੀਤਾ ਸੀ। ਪੰਜਾਬ ਸਰਕਾਰ ਨੇ ਜਿੱਥੇ ਅੰਦੋਲਨ ਕਰ ਰਹੇ ਕਿਸਾਨਾਂ ਉੱਤੇ ਬਹੁਤ ਤਸ਼ੱਦਦ ਕੀਤਾ, ਉੱਥੇ ਉਸ ਬਾਰੇ ਖ਼ਬਰਾਂ ਲਾ ਰਹੇ 'ਨਵਾਂ ਜ਼ਮਾਨਾ' ਉੱਤੇ ਅਨ-ਐਲਾਨੀ ਸੈਂਸਰਸ਼ਿਪ ਲਾ ਦਿੱਤੀ। ਉਹਨਾਂ ਦਿਨਾਂ ਵਿਚ ਅਖ਼ਬਾਰਾਂ ਨੂੰ ਖ਼ਬਰਾਂ ਪਹੁੰਚਾਉਣ ਦਾ ਇਕੋ ਇਕ ਮੁੱਖ ਸਾਧਨ ਡਾਕ ਸੀ, ਜੋ ਸਰਕਾਰ ਨੇ ਡਾਕ ਘਰ ਤੋਂ ਹੀ ਦਬੋਚਣੀ ਸ਼ੁਰੂ ਕਰ ਦਿੱਤੀ। ਜਦ ਫਿਰ ਵੀ ਅਖ਼ਬਾਰ ਵਿਚ ਸਰਕਾਰ ਦੇ ਜਬਰ ਵਿਰੋਧੀ ਖ਼ਬਰਾਂ ਛਪਦੀਆਂ ਰਹੀਆਂ ਤਾਂ 'ਨਵਾਂ ਜ਼ਮਾਨਾ' ਉੱਤੇ ਪਾਬੰਦੀ ਲਾਉਣ ਦੀ ਥਾਂ ਉਸ ਦੇ ਸਟਾਫ਼ ਮੈਂਬਰਾਂ ਨੂੰ ਘਰਾਂ ਤੋਂ ਗ੍ਰਿਫ਼ਤਾਰ ਕਰਕੇ ਅਖ਼ਬਾਰ ਬੰਦ ਕਰਵਾ ਦਿੱਤਾ। ਸੁਹੇਲ ਸਿੰਘ ਜੋ ਅਕਸਰ ਜਲੰਧਰ ਤੋਂ ਬਾਹਰ, ਨਾਲ ਲਗਦੇ ਪਿੰਡਾਂ ਵਿਚਲੇ ਪਾਰਟੀ ਸਾਥੀਆਂ ਪਾਸ ਰਾਤ ਸਮੇਂ ਚਲਿਆ ਜਾਂਦਾ ਸੀ, ਉਸਨੂੰ ਵੀ ਜਲੰਧਰ ਦੇ ਨੇੜਲੇ ਪਿੰਡ ਖੇੜੇ ਤੋਂ ਗ੍ਰਿਫ਼ਤਾਰ ਕਰ ਲਿਆ ਗਿਆ। ਉਹਨਾਂ ਦਿਨਾਂ ਵਿਚ ਨਾਮਧਾਰੀ ਸੰਪਰਦਾਇ ਵਲੋਂ ਦਿੱਲੀ ਤੋਂ ਰੋਜ਼ਾਨਾ ਪੰਜਾਬੀ ਅਖ਼ਬਾਰ 'ਨਵਾਂ ਹਿੰਦੋਸਤਾਨ' ਪ੍ਰਕਾਸ਼ਿਤ ਕੀਤਾ ਜਾਂਦਾ ਸੀ। ਉਸ ਅਖ਼ਬਾਰ ਰਾਹੀਂ ਪੰਜਾਬ ਦੇ ਕਿਸਾਨ ਅੰਦੋਲਨ ਦੀ ਚੜ੍ਹਤ ਅਤੇ ਕਾਂਗਰਸ ਦੀ ਕੈਰੋਂ ਸਰਕਾਰ ਦੇ ਜਬਰ ਨੂੰ ਲੋਕਾਂ ਸਾਹਮਣੇ ਲਿਆਉਣਾ ਸ਼ੁਰੂ ਕੀਤਾ। ਜਿਹਨਾਂ ਥਾਵਾਂ ਉੱਤੇ 'ਨਵਾਂ ਜ਼ਮਾਨਾ' ਜਾਂਦਾ ਸੀ, ਉਥੇ 'ਨਵਾਂ ਹਿੰਦੋਸਤਾਨ' ਭੇਜਿਆ ਜਾਣ ਲੱਗਿਆ, ਜਦੋਂ ਕਿ ਜਿੱਥੇ ਪਹਿਲਾਂ ਹੀ ਦਿੱਲੀ ਦਾ ਇਹ ਅਖ਼ਬਾਰ 'ਨਵਾਂ ਹਿੰਦੋਸਤਾਨ' ਜਾਂਦਾ ਸੀ, ਉਥੇ ਪੰਜਾਬ ਦੇ ਕਿਸਾਨ ਅੰਦੋਲਨ ਉੱਤੇ ਸਰਕਾਰ ਦੇ ਜਬਰ ਦੀਆਂ ਖ਼ਬਰਾਂ ਪਹੁੰਚਣ ਲੱਗੀਆਂ। ਉਸ ਸਮੇਂ ਅੱਜ ਦਾ ਹਰਿਆਣਾ ਪੰਜਾਬ ਦਾ ਹੀ ਹਿੱਸਾ ਹੁੰਦਾ ਸੀ। ਇਸ ਦੇ ਸਰਸਾ ਜ਼ਿਲ੍ਹੇ ਵਿਚ ਜੀਵਨ ਨਗਰ ਅਤੇ ਆਸ ਪਾਸ ਦੇ ਕੁਝ ਹੋਰ ਪਿੰਡਾਂ ਵਿਚ ਜਿੱਥੇ ਨਾਮਧਾਰੀਆਂ ਦੀ ਕਾਫ਼ੀ ਵਸੋਂ ਹੈ, ਉਥੇ ਵੀ 'ਨਵਾਂ ਹਿੰਦੋਸਤਾਨ' ਨੇ ਖ਼ਬਰਾਂ ਪਹੁੰਚਾਈਆਂ। ਦਿੱਲੀ ਤੋਂ ਛਪਦੇ ਇਸ ਅਖ਼ਬਾਰ ਉੱਤੇ ਸਿੱਧੀ ਜਾਂ ਅਸਿੱਧੀ ਪਾਬੰਦੀ ਕੈਰੋਂ ਸਰਕਾਰ ਨਹੀਂ ਸੀ ਲਾ ਸਕਦੀ, ਇਸ ਕਾਰਨ 'ਨਵਾਂ ਜ਼ਮਾਨਾ' ਦਾ ਗ੍ਰਿਫ਼ਤਾਰ ਕੀਤਾ ਸਟਾਫ਼ ਛੱਡਣਾ ਪਿਆ। ਅਖ਼ਬਾਰ ਫਿਰ ਤੋਂ ਛਪਣ ਲੱਗਿਆ ਅਤੇ ਸੁਹੇਲ ਸਿੰਘ ਨੇ ਜੇਲ੍ਹ ਤੋਂ ਬਾਹਰ ਆ ਕੇ ਪਹਿਲਾਂ ਦੀ ਤਰ੍ਹਾਂ ਕੰਮ ਸ਼ੁਰੂ ਕਰ ਦਿੱਤਾ।

ਇਸ ਦੀ ਸੋਚ ਦਾ ਹੋਰ ਨਿਖਰਿਆ ਰੂਪ 1962 ਵਿਚ ਕਮਿਊਨਿਸਟ ਪਾਰਟੀ ਵਿਚ ਉਭਰੇ ਸਿਧਾਂਤਕ ਮਤਭੇਦਾਂ ਸਮੇਂ ਸਾਹਮਣੇ ਆਇਆ। ਪਾਰਟੀ ਦੀ ਕੇਂਦਰੀ ਕਮੇਟੀ ਦੇ 34 ਮੈਂਬਰਾਂ ਨੇ ਪਾਰਟੀ ਦੀ ਉਸ ਸਮੇਂ ਦੀ ਪਰਚੱਲਤ ਨੀਤੀ ਨੂੰ ਮਾਰਕਸਵਾਦੀ ਸਿਧਾਂਤਾਂ ਤੋਂ ਹਟ ਕੇ, ਭਿਆਲ਼ੀ ਵਾਲੀ ਨੀਤੀ ਦਸਦਿਆਂ, ਵੱਖਰੀ ਨੀਤੀ ਵਜੋਂ ਆਪਣੇ ਦਸਤਾਵੇਜ਼ ਦਿੱਤੇ। ਪੰਜਾਬ ਤੋਂ ਉਹਨਾਂ 34 ਮੈਂਬਰਾਂ ਵਿਚ ਹਰਕ੍ਰਿਸ਼ਨ ਸਿੰਘ ਸੁਰਜੀਤ ਅਤੇ ਜਗਜੀਤ ਸਿੰਘ ਲਾਇਲਪੁਰੀ ਵੀ ਸਨ। 'ਨਵਾਂ ਜ਼ਮਾਨਾ' ਦੇ ਸਟਾਫ਼ ਵਿਚੋਂ ਇਕੋ



ਇਕ ਸੁਹੇਲ ਸਿੰਘ ਹੀ ਸੀ ਜੋ ਇਸ ਨੀਤੀ ਨਾਲ ਖੜ੍ਹਾ ਹੋਇਆ। ਜਦੋਂ ਦੇਸ਼ ਪੱਧਰ ਉੱਤੇ ਸੀ.ਪੀ.ਆਈ. (ਐਮ) ਦੀ ਸਥਾਪਨਾ ਹੋਈ ਅਤੇ ਹਰਕ੍ਰਿਸ਼ਨ ਸਿੰਘ ਸੁਰਜੀਤ ਜੋ ਪਹਿਲਾਂ ਸੀ.ਪੀ.ਆਈ. ਦੀ ਪੰਜਾਬ ਇਕਾਈ ਦੇ ਸਕੱਤਰ ਸਨ, ਉਹ ਸੀ.ਪੀ.ਆਈ. (ਐਮ) ਦੀ ਸੂਬਾ ਕਮੇਟੀ ਦੇ ਸਕੱਤਰ ਬਣੇ। ਉਹਨਾਂ ਦੀ ਮੁੱਖ ਸੰਪਾਦਨਾ ਹੇਠ ਸਪਤਾਹਿਕ 'ਲੋਕ ਲਹਿਰ' ਸ਼ੁਰੂ ਹੋਇਆ ਤਾਂ ਸੁਹੇਲ ਸਿੰਘ ਨੂੰ ਸੰਪਾਦਕ ਬਣਾਇਆ ਗਿਆ। ਮੈਨੂੰ ਬਰਨਾਲ਼ਾ ਤੋਂ ਜਲੰਧਰ ਬੁਲਾ ਕੇ ਉਸ ਦਾ ਸਹਾਇਕ ਲਾਇਆ। ਇਥੋਂ ਉਸ ਦਾ ਮੇਰੇ ਸਾਥੀ ਦੇ ਨਾਲ਼ ਨਾਲ਼ ਆਗੂ ਵਾਲ਼ਾ ਰੋਲ ਵੀ ਸ਼ੁਰੂ ਹੋ ਗਿਆ। ਉਸ ਨੇ ਕਦੇ ਵੀ ਸੰਪਾਦਕ ਵਜੋਂ ਸੀਨੀਅਰ ਹੋਣ ਦਾ ਪਰਭਾਵ ਨਹੀਂ ਸੀ ਦਿੱਤਾ, ਜੋ ਕਹਿਣਾ ਹੁੰਦਾ ਸਹਿਜ ਸੁਭਾਅ ਅਤੇ ਸਮਝਾਊ ਢੰਗ ਨਾਲ ਕਹਿਣਾ। ਇਸ ਦੇ ਉਲਟ ਅਨੇਕਾਂ ਵਾਰ ਮੈਂ ਕਈ ਤਰ੍ਹਾਂ ਦੀ ਟੋਕਾ ਟਾਕੀ ਕਰਨੀ ਤੇ ਕਹਿ ਦੇਣਾ ਇਹ ਠੀਕ ਨਹੀਂ ਹੈ। ਉਸ ਝੱਟ ਕਹਿਣਾ ਕਿ ਹਾਂ ਇਹੋ ਖ਼ਬਰ ਜਾਂ ਵਿਸ਼ਾ ਚੁਣੋ, ਤੇਰੇ ਸੁਝਾਅ ਅਨੁਸਾਰ ਇਸ ਉੱਤੇ ਲਿਖਣਾ ਠੀਕ ਹੈ। ਸੁਹੇਲ ਦਾ ਸੁਭਾਅ ਹਲੀਮੀ ਵਾਲ਼ਾ ਅਤੇ ਆਪਣੇ ਹੁਨਰ ਵਿਚ ਪਰਵੀਣਤਾ ਵਾਲ਼ਾ ਸੀ। ਉਹਨਾਂ ਸਾਲਾਂ ਵਿਚ ਉਸ ਤੋਂ ਪੱਤਰਕਾਰੀ ਅਤੇ ਜੀਵਨ ਜਾਚ ਵਿਚ ਕਾਫ਼ੀ ਕੁਝ ਸਿੱਖਿਆ।

1962 ਵਿਚ ਕਮਿਊਨਿਸਟ ਪਾਰਟੀ ਅੰਦਰ ਉੱਠੇ ਸਿਧਾਂਤਕ ਮਤਭੇਦ ਕਾਰਨ ਛੇਤੀ ਹੀ ਦੋ ਪਾਰਟੀਆਂ - ਸੀ.ਪੀ.ਆਈ. ਅਤੇ ਸੀ.ਪੀ.ਆਈ. (ਐਮ) ਬਣ ਗਈਆਂ। ਮਾਰਕਸੀ ਪਾਰਟੀ ਦੇ ਪੰਜਾਬ ਦੇ ਸਕੱਤਰ ਹਰਕ੍ਰਿਸ਼ਨ ਸਿੰਘ ਸੁਰਜੀਤ ਤੇ ਹੋਰ ਬਹੁਤ ਸਾਰੇ ਆਗੂ ਗ੍ਰਿਫ਼ਤਾਰ ਕਰ ਲਏ ਗਏ। ਜਗਜੀਤ ਸਿੰਘ ਲਾਇਲਪੁਰੀ, ਦਲੀਪ ਸਿੰਘ ਜੌਹਲ, ਰਾਜਿੰਦਰ ਸਿੰਘ ਸਰੀਂਹ ਆਦਿ ਆਗੂ ਜੋ ਗ੍ਰਿਫ਼ਤਾਰੀ ਤੋਂ ਬਚ ਗਏ, ਵਾਰੰਟ ਹੋਣ ਕਾਰਨ ਰੂਹਪੋਸ਼ ਹੋ ਗਏ। ਉਹਨਾਂ ਦਿਨਾਂ ਵਿਚ ਕਮਿਊਨਿਸਟ ਪਾਰਟੀ ਦਾ ਸੂਬਾਈ ਹੈਡਕੁਆਟਰ ਅੱਜ 'ਨਵਾਂ ਜ਼ਮਾਨਾ' ਦੇ ਦਫ਼ਤਰ ਵਾਲੀ ਕਿਰਾਏ ਦੀ ਇਮਾਰਤ ਵਿਚ ਸੀ। ਪਾਰਟੀ ਨੇ ਆਪਣੀ ਇਮਾਰਤ ਦੇਸ਼ ਭਗਤ ਯਾਦਗਾਰ ਹਾਲ ਦੇ ਨੇੜੇ ਗਦਰੀ ਸ਼ਹੀਦ ਭਾਈ ਰਤਨ ਸਿੰਘ ਦੇ ਨਾਂ ਉੱਤੇ ਟਰਸਟ ਬਣਾ ਕੇ ਉਸਾਰਨੀ ਆਰੰਭੀ ਹੋਈ ਸੀ। ਕੁਝ ਕਮਰਿਆਂ ਦੀ ਉਸਾਰੀ ਹੋਈ ਸੀ, ਪਲੱਸਤਰ ਅਤੇ ਚਾਰ ਦੀਵਾਰੀ ਕਰਨੀ ਬਾਕੀ ਸੀ ਕਿ ਪਾਰਟੀ ਅੰਦਰਲੇ ਮਤਭੇਦ ਅਤੇ ਗ੍ਰਿਫ਼ਤਾਰੀਆਂ ਦਾ ਚੱਕਰ ਚੱਲ ਪਿਆ। ਕਮਿਊਨਿਸਟ ਪਾਰਟੀ ਦਾ ਸੂਬਾਈ ਦਫ਼ਤਰ ਉਹਨਾਂ ਸਾਥੀਆਂ ਹੱਥ ਚਲਾ ਗਿਆ ਜੋ ਸੀ.ਪੀ.ਆਈ. ਦੀ ਚੱਲ ਰਹੀ ਨੀਤੀ ਦੇ ਮੁਦਈ ਸਨ। ਸੀ.ਪੀ.ਆਈ. (ਐਮ) ਵਾਲੇ ਬਣ ਰਹੀ ਇਮਾਰਤ ਵਿਚ ਚਲੇ ਗਏ ਅਤੇ ਇੱਥੇ ਹੀ ਸਪਤਾਹਿਕ 'ਲੋਕ ਲਹਿਰ' ਦਾ ਦਫ਼ਤਰ ਸੀ। ਸੋਮ ਪ੍ਰਕਾਸ਼ ਪਿੰਡ ਫਰਵਾਲ਼ੀ (ਨੇੜੇ ਮਾਲੇਰਕੋਟਲਾ) ਅਖ਼ਬਾਰ ਦੇ ਮੈਨੇਜਰ ਸਨ। ਰਘਬੀਰ ਸਿੰਘ (ਜੋ ਹੁਣ ਡਾ. ਰਘਬੀਰ ਸਿੰਘ 'ਸਿਰਜਣਾ' ਹੈ) ਜੋ ਇਕੱਠੀ ਪਾਰਟੀ ਸਮੇਂ ਸੂਬਾਈ ਦਫ਼ਤਰ ਦੇ ਇੰਚਾਰਜ ਦੇਸ ਰਾਜ ਚੱਢਾ ਦਾ ਸਹਾਇਕ ਸੀ, ਵਿਚਾਰਧਾਰਕ ਵਖਰੇਵੇਂ ਕਾਰਨ ਉਥੋਂ ਛੱਡ ਕੇ ਸੀ.ਪੀ.ਆਈ. (ਐਮ) ਦੇ ਸੂਬਾਈ ਦਫ਼ਤਰ ਵਿਚ ਆ ਗਿਆ। ਜਦੋਂ ਕਿ ਦੇਸ ਰਾਜ ਚੱਢਾ ਨੂੰ ਮਾਰਕਸੀ ਪਾਰਟੀ ਦੇ ਦਿੱਲੀ ਦਫ਼ਤਰ ਬੁਲਾ ਲਿਆ ਸੀ। ਮਾਰਕਸੀ ਪਾਰਟੀ ਦੇ ਕੁਲਵਕਤੀ ਕੰਮ ਕਰਨ ਵਾਲੇ ਆਗੂ ਜਾਂ ਤਾਂ ਜਿਹਲਾਂ ਵਿਚ ਸਨ ਅਤੇ ਜਾਂ ਰੂਹਪੋਸ਼। ਇਸ ਤਰ੍ਹਾਂ ਦਫ਼ਤਰ ਵਿਚ ਰਘਬੀਰ ਸਿੰਘ, ਸੋਮ ਪ੍ਰਕਾਸ਼, ਸੁਹੇਲ ਸਿੰਘ ਅਤੇ ਜਗੀਰ ਸਿੰਘ

ਜਗਤਾਰ ਹੀ ਸਨ। ਰਘਬੀਰ ਸਿੰਘ ਪਰਵਾਰ ਵਾਲਾ ਸੀ ਤੇ ਉਸ ਰਿਹਾਇਸ਼ ਬਾਹਰ ਕਿਰਾਏ ਦਾ ਮਕਾਨ ਲੈ ਕੇ ਰੱਖੀ ਹੋਈ ਸੀ। ਸੁਹੇਲ ਸਿੰਘ ਦੀ ਉਸ ਸਮੇਂ ਤੱਕ ਸ਼ਾਦੀ ਨਹੀਂ ਸੀ ਹੋਈ, ਪਰ ਉਹ ਕਾਫ਼ੀ ਸਮੇਂ ਤੋਂ ਜਲੰਧਰ ਵਿਚ ਰਹਿੰਦਾ ਹੋਣ ਕਾਰਨ ਆਸ ਪਾਸ ਦੇ ਪਿੰਡਾਂ ਦੇ ਸਾਥੀਆਂ ਨਾਲ ਚੰਗਾ ਮੇਲ ਮਿਲਾਪ ਰੱਖਦਾ ਸੀ ਅਤੇ ਰਾਤ ਉਹਨਾਂ ਪਾਸ ਹੀ ਰਹਿੰਦਾ ਸੀ। ਦਫ਼ਤਰ ਵਿਚ ਰਾਤ ਸਮੇਂ ਜ਼ਿਲ੍ਹਾ ਸੰਗਰੂਰ ਤੋਂ ਗਏ ਸੋਮ ਪ੍ਰਕਾਸ਼, ਜਗਤਾਰ ਜਾਂ ਇਕ ਲਾਂਗਰੀ ਹੀ ਹੁੰਦੇ ਸੀ। ਦਿਨ ਦੇ ਕੰਮ ਵਾਲ਼ੇ ਸਮੇਂ ਅਸੀਂ ਚਾਰੇ ਇਕੱਠੇ ਹੁੰਦੇ, ਕੰਮ ਦੀ ਆਪੋ ਆਪਣੀ ਜ਼ੁਮੇਂਵਾਰੀ ਨਿਭਾਉਂਦੇ ਅਤੇ ਦੁਪਹਿਰ ਦੀ ਰੋਟੀ ਇਕੱਠੇ ਖਾਂਦੇ। ਕਦੇ ਪਿੰਡ ਗੜ੍ਹਾ ਤੋਂ ਹਰਦਿਆਲ ਸਿੰਘ ਐਡਵੋਕੇਟ ਅਤੇ ਇਕ ਦੋ ਹੋਰ ਸਾਥੀ ਆ ਜਾਂਦੇ ਅਤੇ ਰਾਜਨੀਤਿਕ ਮਾਮਲਿਆਂ ਬਾਰੇ ਵਿਚਾਰਾਂ ਅਤੇ ਬਹਿਸਾਂ ਕਰਦੇ। ਜਿੱਥੇ ਸੋਮ ਪ੍ਰਕਾਸ਼ ਆਪਣੀ ਗੱਲ ਉੱਤੇ ਬਹੁਤ ਡਟ ਦਾ ਅਤੇ ਸਿੰਗ ਫਸਾਊ ਢੰਗ ਨਾਲ ਉਲਝਦਾ, ਉਥੇ ਸੁਹੇਲ ਸਿੰਘ ਆਪਣੇ ਵਿਚਾਰ ਦੇ ਕੇ ਚੁੱਪ ਕਰ ਜਾਂਦਾ। ਉਸ ਦਾ ਤਰਕ ਸੀ ਕਿ ਆਪਣਾ ਨੁਕਤਾ ਨਿਗਾਹ ਬਾਦਲੀਲ ਪੇਸ਼ ਕਰੋ, ਉਸ ਪਿੱਛੋਂ ਦੂਜੇ ਦਾ ਕੰਮ ਹੈ ਕਿ ਉਹ ਆਪਣੀ ਸੋਚ ਅਨੁਸਾਰ ਉਸ ਨੂੰ ਅਪਣਾਏ ਜਾਂ ਛੱਡੇ। ਉਸ ਦਾ ਵਿਚਾਰ ਸੀ ਕਿ ਕਿਸੇ ਨੂੰ ਧੱਕੇ ਨਾਲ ਮਨਾਏ ਵਿਚਾਰ ਚਿਰ ਸਥਾਈ ਅਸਰ ਨਹੀਂ ਰੱਖਦੇ।

ਹਫ਼ਤੇਵਾਰ 'ਲੋਕ ਲਹਿਰ' ਕੁਝ ਸਮਾਂ 'ਲੋਕ ਜਮਹੂਰੀਅਤ' ਦੇ ਨਾਂ ਹੇਠ ਹਫ਼ਤੇ ਵਿਚ ਦੋ ਵਾਰ ਵੀ ਛਪਦਾ ਰਿਹਾ। ਜਦੋਂ ਜਿਹਲ ਵਿਚਲੇ ਸਾਥੀ ਬਾਹਰ ਆਏ ਤਾਂ 'ਲੋਕ ਲਹਿਰ' ਫਿਰ ਤੋਂ ਪਹਿਲਾਂ ਸਪਤਾਹਿਕ ਛਪਣ ਲੱਗਿਆ ਤੇ ਫਿਰ ਰੋਜ਼ਾਨਾ ਹੋਇਆ ਅਤੇ ਇਸ ਸਾਰੇ ਸਮੇਂ ਵਿਚ ਸੁਹੇਲ ਸਿੰਘ ਨੇ ਇਸ ਦੀ ਸੰਪਾਦਕ ਵਜੋਂ ਅਗਵਾਈ ਕੀਤੀ। ਉਹ ਨਾਂ ਦਾ ਹੀ ਸੰਪਾਦਕ ਨਹੀਂ ਸੀ, ਸੰਪਾਦਕੀ, ਲੇਖ ਤਾਂ ਲਿਖਦਾ ਹੀ, ਅੰਗਰੇਜ਼ੀ ਅਤੇ ਉਰਦੂ ਵਿਚੋਂ ਛਾਪਣ ਲਈ ਲੋੜੀਂਦਾ ਅਨੁਵਾਦ ਵੀ ਕਰਦਾ। ਲੋੜ ਪੈਣ ਉੱਤੇ ਖ਼ਬਰਾਂ ਵੀ ਲਿਖਦਾ। ਦੈਨਿਕ ਪਰਚੇ ਦੇ ਦਿਨਾਂ ਵਿਚ ਅੱਠ ਤੋਂ ਦਸ ਘੰਟੇ ਕੰਮ ਕਰਦਾ। ਰੋਜ਼ਾਨਾ ਪਰਚੇ ਦੇ ਸਮੇਂ ਉਸ ਨਾਲ ਮੈਥੋਂ ਬਿਨਾ ਸੁਰਜੀਤ ਗਿੱਲ, ਚਰਨ ਸਿੰਘ ਵਿਰਦੀ (ਹੁਣ ਸੀ.ਪੀ.ਆਈ. (ਐਮ) ਦੇ ਸੂਬਾ ਸਕੱਤਰ), ਸਾਧੂ ਸਿੰਘ, ਮਹਿੰਦਰ ਸਿੰਘ ਅਤੇ ਇਕ ਦੋ ਹੋਰ ਸਾਥੀ ਸਨ। ਸਾਡੇ ਵਿਚੋਂ ਕੁਝ ਤਾਂ ਅਖ਼ਬਾਰ ਦੇ ਕੰਮ ਤੋਂ ਜਾਣੂ ਸਨ ਅਤੇ ਕੁਝ ਨਵੇਂ ਸਿਖਾਂਦਰੂ, ਸੁਹੇਲ ਸਿੰਘ ਦਾ ਵਰਤਾਓ ਤੇ ਬੋਲ ਬਾਣੀ ਸਭ ਨਾਲ ਇਕਸਾਰ ਤੇ ਸਤਿਕਾਰ ਭਰੀ ਹੁੰਦੀ ਸੀ। ਉਸ ਵਿਚ ਅਧਿਕਾਰਵਾਦ ਦੀ ਉਕਾ ਹੀ ਰੁਚੀ ਨਹੀਂ ਸੀ। ਸਾਡੇ ਵਿਚੋਂ ਜੇ ਹੋਰ ਸਟਾਫ਼ ਮੈਂਬਰ ਸੰਪਾਦਕੀ ਲਿਖਣ ਬਾਰੇ ਕਹਿੰਦਾ ਤਾਂ ਝਟ ਕਿਹਾ ਜਾਂਦਾ 'ਹਾਂ, ਹਾਂ ਜ਼ਰੂਰ ਲਿਖ।' ਕਈ ਵਾਰ ਅਸੀਂ ਤਾਂ ਕੋਈ ਟੀਕਾ ਟਿੱਪਣੀ ਕਰ ਦਿੰਦੇ ਪਰ ਸੁਹੇਲ ਸਿੰਘ ਨੇ ਕਦੇ ਵੀ ਸਾਡੇ ਕਿਸੇ ਦੇ ਵੀ ਕੰਮ ਢੰਗ ਉੱਤੇ ਕਿੰਤੂ ਪਰੰਤੂ ਨਾ ਕੀਤਾ। ਜੇ ਕੋਈ ਬਹੁਤ ਜ਼ਰੂਰੀ ਨੁਕਤਾ ਹੁੰਦਾ ਤਾਂ ਕਿਹਾ ਜਾਂਦਾ 'ਜੇ ਇਸ ਨੂੰ ਇਸ ਤਰ੍ਹਾਂ ਲਿਖੀਏ ਤਾਂ ਗੱਲ ਵਧੇਰੇ ਸਪੱਸ਼ਟ ਨਹੀਂ ਲੱਗੇਗੀ?' ਅਸਲ ਵਿਚ ਸੁਹੇਲ ਸਿੰਘ ਪੱਤਰਕਾਰੀ ਖੇਤਰ ਦਾ ਆਗੂ ਹੁੰਦਾ ਹੋਇਆ ਵੀ ਸਹੀ ਅਰਥਾਂ ਵਿਚ ਸਾਥੀ ਸੀ।

ਮੋਬਾਇਲ ਨੰ: 94179-71600



# ਸੁਹੇਲ ਨੂੰ ਯਾਦ ਕਰਦਿਆਂ...

-ਡਾ. ਜੋਗਿੰਦਰ ਸਿੰਘ ਪੁਆਰ

ਸੁਹੇਲ ਨਾਲ ਮੇਰੀ ਪਹਿਲੀ ਮੁਲਾਕਾਤ ਉਦੋਂ ਹੋਈ, ਜਦੋਂ 1962/63 ਵਿੱਚ ਸੀ. ਪੀ. ਆਈ. ਦੇ ਦੋ ਗਰੁੱਪਾਂ ਵਿੱਚ ਬਟਣ ਦਾ ਮੁੱਢ ਬੱਝ ਰਿਹਾ ਸੀ। ਕਾਮਰੇਡ ਹਰਦਿਆਲ, ਜਿਨ੍ਹਾ ਨੂੰ ਆਮ ਤੌਰ ਤੇ 'ਨੇਤਾ ਜੀ' ਕਹਿ ਕੇ ਬੁਲਾਇਆ ਜਾਂਦਾ ਸੀ, ਨਾਲ ਮੇਰੀ ਕਾਫ਼ੀ ਨੇੜੇ ਦੀ ਸਾਂਝ ਸੀ। 1962 ਦੀ ਚੀਨ ਦੀ ਲੜਾਈ ਤੋਂ ਬਾਅਦ ਪਾਰਟੀ ਅੰਦਰ ਉਭਰ ਰਹੇ ਸਿਧਾਂਤਕ ਟਕਰਾ 'ਤੇ ਬਹਿਸ ਸ਼ੁਰੂ ਹੋ ਗਈ ਸੀ। ਜਲੰਧਰ ਕਾਫ਼ੀ ਹਾਊਸ ਬਹੁਤੀ ਵਾਰ ਇਸ ਬਹਿਸ ਦਾ ਅਖਾੜਾ ਬਣ ਜਾਂਦਾ। ਇਹ ਦੋਨੋਂ ਧੜੇ, ਚੀਨ ਤੇ ਰੂਸ ਪੱਖੀ ਧੜਿਆਂ ਦੇ ਨਾਂਅ ਨਾਲ ਜਾਣੇ ਜਾਂਦੇ ਸਨ। ਨਵਾਂ ਉੱਭਰ ਰਹੇ ਚੀਨ ਪੱਖੀ ਧੜਾ ਸੁਰਜੀਤ ਬਾਜਵਾ, ਕਾਮਰੇਡ ਹਰਦਿਆਲ, ਕਾਮਰੇਡ ਸੁਹੇਲ, ਡਾ. ਰਘਬੀਰ ਸਿਰਜਣਾ ਅਤੇ ਨਰਿੰਦਰ ਜੋਸ਼ੀ ਆਦਿ ਦਾ ਸੀ। ਸੀ. ਪੀ. ਆਈ. ਦੇ ਸਥਾਪਤ ਲੋਕ ਇਸ ਉਭਰ ਰਹੇ ਵਿਵਾਦ ਸਮੇਂ ਸਥਾਪਤ ਵਿਚਾਰਧਾਰਾ ਦੀ ਡਟ ਕੇ ਵਕਾਲਤ ਕਰਦੇ ਅਤੇ ਇਸ ਉਭਰ ਰਹੇ ਦੂਜੇ ਧੜੇ ਦੇ ਲੋਕਾਂ 'ਤੇ ਪੂਰੀ ਨਜ਼ਰ ਵੀ ਰੱਖਦੇ। ਚੀਨ ਪੱਖੀ ਜਾਣੇ ਜਾਂਦੇ ਧੜੇ ਦੇ ਲੋਕ ਸਥਾਪਤ ਪਾਰਟੀ ਨੂੰ ਚੁਭਣੇ ਸ਼ੁਰੂ ਹੋ ਗਏ ਸੀ। ਸੁਰਜੀਤ ਬਾਜਵਾ ਬਹੁਤ ਛੇਤੀ ਇੰਗਲੈਂਡ ਨੂੰ ਚਲਾ ਗਿਆ। ਮੈਂ ਪਾਰਟੀ ਦਾ ਕਦੇ ਵੀ ਮੈਂਬਰ ਨਹੀਂ ਰਿਹਾ, ਪਰ ਲੰਮੇ ਸਮੇਂ ਤੋਂ ਪਾਰਟੀ ਦਾ ਹਮਦਰਦ ਚਲਾ ਆਉਂਦਾ ਸੀ।

1963 ਵਿੱਚ ਮੇਰੀ ਕਾਲਜ ਦੀ ਲੈਕਚਰਾਰ ਦੀ ਨੌਕਰੀ ਖ਼ਤਮ ਹੋਣ ਤੋਂ ਬਾਅਦ ਮੈਂ ਸੰਤ ਫਤਹਿ ਸਿੰਘ ਦੇ ਅਖ਼ਬਾਰ 'ਕੌਮੀ ਦਰਦ' ਵਿੱਚ ਡੈਸਕ 'ਤੇ ਖ਼ਬਰਾਂ ਐਡਿਟ ਕਰਨ ਦਾ ਕੰਮ ਕਰਦਾ ਸੀ। ਉਸ ਸਮੇਂ ਪੰਜਾਬ ਦੇ ਵੱਖ-ਵੱਖ ਜ਼ਿਲਿਆਂ ਦੇ ਪਾਰਟੀ ਯੂਨਿਟਾਂ ਵਿੱਚ ਵਧ ਰਹੇ ਸਿਧਾਂਤਕ ਟਕਰਾਅ ਦੀਆਂ ਖ਼ਬਰਾਂ ਆ ਰਹੀਆਂ ਸਨ। ਇਹਨਾਂ ਖ਼ਬਰਾਂ ਨੂੰ ਨਵੇਂ ਧੜੇ ਦੇ ਹੱਕ ਵਿੱਚ ਛਾਪਣਾ ਬਹੁਤ ਜ਼ਰੂਰੀ ਅਤੇ ਮਹੱਤਵਪੂਰਨ ਸਮਝਿਆ ਜਾਂਦਾ ਸੀ। 'ਨਵਾਂ ਜ਼ਮਾਨਾ' ਸਥਾਪਤ ਪਾਰਟੀ ਦਾ ਬੁਲਾਰਾ ਸੀ। 'ਕੌਮੀ ਦਰਦ' ਕੋਈ ਬਹੁਤਾ ਜਾਣਿਆ-ਪਛਾਣਿਆਂ ਅਖ਼ਬਾਰ ਨਹੀਂ ਸੀ। ਹਰਦਿਆਲ, ਸੁਹੇਲ ਅਤੇ ਰਘਬੀਰ ਇਨ੍ਹਾਂ ਖ਼ਬਰਾਂ ਨੂੰ ਤਿਆਰ ਕਰਕੇ ਚੁੱਪ-ਚੁਪੀਤੇ ਮੈਨੂੰ ਦੇ ਦਿੰਦੇ ਅਤੇ ਮੈਂ ਉਹ 'ਕੌਮੀ ਦਰਦ' ਵਿੱਚ ਛਾਪ ਦਿੰਦਾ। ਕਿਉਂਕਿ ਇਹ ਅਖ਼ਬਾਰ ਜਲੰਧਰੋਂ ਹੀ ਨਿਕਲ਼ਦਾ ਸੀ, ਇਸ ਲਈ ਇਹ ਖ਼ਬਰਾਂ 'ਨਵੇਂ ਜ਼ਮਾਨੇ' ਦੀ ਨਿਗ੍ਹਾ ਵਿੱਚ ਜ਼ਰੂਰ ਚੜ੍ਹ ਜਾਂਦੀਆਂ। ਸੁਹੇਲ ਸ਼ਾਇਦ ਉਸ ਵੇਲੇ 'ਨਵਾਂ ਜ਼ਮਾਨਾ' ਵਿੱਚ ਕੰਮ ਕਰਦਾ ਸੀ। ਇਹ ਉਹ ਮੌਕਾ ਸੀ, ਜਦੋਂ ਸੁਹੇਲ ਨਾਲ਼ ਮੇਰੀ ਨੇੜਤਾ ਵਧਣੀ ਸ਼ੁਰੂ ਹੋਈ। ਇਸ ਤੋਂ ਬਾਅਦ ਚੀਨ ਪੱਖੀ ਧੜੇ ਦੀ ਪੁਲੀਟੀਕਲ ਲਾਈਨ ਲੋਕਾਂ ਵਿੱਚ ਅਤੇ ਪਾਰਟੀ ਵਰਕਰਾਂ ਵਿੱਚ ਪੁਚਾਉਣ ਲਈ ਅਣ ਐਲਾਨੀਆਂ ਹਫ਼ਤਾਵਾਰੀ ਅਖ਼ਬਾਰ 'ਲੋਕ ਲਹਿਰ' ਦੇ ਨਾਂਅ ਥੱਲੇ ਕੱਢਣਾ ਸ਼ੁਰੂ ਕਰ ਦਿੱਤਾ। ਸੁਹੇਲ ਅਤੇ ਰਘਬੀਰ ਇਸ ਦੇ ਕਰਤਾ-ਧਰਤਾ ਸਨ। ਸੁਹੇਲ ਇਸ ਨਵੇਂ ਗਰੁੱਪ ਦੇ ਮੋਢੀਆਂ ਵਿੱਚੋਂ ਇੱਕ ਸੀ। ਇਸ ਅਖ਼ਬਾਰ ਦਾ ਨਿਕਲਣਾ ਪੰਜਾਬ ਵਿੱਚ ਨਵੇਂ ਧੜੇ ਵੱਲੋਂ ਕੀਤਾ

ਗਿਆ ਪਹਿਲਾ ਧਮਾਕਾ ਸੀ। ਜਲੰਧਰ ਵਿੱਚੋਂ 'ਲੋਕ ਲਹਿਰ' ਦੇ ਨਿਕਲਣ ਨਾਲ ਪਾਰਟੀ ਚੋਂ ਬਾਹਰ ਆਉਣ ਵਾਲੇ ਧੜੇ ਨੇ ਇੱਕ ਤਰੀਕੇ ਨਾਲ ਖੁੱਲ੍ਹੀ ਬਗਾਵਤ ਕਰ ਦਿੱਤੀ ਸੀ। ਇਸ ਨਵੇਂ ਗਰੁੱਪ ਦੇ ਲੋਕਾਂ ਨੂੰ ਆਮ ਤੌਰ 'ਤੇ ਖੱਬੇ ਪੱਖੀ ਕਿਹਾ ਜਾਂਦਾ। ਮੌਕੇ ਦੀ ਸਰਕਾਰ ਵੀ ਇਨ੍ਹਾਂ ਦੇ ਵਿਰੁੱਧ ਸੀ। ਪਾਰਟੀ ਵਿੱਚੋਂ ਬਾਹਰ ਆ ਰਹੇ ਖੱਬੇ-ਪੱਖੀ ਸੋਚ ਨਾਲ ਜੁੜੇ ਲੋਕਾਂ ਨੇ ਲਾਮਬੰਦ ਹੋਣਾ ਸ਼ੁਰੂ ਕਰ ਦਿੱਤਾ ਸੀ। ਕਾਮਰੇਡ ਹਰਕਿਸ਼ਨ ਸਿੰਘ ਸੁਰਜੀਤ ਵਰਗੇ ਕਈ ਲੀਡਰਾਂ ਨੂੰ ਜੇਲ੍ਹ ਵਿੱਚ ਬੰਦ ਕਰ ਦਿੱਤਾ ਗਿਆ ਸੀ। ਇਸ ਸਮੇਂ ਸੁਹੇਲ ਬਾਕੀ ਸਾਥੀਆਂ ਨਾਲ ਇਸ ਸਾਰੀ ਕਾਰਵਾਈ ਵਿੱਚ ਬਹੁਤ ਹੀ ਗੰਭੀਰਤਾ ਤੇ ਦਿਆਨਤਦਾਰੀ ਨਾਲ਼ ਚੁੱਪ-ਚੁਪੀਤੇ ਨਵੀਂ ਪਾਰਟੀ ਦੀ ਉਸਾਰੀ ਵਿੱਚ ਅਹਿਮ ਰੋਲ ਅਦਾ ਕਰ ਰਿਹਾ ਸੀ। ਇਹ ਉਹ ਸਮਾਂ ਸੀ ਜਦੋਂ ਸਾਡੇ ਸਾਰਿਆਂ ਦਾ ਪੈਸਿਆਂ ਵੱਲੋਂ ਹੱਥ ਤੰਗ ਹੀ ਹੁੰਦਾ ਅਤੇ ਸਾਰਿਆਂ ਦੀ ਵੱਡੀ ਆਯਾਸ਼ੀ ਕਾਫ਼ੀ ਹਾਊਸ ਵਿੱਚ ਬਹਿ ਕੇ ਕਾਫ਼ੀ ਪੀਣਾ ਹੀ ਸੀ। ਇਹ ਕਾਫ਼ੀ ਹਾਊਸ ਜੀ ਟੀ ਰੋਡ 'ਤੇ ਕੰਪਨੀ ਬਾਗ ਦੇ ਸਾਹਮਣੇ ਵਾਲ਼ੀ ਬਿਲਡਿੰਗ ਦੀ ਪਹਿਲੀ ਮੰਜ਼ਲ 'ਤੇ ਸੀ। ਸ਼ਹਿਰ ਦਾ ਪੜ੍ਹਿਆ-ਲਿਖਿਆ ਬੁੱਧਜੀਵੀ ਤਬਕਾ ਇੱਥੇ ਹੀ ਇਕੱਠਾ ਹੁੰਦਾ। ਕਾਫ਼ੀ ਹਾਊਸ ਦੇ ਬਹੁਤੇ ਬਿੱਲ ਹਰਦਿਆਲ ਹੀ ਦਿਆ ਕਰਦਾ ਸੀ। ਸੁਹੇਲ ਕਿਉਂਕਿ ਹੋਲ ਟਾਈਮਰ ਸੀ, ਇਸ ਲਈ ਸਾਰੇ ਦੋਸਤਾਂ ਦੀ ਇਹ ਕੋਸ਼ਿਸ਼ ਰਹਿੰਦੀ ਕਿ ਉਸ ਉੱਪਰ ਕਿਸੇ ਕਿਸਮ ਦਾ ਬੋਝ ਨਾ ਪੈਣ ਦਿੱਤਾ ਜਾਵੇ। ਸੁਹੇਲ ਸੁਭਾਵਕ ਤੌਰ 'ਤੇ ਸਾਦਾ ਰਹਿਣ-ਸਹਿਣ, ਸਾਦੇ ਕੱਪੜੇ ਪਾਉਣ ਵਾਲਾ, ਜ਼ਿੰਦਗੀ ਵਿੱਚ ਬਹੁਤ ਹੀ ਘੱਟ ਜਾਤੀ ਜ਼ਰੂਰਤਾਂ ਵਾਲਾ ਇਨਸਾਨ ਸੀ। ਉਸ ਨੂੰ ਜੀਵਨ ਦੇ ਇਸ ਪੱਖ ਬਾਰੇ ਕਦੇ ਕੋਈ ਗਿਲਾ-ਸ਼ਿਕਵਾ ਕਰਦਿਆਂ ਵੀ ਨਹੀਂ ਸੀ ਸੁਣਿਆ ਅਤੇ ਨਾ ਹੀ ਉਸ ਨੇ ਕਦੇ ਆਮ ਰੋਜ਼ਾਨਾ ਜੀਵਨ ਵਿੱਚ ਬਹੁਤੀ ਦੌੜ-ਭੱਜ ਵਿੱਚ ਰੁਚੀ ਦਿਖਾਈ ਸੀ। ਉਹ ਆਪਣਾ ਕੰਮ ਬਹੁਤ ਹੀ ਲਗਨ ਨਾਲ ਕਰਦਾ। ਇਸ ਲਈ ਸਾਰੇ ਲੋਕ ਉਸ ਦੀ ਬਹੁਤ ਇੱਜ਼ਤ ਕਰਦੇ ਸਨ। ਕਦੇ-ਕਦੇ ਜੇ ਸਾਡੀ ਜੇਬ ਇਜਾਜ਼ਤ ਦਿੰਦੀ ਤੇ ਸਾਡਾ ਦਾਰੂ ਪੀਣ ਨੂੰ ਜੀ ਕਰਦਾ ਤਾਂ ਅਸੀਂ ਦੋ-ਤਿੰਨ ਜਣੇ ਰਲ ਕੇ 15-20 ਰੁਪਏ ਇਕੱਠੇ ਕਰਦੇ। ਉਸ ਵਿੱਚੋਂ ਸਾਢੇ ਸੱਤ ਰੁਪਏ ਦੀ ਰਸ ਭਰੀ ਜਾਂ ਮਹਾਰਾਜੇ ਦੀ ਬੋਤਲ ਲੈ ਕੇ ਬਾਬੂ ਰਾਮ ਦੇ ਢਾਬੇ 'ਤੇ ਕਮਰਾ ਲੈ ਕੇ ਬਹਿ ਜਾਂਦੇ। ਦੋ ਰੁਪਏ ਕਮਰੇ ਦਾ ਕਿਰਾਇਆ ਦਿੰਦੇ। ਇੱਕ ਰੁਪਏ ਦਾ ਸੋਡਾ ਲੈਂਦੇ। ਬਾਕੀ ਦੇ ਸਾਢੇ ਚਾਰ ਰੁਪਿਆਂ ਦੀ ਕੋਈ ਨਮਕੀਨ ਚੀਜ਼ ਬਾਬੂ ਲਾਲ ਤੋਂ ਲੈ ਲੈਂਦੇ। ਸੁਹੇਲ ਸਾਡਾ ਪੱਕਾ ਸਾਥੀ ਹੁੰਦਾ।

1964 ਵਿੱਚ ਮੈਂ ਇੰਗਲੈਂਡ ਚਲਾ ਗਿਆ। 1965 ਦਸੰਬਰ ਵਿੱਚ ਮੈਂ ਵਾਪਸ ਆ ਗਿਆ, ਪਰ ਅੱਠ ਮਹੀਨਿਆਂ ਬਾਅਦ ਮੈਂ ਫਿਰ ਵਾਪਸ ਚਲਾ ਗਿਆ। ਮੈਂ ਵਾਪਸ ਜਾ ਕੇ ਕੁਝ ਸਮਾਂ ਕੰਮ ਕਰਕੇ ਕੁਝ ਪੈਸੇ ਜਮ੍ਹਾਂ ਕੀਤੇ ਤੇ ਲੰਡਨ ਯੂਨੀਵਰਸਿਟੀ ਤੋਂ ਐੱਮ ਫਿਲ ਕਰਕੇ 1972 'ਚ ਮੁੜ ਵਾਪਸ ਆ ਗਿਆ। 1972 ਦੇ ਅੰਤ ਵਿੱਚ ਮੈਨੂੰ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿੱਚ ਲੈਕਚਰਾਰ ਦੀ ਨੌਕਰੀ ਮਿਲ ਗਈ। ਮੇਰਾ ਜਲੰਧਰ ਲਗਾਤਾਰ ਆਉਣ ਜਾਣਾ ਬਣਿਆ ਰਹਿੰਦਾ। ਸਾਡਾ ਸਾਰਿਆਂ ਦਾ ਮੁੜ ਮੇਲ-ਮਿਲਾਪ ਸ਼ੁਰੂ ਹੋ ਗਿਆ। ਸੀ. ਪੀ. ਐੱਮ. ਦਾ ਗਠਨ ਹੋ ਚੁੱਕਾ ਸੀ। ਪਾਰਟੀ ਦੀ ਰੋਜ਼ਾਨਾ 'ਲੋਕ



ਲਹਿਰ' ਅਖ਼ਬਾਰ ਚੱਲ ਰਹੀ ਸੀ। ਸੁਹੇਲ ਇਸ ਦਾ ਮੁਖੀ ਸੀ। ਪਾਰਟੀ ਨੇ ਬਦਰੀਦਾਸ ਕਾਲੋਨੀ ਵਿੱਚ ਆਪਣਾ ਮੁੱਖ ਦਫ਼ਤਰ ਕਾਇਮ ਕਰ ਲਿਆ ਸੀ। ਸੁਹੇਲ ਦਾ ਵਿਆਹ ਹੋ ਚੁੱਕਾ ਸੀ। ਸੁਹੇਲ 'ਲੋਕ ਲਹਿਰ' ਦੇ ਨਿਕਲਣ ਤੋਂ ਲੈ ਕੇ ਜੀਵਨ ਦੇ ਆਖ਼ਰੀ ਦਮ ਤੱਕ ਬਹੁਤ ਹੀ ਦਿਆਨਤਦਾਰ, ਤਨਦੇਹੀ ਅਤੇ ਲਗਨ ਨਾਲ਼ ਆਪਣਾ ਕੰਮ ਕਰਦਾ ਰਿਹਾ। ਉਸ ਦੀ ਪਤਨੀ ਰਘਬੀਰ ਕੌਰ ਨੇ ਬੜੀ ਮਿਹਨਤ ਨਾਲ ਆਪਣੇ ਅਕਾਦਮਿਕ ਜੀਵਨ ਵਿੱਚ ਵਿਕਾਸ ਕਰਦਿਆਂ ਆਪਣੇ-ਆਪ ਨੂੰ ਨੌਕਰੀ ਕਰਨ ਦੇ ਕਾਬਲ ਬਣਾਇਆ। ਪਹਿਲਾਂ ਉਸ ਨੇ ਫਗਵਾੜੇ ਕਾਲਜ ਵਿੱਚ ਲਾਇਬਰੇਰੀਅਨ ਦੀ ਡਿਊਟੀ ਨਿਭਾਈ ਫਿਰ ਐੱਮ ਫਿਲ ਕਰਕੇ ਲੈਕਚਰਾਰ ਲੱਗ ਗਈ। ਇਸ ਤਰ੍ਹਾਂ ਉਨ੍ਹਾਂ ਦੇ ਘਰ ਦੀ ਆਰਥਿਕ ਹਾਲਤ ਵੀ ਕਾਫ਼ੀ ਸੁਧਰ ਗਈ।

ਪੰਜਾਬ ਵਿੱਚ ਇੱਕ ਐਸਾ ਸਮਾਂ ਵੀ ਆਇਆ, ਜਦੋਂ ਸੰਤ ਭਿੰਡਰਾਂਵਾਲੇ ਦੇ ਪ੍ਰਭਾਵ ਅਧੀਨ ਪੰਜਾਬ ਵਿੱਚ ਦਹਿਸ਼ਤਗਰਦੀ ਦਾ ਦੌਰ ਸ਼ੁਰੂ ਹੋ ਗਿਆ। ਖੱਬੇ-ਪੱਖੀਆਂ ਨੇ ਇਸ ਦੀ ਡੱਟ ਕੇ ਮੁਖ਼ਾਲਫ਼ਤ ਕੀਤੀ। ਇਨ੍ਹਾਂ ਦਿਨਾਂ ਵਿੱਚ ਅਖ਼ਬਾਰਾਂ, ਰੇਡੀਓ ਅਤੇ ਟੀ ਵੀ ਵਾਲੇ ਡਰ ਥੱਲੇ ਕੰਮ ਕਰਦੇ ਸਨ। ਸੁਹੇਲ ਉਸ ਸਮੇਂ ਟੀ ਵੀ 'ਤੇ ਉਸ ਗਰਮ ਪੱਖੀ ਧੜੇ ਵਿਰੁੱਧ ਆਉਣ ਵਾਲ਼ੀਆਂ ਖ਼ਬਰਾਂ 'ਤੇ ਬੜੀ ਨਿਡਰਤਾ ਨਾਲ ਤਬਸਰਾ ਕਰਦਾ। ਉਸ ਸਮੇਂ ਅਜਿਹਾ ਕਰਨਾ ਖ਼ਤਰੇ ਤੋਂ ਖਾਲੀ ਨਹੀਂ ਸੀ, ਪਰ ਉਹ ਬਿਨਾਂ ਕਿਸੇ ਡਰ-ਡੱਪੇ ਤੋਂ ਕੰਮ ਕਰਦਾ। ਸਾਨੂੰ ਕਈ ਮਿੱਤਰ ਸੁਹੇਲ ਦੇ ਇਸ ਰੋਲ ਬਾਰੇ ਕਹਿੰਦੇ ਵੀ, ਪਰ ਉਹ ਨਿਡਰ ਆਦਮੀ ਸੀ। ਉਹ ਆਪਣੀ ਡਿਊਟੀ ਪ੍ਰਤੀ ਬਹੁਤ ਵਚਨਬੱਧ ਸੀ। ਹੁਣ ਸੁਹੇਲ ਘਰੋਂ ਕੁਝ ਸੌਖਾ ਸੀ ਪਰ ਰਹਿਣਾ-ਸਹਿਣਾ ਉਸ ਦਾ ਪਹਿਲੇ ਦੀ ਤਰ੍ਹਾਂ ਬਿਲਕੁੱਲ ਸਾਦਾ ਸੀ।

1992 ਵਿੱਚ ਮੈਂ ਪੰਜਾਬੀ ਯੂਨੀਵਰਸਿਟੀ ਵਿੱਚ ਪ੍ਰੋ. ਵਾਈਸ ਚਾਂਸਲਰ ਲੱਗ ਗਿਆ। ਮੈਨੂੰ ਇਸ ਆਸਾਮੀ 'ਤੇ ਕੰਮ ਕਰਦਿਆਂ ਹਾਲੇ ਕੁਝ ਮਹੀਨੇ ਹੀ ਹੋਏ ਸਨ ਕਿ ਦਿਨ ਲੌਢੇ ਕੁ ਵੇਲੇ ਡਾ. ਰਘਬੀਰ ਸਿੰਘ ਸਿਰਜਣਾ ਦਾ ਚੰਡੀਗੜ੍ਹ ਤੋਂ ਟੈਲੀਫ਼ੋਨ ਆਇਆ। ਉਸ ਨੇ ਕਿਹਾ ਕਿ ਸੁਹੇਲ ਹਾਰਟ ਅਟੈਕ ਨਾਲ ਦਮ ਤੋੜ ਗਿਆ ਹੈ। ਖ਼ਬਰ ਸੁਣਦਿਆਂ ਹੀ ਮੈਂ ਸੁੰਨ ਜਿਹਾ ਹੋ ਗਿਆ। ਮੇਰੇ ਲਈ ਹੀ ਨਹੀਂ, ਸੁਹੇਲ ਦੇ ਸਾਰੇ ਮਿੱਤਰਾਂ ਲਈ ਇਹ ਬਹੁਤ ਹੀ ਦੁਖਦਾਈ ਖ਼ਬਰ ਸੀ। ਇਹ ਖ਼ਬਰ ਸੁਣ ਕੇ ਮੈਂ ਤੁਰੰਤ ਜਲੰਧਰ ਲਈ ਤੁਰ ਪਿਆ। ਜਲੰਧਰ ਪੁੱਜਣ 'ਤੇ ਪਤਾ ਲੱਗਾ ਕਿ ਉਸ ਦੀ ਦੇਹ ਪਾਰਟੀ ਦਫ਼ਤਰ ਵਿੱਚ ਰੱਖੀ ਗਈ ਹੈ। ਉਥੇ ਪੁੱਜਣ 'ਤੇ ਵੇਖਿਆ ਕਿ ਉਸ ਦੇ ਪਰਿਵਾਰਕ ਮੈਂਬਰ ਤੇ ਹੋਰ ਸਾਥੀ ਅਫ਼ਸੋਸ ਨਾਲ ਗੁੰਮ-ਸੁੰਮ ਖੜ੍ਹੇ ਸਨ। ਮੈਂ ਵੀ ਚੁੱਪ-ਚੁਪੀਤੇ ਉਨ੍ਹਾ ਵਿੱਚ ਜਾ ਸ਼ਾਮਲ ਹੋਇਆ।

ਸੁਹੇਲ ਖੁਸ਼-ਮਿਜਾਜ਼, ਦਿਆਨਤਦਾਰ, ਯਾਰਾਂ ਦਾ ਯਾਰ, ਸਬਰ-ਸੰਤੋਖ ਵਾਲ਼ਾ ਪਾਰਟੀ ਦਾ ਅਣਥੱਕ ਵਰਕਰ ਸੀ। ਉਸ ਦੇ ਅਚਾਨਕ ਇਸ ਤਰ੍ਹਾਂ ਚਲੇ ਜਾਣ ਨਾਲ਼ ਉਸ ਦੇ ਪਰਿਵਾਰ, ਦੋਸਤਾਂ-ਮਿੱਤਰਾਂ ਅਤੇ ਪਾਰਟੀ ਨੂੰ ਜੋ ਵੱਡਾ ਘਾਟਾ ਪਿਆ, ਉਸ ਨੂੰ ਮਹਿਸੂਸ ਕੀਤਾ ਜਾ ਸਕਦਾ ਹੈ, ਬਿਆਨ ਨਹੀਂ।

# ਵਿਚਾਰਧਾਰਾ ਦੇ ਪਰਚਮ ਦਾ ਅਲੰਬਰਦਾਰ

-ਸਤਨਾਮ ਸਿੰਘ ਮਾਣਕ

ਜਦੋਂ ਮੈਂ ਮਨੁੱਖੀ ਸੱਭਿਅਤਾ ਦੇ ਵਿਕਾਸ ਬਾਰੇ ਸੋਚਦਾ ਹਾਂ ਤਾਂ ਮੈਨੂੰ ਇਹ ਇਕ ਭਰ ਵਹਿੰਦੇ ਦਰਿਆ ਦੀ ਤਰ੍ਹਾਂ ਜਾਪਦੀ ਹੈ। ਦੂਰ-ਦਰਾਜ ਦੇ ਪਹਾੜਾਂ 'ਤੇ ਬਰਫ਼ ਜੰਮਦੀ ਹੈ ਅਤੇ ਫਿਰ ਬਰਫ਼ ਪਿਘਲ਼ ਕੇ ਬੂੰਦ-ਬੂੰਦ ਪਾਣੀ ਵਹਿੰਦਾ ਹੋਇਆ ਛੋਟੀਆਂ-ਛੋਟੀਆਂ ਨਦੀਆਂ ਦਾ ਰੂਪ ਲੈਂਦਾ ਹੈ। ਇਹੋ ਜਿਹੀਆਂ ਅਨੇਕਾਂ ਨਦੀਆਂ ਜਦੋਂ ਕਿਸੇ ਪੜਾਅ 'ਤੇ ਇਕੱਠੀਆਂ ਹੋ ਜਾਂਦੀਆਂ ਹਨ ਅਤੇ ਉਨ੍ਹਾਂ ਦਾ ਪਾਣੀ ਉੱਚਾਈ ਤੋਂ ਨਿਵਾਣ ਵੱਲ ਹੇਠਾਂ ਨੂੰ ਤੇਜ਼ੀ ਨਾਲ ਡਿੱਗਦਾ ਹੈ ਤਾਂ ਉਹ ਝਰਨਿਆਂ ਦਾ ਰੂਪ ਲੈ ਲੈਂਦਾ ਹੈ ਅਤੇ ਇਸੇ ਤਰ੍ਹਾਂ ਅਨੇਕਾਂ ਨਦੀਆਂ, ਅਨੇਕਾਂ ਝਰਨੇ ਇਕੱਠੇ ਹੋ ਕੇ ਕਿਸੇ ਥਾਂ 'ਤੇ ਆਪਣੇ ਸਾਰੇ ਵਹਾਅ ਨੂੰ ਇਕ ਵਹਿਣ ਦਾ ਰੂਪ ਦੇ ਲੈਂਦੇ ਹਨ ਤਾਂ ਇਕ ਭਰ ਵਹਿੰਦੇ ਦਰਿਆ ਦੀ ਸਿਰਜਣਾ ਹੁੰਦੀ ਹੈ। ਵੇਖਣ ਨੂੰ ਦਰਿਆ ਦਾ ਪਾਣੀ ਇਕੋ ਜਿਹਾ ਲੱਗਦਾ ਹੈ ਅਤੇ ਦੂਰ ਤੱਕ ਫੈਲਿਆ ਉਸ ਦਾ ਵਹਿਣ ਉਸ ਦੀ ਵਿਸ਼ਾਲਤਾ ਦਾ ਅਹਿਸਾਸ ਕਰਵਾਉਂਦਾ ਹੈ। ਪਰ ਇਸ ਦਰਿਆ ਦੀ ਹਕੀਕਤ ਇਹ ਹੀ ਹੁੰਦੀ ਹੈ ਕਿ ਇਸ ਵਿਚ ਦੂਰ-ਦਰਾਜ ਦੇ ਪਹਾੜਾਂ 'ਤੇ ਜੰਮੀ ਬਰਫ਼ ਅਤੇ ਉਸ ਵਿਚੋਂ ਪਿਘਲ਼ ਕੇ ਬੂੰਦ-ਬੂੰਦ ਇਕੱਠਾ ਹੋਇਆ ਪਾਣੀ ਅਨੇਕਾਂ ਨਦੀਆਂ, ਅਨੇਕਾਂ ਝਰਨਿਆਂ ਵਿਚੋਂ ਨਿਰੰਤਰ ਅੱਗੇ ਵਧਦਾ ਹੋਇਆ ਦਰਿਆ ਦੇ ਅਕਾਰ ਤੇ ਪਾਸਾਰ ਨੂੰ ਜਨਮ ਦਿੰਦਾ ਹੈ। ਇਸੇ ਤਰ੍ਹਾਂ ਇਸ ਧਰਤੀ 'ਤੇ ਜਨਮ ਲੈਣ ਵਾਲਾ ਇਕ-ਇਕ ਵਿਅਕਤੀ ਮਿਲ਼ ਕੇ ਮਨੁੱਖੀ ਸਮੂਹਾਂ ਦਾ ਰੂਪ ਧਾਰਦਾ ਹੈ ਅਤੇ ਮਨੁੱਖੀ ਸਮੂਹ ਅੱਗੇ ਮਿਲ਼ ਕੇ ਪਿੰਡਾਂ, ਸ਼ਹਿਰਾਂ, ਪ੍ਰਾਂਤਾਂ ਅਤੇ ਦੇਸ਼ਾਂ ਦੀ ਸਿਰਜਣਾ ਕਰਦੇ ਹਨ। ਇਸ ਸਾਰੇ ਅਮਲ ਵਿਚ ਹਰ ਮਨੁੱਖ ਦਾ ਛੋਟਾ ਜਾਂ ਵੱਡਾ ਆਪੋ-ਆਪਣਾ ਰੋਲ ਹੁੰਦਾ ਹੈ, ਜਿਸ ਤਰ੍ਹਾਂ ਇਕ ਦਰਿਆ ਦੀ ਸਿਰਜਣਾ ਵਿਚ ਪਾਣੀ ਦੀ ਇਕ-ਇਕ ਬੂੰਦ ਦਾ।

ਕਈ ਵਾਰ ਮੈਨੂੰ ਅਜਿਹਾ ਵੀ ਲੱਗਦਾ ਹੈ ਕਿ ਮਨੁੱਖੀ ਸੱਭਿਅਤਾ ਇਕ ਵਿਸ਼ਾਲ ਸਟੇਜ ਦੀ ਤਰ੍ਹਾਂ ਹੈ, ਜਿਸ 'ਤੇ ਹਰ ਕਿਰਦਾਰ ਕੁਝ ਸਮੇਂ ਲਈ ਆਉਂਦਾ ਹੈ ਅਤੇ ਆਪੋ-ਆਪਣਾ ਰੋਲ ਅਦਾ ਕਰਕੇ ਰੁਖ਼ਸਤ ਹੋ ਜਾਂਦਾ ਹੈ। ਉਸ ਦਾ ਰੋਲ ਕਿਹੋ ਜਿਹਾ ਰਿਹਾ, ਉਸ ਨੇ ਆਪਣਾ ਕਿਰਦਾਰ ਨਿਭਾਉਂਦਿਆਂ ਕੀ ਚੰਗਾ ਕੀਤਾ ਅਤੇ ਕੀ ਚੰਗਾ ਨਹੀਂ ਕੀਤਾ, ਇਸ ਦਾ ਲੇਖਾ-ਜੋਖਾ ਸਟੇਜ ਦੇ ਸਾਹਮਣੇ ਬੈਠ ਕੇ ਉਸ ਦੇ ਦਰਸ਼ਕ ਕਰਦੇ ਹਨ, ਪਰ ਜੇਕਰ ਕਿਸੇ ਵਿਸ਼ੇਸ਼ ਕਿਰਦਾਰ ਦਾ ਰੋਲ ਅਭੁੱਲ ਹੋ ਜਾਵੇ ਤੇ ਮਨੁੱਖੀ ਚੇਤਿਆਂ ਵਿਚ ਲੰਮੇ ਸਮੇਂ ਲਈ ਸਮਾ ਜਾਵੇ ਜਾਂ ਮਨੁੱਖੀ ਚੇਤਿਆਂ ਵਿਚੋਂ ਗੁਜ਼ਰਦਾ ਹੋਇਆ ਇਤਿਹਾਸ ਵਿਚ ਆਪਣੀ ਅਹਿਮੀਅਤ ਦਰਜ ਕਰਵਾ ਲਵੇ ਤਾਂ ਬਾਅਦ ਵਿਚ ਆਉਣ ਵਾਲ਼ੀਆਂ ਪੀੜ੍ਹੀਆਂ ਵੀ ਅਜਿਹੇ ਕਿਰਦਾਰਾਂ ਨੂੰ ਯਾਦ ਕਰਦੀਆਂ ਰਹਿੰਦੀਆਂ ਹਨ ਅਤੇ ਉਨ੍ਹਾਂ ਦਾ ਲੇਖਾ-ਜੋਖਾ ਕਰਦੀਆਂ ਰਹਿੰਦੀਆਂ ਹਨ। ਸਿਮਰਤੀਆਂ ਦੀ ਅਜਿਹੀ ਉਧੇੜ-ਬੁਣ ਵਿਚੋਂ ਗੁਜ਼ਰਦਿਆਂ ਹੋਇਆਂ ਹੀ ਅੱਜ ਮੈਂ ਕਾਮਰੇਡ ਸੁਹੇਲ ਸਿੰਘ ਨੂੰ ਯਾਦ ਕਰ ਰਿਹਾ ਹਾਂ।

ਰੋਜ਼ਾਨਾ 'ਲੋਕ ਲਹਿਰ' ਵਿਚ ਮਈ 1980 ਤੋਂ ਮਈ 1984 ਤੱਕ ਮੈਨੂੰ ਉਨ੍ਹਾ ਦੀ ਅਗਵਾਈ ਵਿਚ ਕੰਮ ਕਰਨ ਦਾ ਅਵਸਰ ਮਿਲਿਆ, ਜਿਸ ਤਰ੍ਹਾਂ ਪ੍ਰਸਿੱਧ ਰੂਸੀ ਲੇਖਕ



ਗੋਰਕੀ ਆਪਣੀ ਸਵੈ-ਜੀਵਨੀ 'ਮੇਰੇ ਵਿਸ਼ਵ ਵਿਦਿਆਲੇ' ਵਿਚ ਵੱਖ-ਵੱਖ ਥਾਵਾਂ 'ਤੇ ਹਾਸਲ ਹੋਏ ਅਨੁਭਵਾਂ ਦੀ ਤੁਲਨਾ ਵਿਸ਼ਵਵਿਦਿਆਲਿਆਂ ਵਿਚ ਹਾਸਲ ਕੀਤੀ ਗਈ ਤਾਲੀਮ ਨਾਲ ਕਰਦਾ ਹੈ, ਇਸੇ ਤਰ੍ਹਾਂ ਦਾ ਅਨੁਭਵ 'ਲੋਕ ਲਹਿਰ' ਵਿਚ ਆ ਕੇ ਅਤੇ ਕਾਮਰੇਡ ਸੁਹੇਲ ਦੀ ਅਗਵਾਈ ਵਿਚ ਪੱਤਰਕਾਰੀ ਦੇ ਮੁੱਢਲੇ ਸਬਕ ਹਾਸਲ ਕਰਕੇ ਮੈਨੂੰ ਹੋਇਆ ਸੀ। 'ਲੋਕ ਲਹਿਰ' ਦਾ ਸੰਪਾਦਕੀ ਮੰਡਲ ਭਾਵੇਂ ਇਕ ਛੋਟੇ ਜਿਹੇ ਕਮਰੇ ਤੱਕ ਸੀਮਤ ਸੀ ਅਤੇ ਅਖ਼ਬਾਰ ਦੇ ਸੰਪਾਦਕ ਕਾਮਰੇਡ ਸੁਹੇਲ ਵੀ ਸੰਪਾਦਕੀ ਮੰਡਲ ਵਾਲੇ ਇਸੇ ਟੇਬਲ ਅੱਗੇ ਬੈਠ ਕੇ ਆਪਣਾ ਲਿਖਣ-ਪੜ੍ਹਨ ਦਾ ਕੰਮ ਕਰਦੇ ਸਨ ਅਤੇ ਨਾਲ਼-ਨਾਲ਼ ਆਪਣੇ ਸੰਪਾਦਕੀ ਮੰਡਲ ਦੇ ਸਾਥੀਆਂ ਨੂੰ ਸਿੱਖਿਆ-ਦਿੱਖਿਆ ਵੀ ਦਿੰਦੇ ਰਹਿੰਦੇ ਸਨ, ਫਿਰ ਵੀ ਇਥੇ ਸਿੱਖਣ-ਸਿਖਾਉਣ ਲਈ ਬਹੁਤ ਕੁਝ ਸੀ।

ਮੇਰੀ ਪੱਤਰਕਾਰੀ ਦੀ ਤਾਲੀਮ ਦੀ ਸ਼ੁਰੂਆਤ ਅਖ਼ਬਾਰ ਲਈ ਪਰੂਫ਼ ਰੀਡਿੰਗ ਕਰਨ ਤੋਂ ਹੋਈ। ਇਸ ਅਮਲ ਦੌਰਾਨ ਕਾਮਰੇਡ ਸੁਹੇਲ ਹੁਰਾਂ ਨੇ ਮੈਨੂੰ ਪੰਜਾਬੀ ਲਿਖਤਾਂ ਵਿਚ ਸ਼ਬਦ-ਜੋੜਾਂ ਦੀ ਅਹਿਮੀਅਤ ਤੋਂ ਜਾਣੂ ਕਰਵਾਇਆ। ਚੰਗੇ-ਚੰਗੇ ਲੇਖਕਾਂ ਦੀਆਂ ਰਚਨਾਵਾਂ ਪੜ੍ਹਨ ਅਤੇ ਉਨ੍ਹਾਂ ਦੀ ਪਰੂਫ਼ ਰੀਡਿੰਗ ਕਰਨ ਨਾਲ ਮੇਰਾ ਰਾਜਨੀਤਕ, ਆਰਥਕ, ਸਮਾਜਕ, ਸਾਹਿਤਕ ਅਤੇ ਸੱਭਿਆਚਾਰਕ ਅਨੁਭਵ ਵੀ ਵਧਿਆ ਅਤੇ ਮੇਰੀ ਲਿਖਣ ਸ਼ੈਲੀ ਵਿਚ ਵੀ ਸੁਧਾਰ ਹੋਇਆ। ਕੁਝ ਮਹੀਨੇ ਤੱਕ ਇਹ ਸਬਕ ਦੇਣ ਤੋਂ ਬਾਅਦ ਕਾਮਰੇਡ ਸੁਹੇਲ ਨੇ ਮੈਨੂੰ ਅੰਗਰੇਜ਼ੀ ਤੋਂ ਪੰਜਾਬੀ ਵਿਚ ਅਨੁਵਾਦ ਕਰਨ ਦਾ ਹੁਨਰ ਸਿਖਾਇਆ। ਉਨ੍ਹਾਂ ਦਿਨਾਂ 'ਚ 'ਲੋਕ ਲਹਿਰ' ਵਿਚ ਸੀ. ਪੀ. ਆਈ. ਐੱਮ. ਦੇ ਕੇਂਦਰੀ ਸਪਤਾਹਿਕ ਪੱਤਰ 'ਪੀਪਲਜ਼ ਡੈਮੋਕ੍ਰੈਸੀ' ਅਤੇ ਹੋਰ ਸਰੋਤਾਂ ਤੋਂ ਪ੍ਰਾਪਤ ਅੰਗਰੇਜ਼ੀ ਸਮੱਗਰੀ ਨੂੰ ਪੰਜਾਬੀ ਵਿਚ ਅਨੁਵਾਦ ਕਰਕੇ ਪ੍ਰਕਾਸ਼ਤ ਕੀਤਾ ਜਾਂਦਾ ਸੀ। ਇਹ ਅਮਲ ਮੇਰੇ ਲਈ ਕਾਫ਼ੀ ਲਾਭਦਾਇਕ ਰਿਹਾ। ਇਸ ਨਾਲ ਮੈਨੂੰ ਅੰਗਰੇਜ਼ੀ ਲਿਖਤਾਂ ਪੜ੍ਹਨ ਅਤੇ ਉਨ੍ਹਾਂ ਨੂੰ ਸਮਝਣ ਦਾ ਅਵਸਰ ਮਿਲਿਆ।

ਇਸ ਤੋਂ ਬਾਅਦ ਕਾਮਰੇਡ ਸੁਹੇਲ ਨੇ ਮੈਨੂੰ ਖ਼ਬਰ ਲਿਖਣ ਦਾ ਢੰਗ ਸਿਖਾਇਆ। ਖ਼ਾਸ ਕਰਕੇ ਹੈਡਿੰਗ ਕੱਢਣ, ਖ਼ਬਰ ਦਾ ਆਰੰਭਕ ਪਹਿਰਾ (ਇੰਟਰੋ) ਬਣਾਉਣ 'ਤੇ ਉਹ ਵਿਸ਼ੇਸ਼ ਜ਼ੋਰ ਦਿੰਦੇ ਸਨ।

ਪੱਤਰਕਾਰੀ ਦੇ ਉਪਰੋਕਤ ਤਿੰਨ ਸਬਕ ਹਾਸਲ ਕਰਨ ਤੋਂ ਬਾਅਦ ਮੈਂ ਇਸ ਸਮਰੱਥ ਹੋਇਆ ਕਿ ਛੋਟੇ-ਛੋਟੇ ਮਸਲਿਆਂ 'ਤੇ ਮੈਂ ਆਪਣੇ ਮੌਲਿਕ ਲੇਖ ਵੀ ਲਿਖ ਸਕਾਂ। ਅੱਜ ਕਈ ਦਹਾਕਿਆਂ ਵਿਚ ਫੈਲੇ ਆਪਣੇ ਪੱਤਰਕਾਰੀ ਦੇ ਸਫ਼ਰ ਨੂੰ ਜਦੋਂ ਮੈਂ ਵੇਖਦਾ ਹਾਂ ਤਾਂ ਮਹਿਸੂਸ ਕਰਦਾ ਹਾਂ ਕਿ ਇਸ ਸਫ਼ਰ ਦੇ ਮੁੱਢਲੇ ਪੜਾਵਾਂ ਵਿਚ ਕਾਮਰੇਡ ਸੁਹੇਲ ਮੇਰੇ ਲਈ ਅਜਿਹੇ ਅਧਿਆਪਕ ਦੀ ਤਰ੍ਹਾਂ ਸਨ, ਜਿਨ੍ਹਾ ਉਂਗਲੀ ਫੜ ਕੇ ਮੈਨੂੰ ਇਸ ਸਫ਼ਰ 'ਤੇ ਤੋਰਿਆ।

ਕਾਮਰੇਡ ਸੁਹੇਲ ਦੀ ਸ਼ਖ਼ਸੀਅਤ ਦੀ ਆਪਣੀ ਵਿਲੱਖਣਤਾ ਸੀ। ਉਹ ਗੁੰਝਲਦਾਰ ਰਾਜਨੀਤਕ, ਸਮਾਜਕ, ਆਰਥਕ, ਸਾਹਿਤਕ ਤੇ ਸੱਭਿਆਚਾਰਕ ਵਰਤਾਰਿਆਂ ਨੂੰ ਬਾਖ਼ੂਬੀ ਸਮਝਦੇ ਸਨ ਅਤੇ ਉਨ੍ਹਾਂ ਦਾ ਵਿਸ਼ਲੇਸ਼ਣ ਕਰਦੇ ਸਨ। ਸਾਹਿਤਕ ਅਤੇ ਸੱਭਿਆਚਾਰਕ ਸਰਗਰਮੀਆਂ ਵਿਚ ਉਨ੍ਹਾਂ ਦੀ ਵਿਸ਼ੇਸ਼ ਦਿਲਚਸਪੀ ਸੀ। ਉਹ ਖ਼ੁਦ ਵੀ

ਕਵਿਤਾ ਲਿਖਦੇ ਸਨ। ਚੰਗੀਆਂ ਸਾਹਿਤਕ ਕਿਰਤਾਂ ਪੜ੍ਹਨ ਦਾ ਉਨ੍ਹਾ ਨੂੰ ਬੇਹੱਦ ਸ਼ੌਕ ਸੀ। ਸਮਾਂ ਮਿਲੇ ਤਾਂ ਉਹ ਮਿਆਰੀ ਸਾਹਿਤਕ ਕਿਰਤਾਂ ਦਾ ਅਨੁਵਾਦ ਵੀ ਕਰਦੇ ਸਨ। ਹਲੀਮੀ ਉਨ੍ਹਾ ਦੀ ਸ਼ਖ਼ਸੀਅਤ ਦਾ ਇਕ ਹੋਰ ਵੱਡਾ ਗੁਣ ਸੀ। ਉਹ ਸੰਪਾਦਕੀ ਮੰਡਲ ਦੇ ਆਪਣੇ ਸੀਨੀਅਰ ਸਾਥੀਆਂ ਦਾ ਸਤਿਕਾਰ ਕਰਦੇ ਸਨ ਅਤੇ ਨਵੇਂ ਆਏ ਸਾਥੀਆਂ ਨੂੰ ਪਿਆਰ ਕਰਦੇ ਸਨ। ਜੋ ਕੁਝ ਉਨ੍ਹਾ ਨੂੰ ਆਉਂਦਾ ਸੀ, ਉਹ ਆਪਣੇ ਨਵੇਂ ਸਾਥੀਆਂ ਨੂੰ ਸਿਖਾ ਕੇ ਖ਼ੁਸ਼ ਹੁੰਦੇ ਸਨ। ਉਹ ਅਜਿਹੇ ਵਿਅਕਤੀ ਨਹੀਂ ਸਨ, ਜੋ ਅਨੁਭਵਾਂ ਨਾਲ ਅਰਜਿਤ ਕੀਤੀ ਬੌਧਿਕ ਸੰਪਤੀ ਨੂੰ ਆਪਣੀ ਤਜੌਰੀ ਤੱਕ ਸੀਮਤ ਰੱਖ ਕੇ ਖ਼ੁਸ਼ ਹੁੰਦੇ ਹਨ। ਉਹ ਵੰਡ ਕੇ ਖ਼ੁਸ਼ ਹੋਣ ਵਾਲ਼ੇ ਵਿਅਕਤੀ ਸਨ। ਉਨ੍ਹਾ ਦੇ ਵਰਤਾਓ ਤੋਂ ਕਦੇ ਇਹ ਅਹਿਸਾਸ ਨਹੀਂ ਹੁੰਦਾ ਸੀ ਕਿ ਉਹ ਅਖ਼ਬਾਰ ਦੇ ਸੰਪਾਦਕ ਹਨ ਜਾਂ ਸੀ. ਪੀ. ਆਈ. (ਐੱਮ) ਦੇ ਸੀਨੀਅਰ ਆਗੂ ਹਨ। ਉਹ ਆਪਣੇ ਆਪ ਨੂੰ ਆਪਣੇ ਸਾਥੀਆਂ ਦੇ ਬਰਾਬਰ ਹੀ ਸਮਝਦੇ ਸਨ।

ਕਿਸੇ ਸਾਥੀ ਤੋਂ ਕੋਈ ਗ਼ਲਤੀ ਹੋ ਜਾਵੇ ਤਾਂ ਵੀ ਉਹ ਆਪੇ ਤੋਂ ਬਾਹਰ ਨਹੀਂ ਸਨ ਹੁੰਦੇ। ਹਰ ਸਮੇਂ ਉਨ੍ਹਾਂ ਦੇ ਚਿਹਰੇ ’ਤੇ ਮੁਸਕਰਾਹਟ ਤੈਰਦੀ ਰਹਿੰਦੀ ਸੀ। ਅਨੇਕਾਂ ਵਾਰ ਵਾਪਰਦੇ ਰਾਜਨੀਤਕ ਅਤੇ ਸਮਾਜਕ ਘਟਨਾਕ੍ਰਮਾਂ ਤੋਂ ਉਹ ਉਦਾਸ ਤੇ ਨਿਰਾਸ਼ ਵੀ ਹੁੰਦੇ ਸਨ, ਜਿਸ ਤਰ੍ਹਾਂ ਦੇ ਸਮਾਜ ਦੀ ਸਿਰਜਣਾ ਕਰਨ ਲਈ ਕਲਮ ਦੇ ਸਿਪਾਹੀ ਵਜੋਂ ਉਹ ਜੂਝ ਰਹੇ ਸਨ, ਜੇਕਰ ਉਨ੍ਹਾਂ ਨੂੰ ਉਸ ਦਿਸ਼ਾ ਵਿਚ ਗੱਲ ਅੱਗੇ ਵਧਦੀ ਨਜ਼ਰ ਨਹੀਂ ਆਉਂਦੀ ਸੀ ਤਾਂ ਇਸ ਦਾ ਉਨ੍ਹਾਂ ’ਤੇ ਨਾਂਹ-ਪੱਖੀ ਅਸਰ ਤਾਂ ਜ਼ਰੂਰ ਹੁੰਦਾ ਸੀ, ਪਰ ਅਜਿਹੀ ਪੀੜ ਨੂੰ ਵੀ ਉਹ ਆਪਣੇ ਅੰਦਰ ਹੀ ਛੁਪਾਈ ਰੱਖਦੇ ਸਨ। ਉਸ ਨੂੰ ਆਪਣੇ ਚਿਹਰੇ ਅਤੇ ਬੁੱਲ੍ਹਾਂ ’ਤੇ ਘੱਟ ਹੀ ਆਉਣ ਦਿੰਦੇ ਸਨ। ਪਾਰਟੀ ਦੇ ਸਖ਼ਤ ਅਨੁਸ਼ਾਸਨ ਦੀ ਉਹ ਪੂਰੀ-ਪੂਰੀ ਪਾਲਣਾ ਕਰਦੇ।

ਉਨ੍ਹਾਂ ਦਿਨਾਂ ਵਿਚ ਪਾਰਟੀ ਅੰਦਰ ਇਸ ਗੱਲ ’ਤੇ ਵਿਸ਼ੇਸ਼ ਜ਼ੋਰ ਦਿੱਤਾ ਜਾਂਦਾ ਸੀ ਕਿ ਪਾਰਟੀ ਵੱਡੀ ਹੁੰਦੀ ਹੈ, ਵਿਅਕਤੀ ਨਹੀਂ। ਇਹ ਸਬਕ ਕਾਮਰੇਡ ਸੁਹੇਲ ਨੇ ਕੁਝ ਜ਼ਿਆਦਾ ਹੀ ਪੜ੍ਹ ਲਿਆ ਸੀ। ਉਹ ਸਟੇਜ ਦੇ ਸਾਹਮਣੇ ਆ ਕੇ ਕੁਝ ਕਰਨ ਦੀ ਬਜਾਏ ਸਟੇਜ ਦੇ ਪਿੱਛੇ ਰਹਿ ਕੇ ਕੰਮ ਕਰਨ ਨੂੰ ਵਧੇਰੇ ਤਰਜੀਹ ਦਿੰਦੇ ਸਨ। ਉਹ ਕੀ ਕਰ ਰਹੇ ਹਨ, ਉਹ ਕਿੰਨਾ ਕਰ ਰਹੇ ਹਨ, ਇਸ ਦਾ ਕ੍ਰੈਡਿਟ ਲੈਣ ਦੀ ਉਨ੍ਹਾ ਕਦੇ ਵੀ ਬਹੁਤੀ ਕੋਸ਼ਿਸ਼ ਨਹੀਂ ਸੀ ਕੀਤੀ। ਭਾਵੇਂ ਉਹ ਮਾਰਕਸਵਾਦੀ ਵਿਚਾਰਧਾਰਾ ਦੇ ਧਾਰਨੀ ਸਨ, ਪਰ ਇਸ ਸੰਬੰਧ ਵਿਚ ਉਨ੍ਹਾ ਦੀ ਸੋਚ ਇਕ ਅਜਿਹੇ ਫ਼ਕੀਰ ਵਾਲੀ ਸੀ, ਜੋ ਇਸ ਗੱਲ ਵਿਚ ਵਿਸ਼ਵਾਸ ਰੱਖਦਾ ਸੀ ਕਿ ‘ਨੇਕੀ ਕਰ ਦਰਿਆ ਮੇਂ ਡਾਲ’। ਉਹ ਅਕਸਰ ਕਿਹਾ ਕਰਦੇ ਸਨ ‘ਜ਼ਿੰਦਗੀ ਇਕ ਗੀਤ ਹੈ, ਮੈਂ ਨਹੀਂ ਗਾਵਾਂਗਾ ਤਾਂ ਕੋਈ ਹੋਰ ਗਾਵੇਗਾ। ਜ਼ਿੰਦਗੀ ਦਾ ਇਹ ਸੰਗੀਤ ਨਿਰੰਤਰ ਚਲਦਾ ਰਹੇਗਾ। ਸਿਰਫ਼ ਗਾਉਣ ਵਾਲ਼ੇ ਬਦਲਦੇ ਰਹਿਣਗੇ।’

ਉਨ੍ਹਾ ਦੀ ਸ਼ਖ਼ਸੀਅਤ ਵਿਚ ਜਿੱਥੇ ਅਨੇਕਾਂ ਖ਼ੂਬੀਆਂ ਸਨ, ਉਥੇ ਇਕ ਵੱਡੀ ਖਾਮੀ ਵੀ ਸੀ। ਉਹ ਆਪਣੀ ਸਿਹਤ ਦਾ ਬਹੁਤਾ ਧਿਆਨ ਨਹੀਂ ਰੱਖਦੇ ਸਨ। ਦਹਾਕਿਆਂ ਤੱਕ ਉਨ੍ਹਾ ਦੀ ਰੁਟੀਨ ਇਹੋ ਰਹੀ ਕਿ ਰੁਖੀ-ਮਿਸੀ ਜੋ ਵੀ ਜਦੋਂ ਵੀ ਮਿਲ਼ੀ ਖਾ ਲਈ ਤੇ ਇਕ ਸਿਪਾਹੀ ਵਾਂਗ ਆਪਣੇ ਕੰਮ ’ਤੇ ਲੱਗੇ ਰਹੇ। ਉਂਝ ਖੁੱਲ੍ਹਦਿਲੇ ਅਤੇ ਬੇਬਾਕ ਇਸ ਤਰ੍ਹਾਂ ਦੇ



ਸਨ ਕਿ ਆਪਣੇ ਸਾਥੀਆਂ ਦੇ ਟਿਫ਼ਨ ਵੀ ਫੋਲ ਲੈਂਦੇ ਸਨ, ਪਰ ਜੇਕਰ ਉਨ੍ਹਾਂ ਨੂੰ ਫਾਕਾ ਹੰਢਾਉਣਾ ਪੈਂਦਾ ਸੀ ਤਾਂ ਵੀ ਉਹ ਸਹਿਜ ਰਹਿੰਦੇ ਸਨ।

ਆਪਣੇ ਨਿੱਜ ਅਤੇ ਆਪਣੀ ਸਿਹਤ ਵੱਲੋਂ ਲਗਾਤਾਰ ਅਵੇਸਲੇ ਰਹਿਣਾ ਹੀ ਉਨ੍ਹਾ ਲਈ ਮਾਰੂ ਸਾਬਤ ਹੋਇਆ ਅਤੇ ਉਹ 50-55 ਸਾਲ ਦੀ ਉਮਰ ਵਿਚ ਹੀ ਸਾਨੂੰ ਸਦੀਵੀ ਵਿਛੋੜਾ ਦੇ ਗਏ।

ਉਹ ਜ਼ਮਾਨਾ ਰਾਜਨੀਤਕ ਅਤੇ ਸਮਾਜਕ ਤੌਰ ’ਤੇ ਪ੍ਰਤੀਬੱਧਤਾ ਦਾ ਜ਼ਮਾਨਾ ਸੀ। ਕਾਮਰੇਡ ਸੁਹੇਲ ਆਪਣੀ ਪਾਰਟੀ ਦੇ ਵਫ਼ਾਦਾਰ ਸਿਪਾਹੀ ਸਨ ਅਤੇ ਪੱਤਰਕਾਰੀ ਉਨ੍ਹਾ ਲਈ ਇਕ ਹਥਿਆਰ ਸੀ ਜਿਸ ਦੀ ਵਰਤੋਂ ਆਪਣੀ ਪਾਰਟੀ ਅਤੇ ਆਪਣੇ ਲੋਕਾਂ ਦੇ ਹਿੱਤਾਂ ਨੂੰ ਅੱਗੇ ਵਧਾਉਣ ਲਈ ਦੂਰ-ਅੰਦੇਸ਼ੀ, ਦ੍ਰਿੜ੍ਹਤਾ ਤੇ ਦਲੇਰੀ ਨਾਲ ਕਰਦੇ ਸਨ।

ਮੇਰੀ ਜ਼ਿੰਦਗੀ ਵਿਚ ਉਨ੍ਹਾ ਦਾ ਰੋਲ ਇਕ ਘੁਮਿਆਰ ਦੀ ਤਰ੍ਹਾਂ ਸੀ, ਜੋ ਭਾਂਡੇ ਨੂੰ ਉਸ ਦਾ ਸਹੀ ਆਕਾਰ ਦੇਣ ਲਈ ਅੰਦਰੋਂ ਠੋਕਦਾ ਵੀ ਹੈ ਅਤੇ ਬਾਹਰੋਂ ਹੱਥ ਨਾਲ ਸੰਭਾਲਦਾ ਵੀ ਹੈ। ਮੇਰੀ ਹਯਾਤੀ ਵਿਚ ਹੋਰ ਅਹਿਮ ਸ਼ਖ਼ਸੀਅਤਾਂ ਦਾ ਵੀ ਵਿਸ਼ੇਸ਼ ਰੋਲ ਰਿਹਾ ਹੈ, ਪਰ ਅੱਜ ਦਾ ਇਹ ਦਿਨ ਅੱਜ ਦੇ ਇਹ ਪਲ ਮੈਂ ਕਾਮਰੇਡ ਸੁਹੇਲ ਦੀ ਮਿੱਠੀ ਯਾਦ ਨੂੰ ਅਰਪਣ ਕਰਨ ਦਾ ਨਿਮਾਣਾ ਜਿਹਾ ਯਤਨ ਕਰ ਰਿਹਾ ਹਾਂ।

* * *

## ਉਸ ਕਦੇ ਬੇਦਾਵਾ ਨਹੀਂ ਸੀ ਦਿੱਤਾ!

-ਇੰਦਰਜੀਤ ਚੁਗਾਵਾਂ

ਸਮੇਂ ਨਾਲ ਬਹੁਤ ਕੁਝ ਬਦਲ ਜਾਂਦਾ ਹੈ। ਸ਼ਹਿਰਾਂ, ਨਗਰਾਂ, ਪਿੰਡਾਂ ਦੇ ਨਕਸ਼ੇ ਬਦਲ ਜਾਂਦੇ ਹਨ। ਦੇਰ ਬਾਅਦ ਕੋਈ ਉਹ ਥਾਂ ਭਾਲਣੀ ਮੁਸ਼ਕਲ ਹੋ ਜਾਂਦੀ ਹੈ, ਜਿਸ ਥਾਂ ਨਾਲ ਤੁਹਾਡਾ ਕਦੇ ਰੋਜ਼ ਦਾ ਵਾਹ ਹੁੰਦਾ ਸੀ। ਜਲੰਧਰ ਦਾ ਚਹਾਰ ਬਾਗ਼ ਵੀ ਬਹੁਤ ਬਦਲ ਚੁੱਕਾ ਹੈ। ਇਥੋਂ ਕਦੇ ਰੋਜ਼ਾਨਾ ‘ਲੋਕ ਲਹਿਰ’ ਨਿਕਲਿਆ ਕਰਦੀ ਸੀ। ਮਿਲਾਪ ਚੌਕ ਤੋਂ ‘ਅਕਾਲੀ ਪੱਤ੍ਰਿਕਾ’ ਵੱਲ ਮੁੜਦਿਆਂ ਸੱਜੇ ਹੱਥ ‘ਬਲਿਸ’ ਹੋਟਲ ਤੇ ਉਸ ਦੀ ਬਗ਼ਲ ’ਚੋਂ ਲੰਘਦੀ ਭੀੜੀ ਗਲੀ ਵਿਚ ‘ਲੋਕ ਲਹਿਰ’ ਦਾ ਦਫ਼ਤਰ। ਅੱਜ ਨਾ ਤਾਂ ਉੱਥੇ ਬਲਿਸ ਹੋਟਲ ਹੈ, ਨਾ ਹੀ ‘ਲੋਕ ਲਹਿਰ’ ਤੇ ਨਾ ਹੀ ਉਹ ਭੀੜੀ ਗਲੀ, ਪਰ ਇਸ ਦੇ ਬਾਵਜੂਦ ਉਥੋਂ ਇਕ ਅਜਿਹੇ ਸ਼ਖਸ ਦਾ ਝਾਉਲਾ ਅੱਜ ਵੀ ਉਨ੍ਹਾਂ ਨੂੰ ਜ਼ਰੂਰ ਪੈਂਦਾ ਹੈ, ਜੋ ਉਸ ਨੂੰ ਜਾਣਦੇ ਸਨ। ਉਹ ਸੀ ਸੁਹੇਲ, ਜਿਹੜਾ ਆਪਣੀ ਮੌਤ ਦੇ ਦੋ ਦਹਾਕੇ ਬਾਅਦ ਵੀ ਉਨ੍ਹਾਂ ਗਲੀਆਂ ’ਚ ਘੁੰਮਦਾ-ਫਿਰਦਾ ਨਜ਼ਰ ਆਉਂਦਾ ਹੈ। ਇੱਕ ਹੱਥ ’ਚ ਫੜੀਆਂ ਕੁਝ ਇਕ ਕਿਤਾਬਾਂ ਹਿੱਕ ਨਾਲ ਲਾਈ, ਪੋਈਏ-ਪੋਈਏ ਤੁਰਿਆ ਆਉਂਦਾ ਤੇ ਮਿੰਨ੍ਹਾ-ਮਿੰਨ੍ਹਾ ਮੁਸਕਰਾਉਂਦਾ ਸੁਹੇਲ। ਚਿਹਰੇ ’ਤੇ ਹਰ ਵੇਲੇ ਮੁਸਕਰਾਹਟ ਉਸ ਦੀ ਇਕ ਆਪਣੀ ਵੱਖਰੀ ਪਛਾਣ ਸੀ। ਇਹ ਮੁਸਕਰਾਹਟ ਉਦੋਂ ਵੀ ਕਾਇਮ ਰਹਿੰਦੀ ਸੀ, ਜਦੋਂ ‘ਲੋਕ ਲਹਿਰ’ ਦੇ ਸੰਪਾਦਕੀ ਅਮਲੇ ਦੇ ਦੋ-ਤਿੰਨ ਸਾਥੀ ਇਕੱਠੇ ਛੁੱਟੀ ’ਤੇ ਚਲੇ ਜਾਂਦੇ। ਅਜਿਹੇ ਮੌਕੇ ਜਦ ਪੁੱਛਣਾ, ‘ਬਾਬਿਓ ਅਜਿਹੀ ਹਾਲਤ ’ਚ ਤੁਹਾਨੂੰ ਟੈਂਸ਼ਨ ਨਹੀਂ ਹੁੰਦੀ?

' ਉਹਨਾਂ ਜਵਾਬ ਦੇਣਾ, 'ਕਾਮਰੇਡਾ, ਮੈਂ ਤਾਂ ਜਦੋਂ ਘਰੋਂ ਤੁਰਦਾ ਤਾਂ ਇਹੀ ਸੋਚ ਕੇ ਤੁਰਦਾਂ ਕਿ ਅੱਜ ਪਰਚਾ 'ਕੱਲੇ ਨੇ ਹੀ ਕੱਢਣੈ।'

ਵਿਅੰਗ ਕਰਨ 'ਚ ਜਿਹੜੀ ਮੁਹਾਰਤ ਸੁਹੇਲ ਹੁਰਾਂ ਨੂੰ ਹਾਸਲ ਸੀ, ਉਹ ਸ਼ਾਇਦ ਹੀ ਕਿਸੇ ਹੋਰ ਦੇ ਹਿੱਸੇ ਆਈ ਹੋਵੇ। 'ਲੋਕ ਲਹਿਰ' 'ਚ ਉਨ੍ਹਾ ਦਾ ਵਿਸ਼ੇਸ਼ ਕਾਲਮ 'ਹੁੱਝਾਂ ਤੇ ਆਰਾਂ' ਛਪਦਾ ਹੁੰਦਾ ਸੀ। ਇਸ ਕਾਲਮ 'ਚ ਉਨ੍ਹਾ ਸਮਕਾਲੀਆਂ ਨੂੰ ਤਾਂ ਹੁੱਝਾਂ ਲਾਉਣੀਆਂ ਹੀ ਹੁੰਦੀਆਂ ਸਨ, ਪਰ ਬਖ਼ਸ਼ਿਆ ਉਨ੍ਹਾ ਕਦੇ ਆਪਣਿਆਂ ਨੂੰ ਵੀ ਨਹੀਂ ਸੀ।

'ਨੀਲਾ ਤਾਰਾ ਕਾਰਵਾਈ' ਤੋਂ ਬਾਅਦ ਪਾਰਟੀ ਨੇ ਪੰਜਾਬੀ ਦੇ ਉੱਘੇ ਪ੍ਰਵਾਸੀ ਕਹਾਣੀਕਾਰ ਰਘਬੀਰ ਢੰਡ ਦੇ 'ਲੋਕ ਲਹਿਰ' 'ਚ ਛਪਣ 'ਤੇ ਪਾਬੰਦੀ ਲਾ ਦਿੱਤੀ ਤੇ ਇਹ ਪਾਬੰਦੀ ਸੁਹੇਲ ਹੁਰਾਂ ਨੂੰ ਬਹੁਤ ਚੁੱਭਦੀ ਸੀ। ਉਨ੍ਹਾਂ ਦਿਨਾਂ 'ਚ ਉਨ੍ਹਾ ਕੋਲ ਛਾਪਣ ਲਈ ਦੋ ਉੱਘੇ ਕਵੀ ਹੀ ਬਚੇ ਸਨ; ਹਰਭਜਨ ਸਿੰਘ ਹੁੰਦਲ ਤੇ ਦਰਸ਼ਨ ਸਿੰਘ ਮਾਸਟਰ। ਇਨ੍ਹਾਂ ਦਿਨਾਂ ਦੌਰਾਨ ਹੀ ਬਜ਼ੁਰਗ ਕਾਮਰੇਡ ਦਲੀਪ ਸਿੰਘ ਜੌਹਲ (ਮਰਹੂਮ) ਨੇ ਲੇਖ ਲਿਖਿਆ, ਜਿਸ ਦਾ ਸਿਰਲੇਖ ਸੀ 'ਕੱਚੇ-ਪਿੱਲੇ ਝੜ ਜਾਣਗੇ।' ਉਸ ਲੇਖ ਦੇ ਅਗਲੇ ਦਿਨ ਉਨ੍ਹਾ 'ਹੁੱਝਾਂ ਤੇ ਆਰਾਂ' 'ਚ ਆਪਣੀ ਗੱਲ ਕਹਿ ਦਿੱਤੀ; ਕੱਚੇ-ਪਿੱਲੇ ਝੜ ਜਾਣਗੇ (ਲੋਕ ਲਹਿਰ) ਰਹਿ ਜਾਣਗੇ ਹੁੰਦਲ ਤੇ ਦਰਸ਼ਨ। ਕਾਮਰੇਡ ਜੌਹਲ ਸੁਹੇਲ ਹੁਰਾਂ ਨੂੰ ਬੱਸ ਏਨਾ ਹੀ ਆਖ ਸਕੇ, 'ਬਾਜ਼ ਆ ਜਾ ਸੁਹੇਲ।' ਤੇ ਉਨ੍ਹਾ ਮਿੰਨਾ-ਮਿੰਨਾ ਮੁਸਕਰਾਉਂਦਿਆਂ ਜਵਾਬ ਦਿੱਤਾ ਕਿ ਤੁਸੀਂ ਇਹ ਦੱਸੋ ਕਿ ਇਹ ਗੱਲ ਸੱਚੀ ਹੈ ਜਾਂ ਨਹੀਂ। ਜੌਹਲ ਹੁਰਾਂ ਕੋਲ ਕੋਈ ਜਵਾਬ ਨਹੀਂ ਸੀ।

ਸੁਹੇਲ ਇਕ ਕਮਿਊਨਿਸਟ ਪਰਚੇ ਲਈ ਕੰਮ ਕਰਨ ਵਾਲੇ ਇਕ ਸੱਚੇ-ਸੁੱਚੇ ਕਮਿਊਨਿਸਟ ਸਨ। ਉਹ ਨਿੱਜ ਤੋਂ ਬਹੁਤ ਉੱਪਰ ਉੱਠ ਚੁੱਕੇ ਸਨ। ਉਨ੍ਹਾ ਨੂੰ ਆਪਣੇ ਨਿੱਜ ਵੱਲ ਝਾਕਣ ਦੀ ਵਿਹਲ ਹੀ ਨਹੀਂ ਸੀ ਮਿਲ਼ੀ। ਇਹੀ ਕਾਰਨ ਸੀ ਕਿ ਆਪਣੇ ਪਰਵਾਰ ਲਈ ਸਿਰ ਢੱਕਣ ਵਾਸਤੇ ਛੱਤ ਉਸਾਰਨ ਦਾ ਵਿਚਾਰ ਉਨ੍ਹਾ ਦੇ ਏਜੰਡੇ 'ਤੇ ਤਾਂ ਹੋਵੇਗਾ, ਪਰ ਉਸ ਦੀ ਤਰਜੀਹ ਬਹੁਤ ਹੇਠਾਂ ਜਾ ਕੇ ਸੀ।

ਅੱਜ ਦੇ ਸਮੇਂ ਜਦੋਂ ਪੱਤਰਕਾਰੀ, ਖ਼ਾਸਕਰ ਮੀਡੀਆ ਦਾ ਇਕ ਹਿੱਸਾ ਬਹੁਤ ਨਿੱਘਰ ਗਿਆ ਹੈ ਅਤੇ ਜਿਸ ਨੇ ਪੱਤਰਕਾਰਤਾ ਦੇ ਪਵਿੱਤਰ ਪੇਸ਼ੇ ਨੂੰ ਕਾਲ਼ੀ ਕਮਾਈ ਦਾ ਸਾਧਨ ਬਣਾ ਲਿਆ ਹੈ ਤਾਂ ਉਸ ਸਮੇਂ ਸੁਹੇਲ ਦੀ ਯਾਦ ਆਉਣੀ ਕੁਦਰਤੀ ਹੀ ਹੈ, ਜਿਨ੍ਹਾ ਪੱਤਰਕਾਰੀ ਦੀ ਮਰਿਆਦਾ ਬਾਰੇ ਵਿਖਿਆਨ ਤਾਂ ਭਾਵੇਂ ਨਾ ਦਿੱਤੇ ਹੋਣ, ਪਰ ਉਨ੍ਹਾ ਨੂੰ ਇਸ ਮਰਿਆਦਾ ਦੀ ਯਾਦ ਦਵਾਉਣ ਦੀ ਲੋੜ ਕਦੇ ਨਹੀਂ ਸੀ ਪਈ। ਇਸ ਮਰਿਆਦਾ ਨਾਲ ਪ੍ਰਤੀਬੱਧਤਾ ਉਨ੍ਹਾ ਦੇ ਸੁਭਾਅ ਤੇ ਵਿਹਾਰ ਦਾ ਇਕ ਅਟੁੱਟ ਹਿੱਸਾ ਸੀ।

ਮੈਨੂੰ ਯਾਦ ਹੈ ਕਿ ਦਹਿਸ਼ਤਗਰਦੀ ਦੇ ਦਿਨਾਂ ਦੌਰਾਨ ਜਦੋਂ ਸਰਹੱਦੀ ਜ਼ਿਲ੍ਹਿਆਂ ਦੇ ਪਿੰਡਾਂ 'ਚੋਂ ਇਕ ਫ਼ਿਰਕੇ ਦੇ ਪਰਿਵਾਰਾਂ ਦੀ ਹਿਜਰਤ ਦਾ ਦੌਰ ਸ਼ੁਰੂ ਹੋਇਆ ਤਾਂ ਉਨ੍ਹਾ ਦਾ ਫਿਕਰਮੰਦ ਹੋਣਾ ਸੁਭਾਵਕ ਸੀ। ਉਨ੍ਹਾ ਇਹ ਫਿਕਰਮੰਦੀ ਇਕ ਪ੍ਰਮੁੱਖ ਅਖ਼ਬਾਰ ਦੇ ਸੰਪਾਦਕ ਨਾਲ ਸਾਂਝੀ ਕਰਦਿਆਂ ਉਸ ਨੂੰ ਕਿਹਾ ਕਿ ਆਪਾਂ ਇਸ ਹਿਜਰਤ ਬਾਰੇ ਖ਼ਬਰਾਂ



ਤੇ ਤਸਵੀਰਾਂ ਨੂੰ ਪ੍ਰਮੁੱਖਤਾ ਨਾਲ ਨਾ ਛਾਪੀਏ। ਇਸ ਨਾਲ ਹੋਰ ਦਹਿਸ਼ਤ ਫੈਲੇਗੀ ਤੇ ਦਹਿਸ਼ਤਗਰਦ ਵੀ ਇਹੀ ਚਾਹੁੰਦੇ ਹਨ। ਇਸ ਤਰ੍ਹਾਂ ਆਪਾਂ ਨਾ ਚਾਹ ਕੇ ਵੀ ਉਨ੍ਹਾਂ ਦੀ ਮਦਦ ਕਰ ਰਹੇ ਹੋਵਾਂਗੇ। ਅੱਗੋਂ ਜਵਾਬ ਮਿਲਿਆ, 'ਸੁਹੇਲ ਜੀ, ਗੱਲ ਤਾਂ ਤੁਹਾਡੀ ਠੀਕ ਹੈ, ਪਰ ਜੇ ਇਹ ਖ਼ਬਰਾਂ ਅਸੀਂ ਨਾ ਛਾਪੀਆਂ ਤਾਂ ਉਹ (ਉਸ ਨੇ ਇਕ ਦੂਸਰੀ ਵੱਡੀ ਅਖਬਾਰ ਦਾ ਨਾਂਅ ਲਿਆ) ਛਾਪ ਦੇਣਗੇ ਤੇ ਸਾਡਾ ਤਾਂ ਫਿਰ ਨੁਕਸਾਨ ਹੀ ਹੋਵੇਗਾ।' ਸੁਹੇਲ ਹੁਰੀਂ ਬਾਅਦ 'ਚ ਆਖਣ ਲੱਗੇ, 'ਦੇਖੋ, ਕਿਹੋ ਜਿਹੇ ਲੋਕ ਨੇ। ਇਸ ਤ੍ਰਾਸਦੀ 'ਚੋਂ ਵੀ ਕਮਾਈ ਭਾਲ਼ਦੇ ਹਨ। ਇਨ੍ਹਾਂ ਨੂੰ ਕਦੋਂ ਸਮਝ ਆਵੇਗੀ ਕਿ ਕੁਝ ਚੀਜ਼ਾਂ ਛੁਪਾਉਣ ਵਿਚ ਵੀ ਕਈ ਵਾਰ ਭਲਾ ਹੁੰਦਾ ਹੈ।' ਇਹ ਹੈ ਲੋਕ-ਪੱਖੀ ਪੱਤਰਕਾਰੀ ਦੀ ਮਰਿਆਦਾ ਕਿ ਲੋਕਾਂ 'ਚ ਸਹਿਮ, ਭਰਮ-ਭੁਲੇਖੇ ਖੜੀਆਂ ਕਰਨ ਵਾਲੀਆਂ ਖ਼ਬਰਾਂ ਤੋਂ ਗੁਰੇਜ਼ ਕੀਤਾ ਜਾਵੇ ਤੇ ਲੋਕਾਂ ਨੂੰ ਸੇਧ ਦੇਣ ਵਾਲ਼ੀਆਂ ਖਬਰਾਂ ਹਰ ਕੀਮਤ 'ਤੇ ਛਾਪੀਆਂ ਜਾਣ।

'ਮੁੱਲ ਦੀਆਂ ਖਬਰਾਂ' ਦਾ ਵਰਤਾਰਾ ਅੱਜ ਇਕ ਆਮ ਗੱਲ ਹੋ ਗਈ ਹੈ, ਪਰ ਸੁਹੇਲ ਹੁਰਾਂ ਲਈ ਅਜਿਹੀਆਂ ਖਬਰਾਂ 'ਹਰਾਮ' ਸਨ। ਜੇ ਉਹ ਚਾਹੁੰਦੇ ਤਾਂ ਚੋਖੀ ਕਮਾਈ ਕਰ ਸਕਦੇ ਸਨ, ਪਰ ਉਹ ਤਾਂ ਆਪਣੇ ਲਈ ਕੋਈ ਚੰਗੀ ਹਾਲਤ ਵਾਲਾ ਸਾਈਕਲ ਤੱਕ ਨਹੀਂ ਸੀ ਖਰੀਦ ਸਕੇ। ਅੱਜ 'ਕਮਾਈ' ਕਰਨ ਵਾਲ਼ਿਆਂ ਦੀ ਘਾਟ ਨਹੀਂ ਹੈ। ਪੱਤਰਕਾਰ ਬਹੁਤ ਹਨ, ਪਰ ਉਨ੍ਹਾਂ 'ਚੋਂ ਸੁਹੇਲ ਕੋਈ ਨਹੀਂ ਹੈ। ਉਹ ਤਾਂ ਭਾਈ ਲਾਲੋਆਂ ਦਾ ਸੁਹੇਲਾ ਸੀ, ਜਿਹੜਾ ਹਰ ਵਕਤ ਆਪਣੇ ਜਮਾਤੀਆਂ ਨਾਲ ਖੜਦਾ ਸੀ ਤੇ ਆਪਣੀ ਗੱਲ ਕਹਿਣ ਤੋਂ ਕਦੇ ਵੀ ਗੁਰੇਜ਼ ਨਹੀਂ ਸੀ ਕਰਦਾ।

ਐਮਰਜੈਂਸੀ ਵੇਲੇ ਅਖਬਾਰਾਂ 'ਤੇ ਸੈਂਸਰਸ਼ਿਪ ਲਾਗੂ ਹੋਣ ਦੇ ਬਾਵਜੂਦ ਉਨ੍ਹਾ ਆਪਣੀ ਗੱਲ ਕਹਿਣ ਤੋਂ ਗੁਰੇਜ਼ ਨਹੀਂ ਕੀਤਾ ਤੇ ਇਹ ਗੱਲ ਕਹੀ ਵੀ ਏਨੀ ਮੁਹਾਰਤ ਨਾਲ ਕਿ ਸੈਂਸਰ ਅਧਿਕਾਰੀਆਂ ਦੀਆਂ ਨਜ਼ਰਾਂ ਤੋਂ ਵੀ ਬਚੇ ਰਹੇ। ਉਹ ਗੁੱਝੀ ਸ਼ਬਦਾਵਲੀ ਵਰਤਦੇ। ਮਿਸਾਲ ਵਜੋਂ; 'ਹਨੇਰੀ ਆਉਂਦੀ ਹੈ, ਘੱਟਾ-ਮਿੱਟੀ ਉਡਾਉਂਦੀ ਹੈ, ਕੁਝ ਸਮੇਂ ਲਈ ਬੂਹੇ-ਬਾਰੀਆਂ ਬੰਦ ਕਰਨੇ ਪੈਂਦੇ ਹਨ, ਪਰ ਨਿਰਾਸ਼ ਹੋਣ ਦੀ ਲੋੜ ਨਹੀਂ। ਹਨੇਰੀ ਤੋਂ ਬਾਅਦ ਛਿੱਟਾਂ ਵੀ ਪੈਂਦੀਆਂ ਹਨ ਤੇ ਅਸਮਾਨ ਸਾਫ਼ ਹੋ ਜਾਂਦਾ ਹੈ, ਕੋਈ ਹਨੇਰੀ ਸਦੀਵੀ ਨਹੀਂ ਹੁੰਦੀ, ਇਸੇ ਤਰ੍ਹਾਂ ਉਨ੍ਹਾਂ ਸੰਸਦ ਸਮਾਗਮ ਦੀ ਖ਼ਬਰ ਦਾ ਸਿਰਲੇਖ ਲਾਇਆ; ਸੰਸਦ ਦਾ ਸਰਕਾਰੀ ਸੈਸ਼ਨ ਸ਼ੁਰੂ। ਉਨ੍ਹਾ ਦੀ ਇਹ ਸ਼ਬਦਾਵਲੀ ਭਾਵੇਂ ਸੈਂਸਰ ਅਧਿਕਾਰੀ ਦੀ ਸਮਝ 'ਚ ਨਾ ਆਈ ਹੋਵੇ, ਪਾਰਟੀ ਕਾਡਰ ਦੀ ਸਮਝ 'ਚ ਜ਼ਰੂਰ ਆ ਜਾਂਦੀ ਸੀ।

ਇਹ ਤਾਂ ਐਮਰਜੈਂਸੀ ਦੇ ਦਿਨਾਂ ਦੀ ਗੱਲ ਹੈ, ਉਦੋਂ ਜੇ ਡਰ ਸੀ ਤਾਂ ਇਹੀ ਕਿ ਬਿਨਾਂ ਕਿਸੇ ਸੁਣਵਾਈ ਦੇ ਜੇਲ੍ਹ 'ਚ ਸੁੱਟ ਦਿੱਤੇ ਜਾਵਾਂਗੇ, ਪਰ ਸੁਹੇਲ ਹੁਰਾਂ ਦੀ ਪ੍ਰਤੀਬੱਧਤਾ ਤਾਂ ਉਦੋਂ ਵੀ ਨਹੀਂ ਡਗਮਗਾਈ, ਜਦੋਂ ਖਾਲਿਸਤਾਨੀ ਦਹਿਸ਼ਤਗਰਦਾਂ ਨੇ 'ਪ੍ਰੈੱਸ ਕੋਡ' ਲਾਗੂ ਕਰ ਦਿੱਤਾ ਸੀ। ਹੁਕਮ ਚਾੜ੍ਹਿਆ ਗਿਆ ਕਿ ਸਾਨੂੰ ਅੱਤਵਾਦੀ ਨਹੀਂ 'ਖਾੜਕੂ' ਲਿਖਿਆ ਜਾਵੇ, ਸਾਡੇ ਨਾਵਾਂ ਨਾਲ 'ਭਾਈ' ਸ਼ਬਦ ਜੋੜਿਆ ਜਾਵੇ ਅਤੇ ਮੁਕਾਬਲਿਆਂ 'ਚ ਮਾਰੇ ਗਏ ਸਾਡੇ ਸਾਥੀਆਂ (ਅੱਤਵਾਦੀਆਂ) ਨੂੰ ਸ਼ਹੀਦ ਲਿਖਿਆ ਜਾਵੇ। ਮੀਡੀਆ

ਵਿਚ ਇਕਦਮ ਸਨਸਨੀ ਫੈਲ ਗਈ। ਕਾਰੋਬਾਰੀ ਅਖਬਾਰਾਂ ਨੇ ਤਾਂ ਅਜਿਹੇ 'ਹੁਕਮਨਾਮੇ' ਦੀ ਪਾਲਣਾ ਕਰਨ 'ਚ ਕੋਈ ਦੇਰ ਨਹੀਂ ਕੀਤੀ, ਸਰਕਾਰੀ ਮਾਲਕੀ ਵਾਲੇ ਅਕਾਸ਼ਬਾਣੀ ਤੇ ਦੂਰਦਰਸ਼ਨ ਵੀ ਇਸ ਹੁਕਮਨਾਮੇ ਅੱਗੇ ਗੋਡੇ ਟੇਕ ਗਏ। ਉਨ੍ਹਾਂ ਦੀ ਸ਼ਬਦਾਵਲੀ 'ਚੋਂ ਅੱਜ ਵੀ 'ਖਾੜਕੂ' ਤੇ 'ਮਿਲੀਟੈਂਟ' ਸ਼ਬਦਾਂ ਦੀ ਝਲਕ ਕਈ ਵਾਰ ਮਿਲ ਜਾਂਦੀ ਹੈ। ਉਨ੍ਹਾਂ ਦਿਨਾਂ 'ਚ ਇਸ ਕਾਲ਼ੀ ਬੋਲੀ ਦਹਿਸ਼ਤ ਦੀ ਹਨੇਰੀ ਵਿਰੁੱਧ ਜੇ ਕੋਈ ਅਖ਼ਬਾਰ ਜੁਰਅਤ ਨਾਲ਼ ਖੜਾ ਹੋਇਆ ਤਾਂ ਉਹ 'ਲੋਕ ਲਹਿਰ' (ਜਦੋਂ ਇਹ ਰੋਜ਼ਾਨਾ ਹੁੰਦਾ ਸੀ) ਤੇ 'ਨਵਾਂ ਜ਼ਮਾਨਾ' ਹੀ ਸਨ।

ਪੰਜਾਬੀ ਪੱਤਰਕਾਰੀ 'ਚ 'ਲੋਕ ਲਹਿਰ' ਤੇ 'ਨਵਾਂ ਜ਼ਮਾਨਾ', ਪੱਤਰਕਾਰੀ ਦੇ 'ਰੰਗਰੂਟਾਂ' ਲਈ ਸਿਖਲਾਈ ਸੰਸਥਾਵਾਂ ਵਜੋਂ ਕੰਮ ਕਰਦੇ ਰਹੇ ਹਨ। ਇਨ੍ਹਾਂ ਅਖ਼ਬਾਰਾਂ 'ਚੋਂ ਕਈ ਜਣੇ ਸਿਖਲਾਈ ਲੈ ਕੇ ਵੱਡੀਆਂ ਅਖਬਾਰਾਂ 'ਚ ਜਾ ਲੱਗੇ। ਸੁਹੇਲ ਹੁਰਾਂ ਇਸ ਤਰ੍ਹਾਂ ਕਈ ਪੱਤਰਕਾਰ ਤਿਆਰ ਕੀਤੇ ਤੇ ਦੂਸਰੀਆਂ ਅਖ਼ਬਾਰਾਂ 'ਚ ਸਿਫ਼ਾਰਸ਼ ਕਰਕੇ ਉਨ੍ਹਾਂ ਨੂੰ ਥਾਂ ਵੀ ਦੁਆਈ। ਇਸ ਤਰ੍ਹਾਂ ਉਹ ਹੋਰਨਾਂ ਦੀ ਜ਼ਿੰਦਗੀ ਸੁਆਰਦੇ ਰਹੇ, ਪਰ ਆਪਣੀ ਜ਼ਿੰਦਗੀ ਫੱਕਰਾਂ ਵਾਂਗ ਹੀ ਗੁਜ਼ਾਰਦੇ ਰਹੇ, ਕਿਉਂਕਿ ਉਹ ਇਕ ਅਜਿਹੀ ਸੋਚ ਨੂੰ ਪ੍ਰਣਾਏ ਹੋਏ ਸਨ, ਜਿਸ ਵਿਚ ਲੋਕਾਈ ਦੇ ਦਰਦ ਨੂੰ ਸਰਵਉੱਚ ਪ੍ਰਾਥਮਿਕਤਾ ਦਿੱਤੀ ਜਾਂਦੀ ਹੈ ਤੇ ਆਪਣਾ 'ਨਿੱਜ' ਦੂਜੇ ਨੰਬਰ 'ਤੇ ਚਲਾ ਜਾਂਦਾ ਹੈ, ਕਿਉਂਕਿ ਉਹ ਸਮਝ ਚੁੱਕੇ ਸਨ ਕਿ ਉਨ੍ਹਾਂ ਦੀ ਜਮਾਤ ਦੇ ਕਲਿਆਣ ਵਿਚ ਹੀ ਉਨ੍ਹਾਂ ਦਾ ਕਲਿਆਣ ਹੈ।

ਇਕ ਵਾਰ ਹਰਭਜਨ ਸਿੰਘ ਹੁੰਦਲ ਹੁਰਾਂ ਸੁਹੇਲ ਨੂੰ ਟੋਹਣ ਲਈ ਕਿਹਾ, 'ਸੁਹੇਲ ਤੇਰੀਆਂ ਸਿਫਾਰਸ਼ੀ ਚਿੱਠੀਆਂ ਨਾਲ ਕਿੰਨੇ ਲੋਕ ਹੋਰ ਵੱਡੀਆਂ ਅਖ਼ਬਾਰਾਂ 'ਚ ਚਲੇ ਗਏ ਨੇ, ਕਿਤੇ ਤੂੰ ਵੀ ਹੱਥ ਮਾਰ ਲੈਣਾ ਸੀ। ਤੇਰੇ ਵਿਚ ਯੋਗਤਾ ਵੀ ਹੈ।' ਉਹ ਹੱਸ ਪਏ ਤੇ ਆਖਣ ਲੱਗੇ, 'ਇਮਤਿਹਾਨ ਲੈ ਰਿਹਾਂ ? ਇਹ ਸਿੱਖੀ ਤਾਂ ਕੇਸਾਂ-ਸਵਾਸਾਂ ਸੰਗ ਹੀ ਨਿਭੂ। ਅਸੀਂ ਕਦੇ ਬੇਦਾਵੇ ਨਹੀਂ ਦੇਣੇ।'

ਸੱਚਮੁੱਚ ਸੁਹੇਲ ਨੇ ਕਦੇ ਆਪਣੇ ਅਸੂਲਾਂ ਨੂੰ ਬੇਦਾਵਾ ਨਹੀਂ ਦਿੱਤਾ। ਸਾਰੀ ਉਮਰ ਸਾਬਤ-ਕਦਮੀਂ ਉਨ੍ਹਾਂ 'ਤੇ ਪਹਿਰਾ ਦਿੰਦੇ ਰਹੇ। ਸੁਹੇਲ ਕੇਵਲ ਉਸ ਭੀੜੀ ਗਲ਼ੀ ਵਿਚ ਹੀ ਨਹੀਂ, ਲੋਕ ਜਮਹੂਰੀਅਤ ਲਈ ਜੂਝ ਰਹੇ ਮਜ਼ਦੂਰਾਂ, ਕਿਸਾਨਾਂ, ਔਰਤਾਂ, ਨੌਜੁਆਨਾਂ ਤੇ ਹੋਰ ਮਿਹਨਤਕਸ਼ਾਂ ਦੇ ਸੰਗਰਾਮ ਵਿਚ ਵੀ ਸਦਾ ਵਿਖਾਈ ਦਿੰਦਾ ਰਹੇਗਾ, ਕਿਉਂਕਿ ਉਸ ਨੇ ਕਦੇ ਬੇਦਾਵਾ ਨਹੀਂ ਸੀ ਦਿੱਤਾ ਤੇ ਨਾ ਕਦੀ ਕਿਸੇ ਵੀ ਕਿਸਮ ਦੀ ਮੌਕਾਪ੍ਰਸਤੀ ਨੂੰ ਹੀ ਆਪਣੇ ਨਜ਼ਦੀਕ ਫੜਕਣ ਦਿੱਤਾ ਸੀ।

**ਪੁਸਤਕ ਪ੍ਰਾਪਤੀ :**

**ਪੂਰਨ ਸਿੰਘ–ਪਰਲੋਕ ਦਾ ਭਰਮ (ਵਾਰਤਕ),**
**ਲੋਕ ਗੀਤ ਪ੍ਰਕਾਸ਼ਨ, ਚੰਡੀਗੜ੍ਹ**



# ਰਾਜਨੀਤਕ ਤਪੱਸਵੀ- ਸੁਹੇਲ

-ਮੰਗਤ ਰਾਮ ਪਾਸਲਾ

ਇਸ ਗੱਲ ਦੀ ਖੁਸ਼ੀ ਤੇ ਤਸੱਲੀ ਹੈ ਕਿ ਅਸੀਂ ਇਕ ਬਹੁਤ ਹੀ ਪ੍ਰਪੱਕ, ਸਿਰੜੀ ਤੇ ਲੋਕ ਹਿੱਤਾਂ ਨੂੰ ਸਮਰਪਿਤ ਮਨੁੱਖ ਕਾਮਰੇਡ ਸੁਹੇਲ ਸਿੰਘ ਹੁਰਾਂ ਨੂੰ ਉਨ੍ਹਾ ਦੀ 22ਵੀਂ ਬਰਸੀ ਮੌਕੇ ਯਾਦ ਕਰ ਰਹੇ ਹਾਂ। ਆਪਣੇ ਸ਼ਾਨਾਮੱਤੇ ਇਤਿਹਾਸ ਦੇ ਪੰਨਿਆਂ ਉਪਰ ਉਕਰੇ ਇਸਦੇ ਨਾਇਕਾਂ ਨੂੰ ਯਾਦ ਕਰਨਾ ਪ੍ਰਗਤੀਸ਼ੀਲ ਲਹਿਰਾਂ ਦੇ ਵਿਕਾਸ ਲਈ ਜ਼ਰੂਰੀ ਸ਼ਰਤਾਂ ਵਿਚੋਂ ਪ੍ਰਮੁੱਖ ਹਨ। ਖਾਸ ਤੌਰ 'ਤੇ ਅਜੋਕੇ ਸਮਿਆਂ ਵਿਚ, ਜਦੋਂ ਮੌਜੂਦਾ ਪੂੰਜੀਵਾਦੀ ਢਾਂਚਾ ਆਪਣੇ ਵਿਕਾਸ ਤੇ ਨਿਘਾਰ ਦੀ ਸਿਖਰ ਉਪਰ ਹੈ ਅਤੇ ਕਿਸੇ ਵੀ ਵਿਅਕਤੀ ਜਾਂ ਘਟਨਾ ਨੂੰ 'ਨਿੱਜੀ ਮੁਨਾਫ਼ੇ ਤੇ ਸਵਾਰਥੀ ਹਿੱਤਾਂ' ਨਾਲ ਮੇਲ ਕੇ ਹੀ ਮਾਪਿਆ ਜਾਂਦਾ ਹੈ, ਉਸ ਸਮੇਂ ਸਾਥੀ ਸੁਹੇਲ ਵਰਗੇ ਨਿਸ਼ਠਾਵਾਨ ਤੇ ਜ਼ਿੰਦਾਦਿਲ ਇਨਸਾਨ ਨੂੰ ਯਾਦ ਕਰਨਾ ਤੇ ਉਨ੍ਹਾਂ ਕੋਲੋਂ ਜਿੰਨੀ ਸੰਭਵ ਹੋ ਸਕੇ, ਪ੍ਰੇਰਨਾ ਲੈ ਕੇ ਸਮਾਜਕ ਵਿਕਾਸ ਦੀ ਲਹਿਰ ਵਿਚ ਆਪਣਾ ਬਣਦਾ ਯੋਗਦਾਨ ਪਾਉਣ ਦਾ ਯਤਨ ਕਰਨਾ ਹੋਰ ਵੀ ਜ਼ਰੂਰੀ ਤੇ ਲਾਹੇਵੰਦਾ ਬਣ ਜਾਂਦਾ ਹੈ। ਜਿੰਨਾ ਕੁ ਮੇਰਾ ਵਾਹ ਪਿਆ ਸਾਥੀ ਸੁਹੇਲ ਜੀ ਨਾਲ, ਮੈਂ ਉਨ੍ਹਾ ਨੂੰ ਨੇੜਿਉਂ ਹੋ ਕੇ ਇਕ 'ਰਾਜਨੀਤਕ ਤਪੱਸਵੀ' ਦੇ ਰੂਪ ਵਿਚ ਦੇਖਿਆ, ਜੋ ਸਾਰੀਆਂ ਆਰਥਕ ਤੇ ਸਮਾਜਕ ਕਠਿਨਾਈਆਂ ਦਾ ਖਿੜੇ ਮੱਥੇ ਸਾਹਮਣਾ ਕਰਦਾ ਹੋਇਆ ਅਟੱਲ ਤੇ ਨਿਰਸਵਾਰਥ ਹੋ ਕੇ ਪੂਰੀ ਤਰ੍ਹਾਂ ਆਪਣੇ ਮਿਸ਼ਨ ਦੀ ਪ੍ਰਾਪਤੀ ਲਈ ਸਮਰਪਿਤ ਰਿਹਾ ਹੈ। ਉਸ ਨੇ ਪ੍ਰਤੀਬੱਧ 'ਇਨਕਲਾਬੀ ਪੱਤਰਕਾਰੀ' ਦਾ ਰਾਹ ਚੁਣਿਆ, ਜੋ ਮੌਜੂਦਾ ਸਮਿਆਂ ਵਿਚ ਆਮ ਤੌਰ 'ਤੇ ਬੀਤੇ ਦੀ ਕਹਾਣੀ ਬਣਦਾ ਜਾ ਰਿਹਾ ਹੈ। ਸਾਥੀ ਸੁਹੇਲ ਆਪਣੀ ਸਿਆਣਪ ਤੇ ਸਿਧਾਂਤਕ ਪ੍ਰਪੱਕਤਾ ਸਦਕਾ ਬਿਨਾਂ ਕਿਸੇ ਹੋਰ ਲਾਲਸਾ ਦਾ ਸ਼ਿਕਾਰ ਹੋਇਆਂ ਨਿਰੰਤਰ ਇਕ ਪ੍ਰਤੀਬੱਧ ਪੱਤਰਕਾਰ ਤੇ ਕਮਿਊਨਿਸਟ ਕਾਰਜਕਰਤਾ ਵਾਂਗਰ ਇਨਕਲਾਬੀ ਲਹਿਰ ਲਈ ਉਮਰ ਭਰ ਆਪਣਾ ਯੋਗਦਾਨ ਪਾਉਂਦਾ ਰਿਹਾ। ਪੱਤਰਕਾਰੀ ਤੇ ਇਨਕਲਾਬੀ ਕਿਰਦਾਰ ਦੋਵਾਂ ਨੂੰ ਹੀ ਸਹਿਜ ਅਵਸਥਾ ਵਿਚ ਪੂਰੀ ਨਿਸ਼ਠਾ ਨਾਲ ਨਿਭਾਉਣਾ ਅੱਜਕੱਲ੍ਹ ਜੇਕਰ ਅਸੰਭਵ ਨਹੀਂ ਤਾਂ ਘੱਟੋ-ਘੱਟ ਮੁਸ਼ਕਲ ਜ਼ਰੂਰ ਹੈ।

ਪਾਰਟੀ ਵੱਲੋਂ ਦਿੱਤੀ ਜਾਂਦੀ ਬਹੁਤ ਹੀ ਨਿਗੂਣੀ ਜਿਹੀ ਵਿੱਤੀ ਸਹਾਇਤਾ ਨਾਲ (ਜਿਸ ਦਾ ਅੱਖਰਾਂ ਵਿਚ ਜ਼ਿਕਰ ਕਰਨਾ ਵੀ ਮਨ ਨੂੰ ਚੰਗਾ ਨਹੀਂ ਲੱਗਦਾ) ਘਰ ਦਾ ਸਾਰਾ ਖਰਚਾ ਚਲਾਉਣਾ, ਸੁਪਤਨੀ ਤੇ ਦੋ ਧੀਆਂ ਦੀਆਂ ਸਭ ਦੁਨਿਆਵੀ ਲੋੜਾਂ ਦੀ ਪੂਰਤੀ ਨਾ ਕਰ ਸਕਣ ਦੇ ਬਾਵਜੂਦ ਇਕ ਆਦਰਸ਼ ਪਤੀ ਤੇ ਪਿਤਾ ਦਾ ਰੋਲ ਨਿਭਾਉਣਾ ਅਤੇ ਕਿਸੇ ਵੀ ਅਨੈਤਿਕ ਢੰਗ ਦੀ ਇਕ 'ਪਾਈ' ਉਪਰ ਵੀ ਲਲਚਾਈ ਨਜ਼ਰ ਨਾ ਰੱਖਣਾ, ਸੱਚਮੁੱਚ ਹੀ ਸਾਥੀ ਸੁਹੇਲ ਨੂੰ ਇਕ 'ਆਦਰਸ਼ਵਾਦੀ ਮਨੁੱਖ' ਦਾ ਰੁਤਬਾ ਪ੍ਰਦਾਨ ਕਰਦਾ ਹੈ। 1975 ਵਿਚ ਕਾਂਗਰਸ ਸਰਕਾਰ ਦੁਆਰਾ ਦੇਸ਼ ਉਪਰ ਠੋਸੀ ਐਮਰਜੈਂਸੀ ਤੇ 80ਵਿਆਂ ਦੇ ਖਾਲਿਸਤਾਨੀ ਦਹਿਸ਼ਤਗਰਦੀ ਦੇ ਖਤਰਨਾਕ ਦੌਰ ਵਿਚ ਵੀ ਸਾਥੀ ਸੁਹੇਲ ਦਾ ਹੌਸਲਾ ਤੇ ਸੱਚੀ ਗੱਲ ਕਹਿਣ ਦੀ ਹਰ ਰੋਜ਼ ਨਵੀਂ 'ਤਰਾਸ਼ੀ ਵਿਧੀ' ਇਕ ਮਾਣ

ਕਰਨਯੋਗ ਵਿਲੱਖਣਤਾ ਹੈ ਉਸ ਦੀ। ਸਰਕਾਰ ਦੇ ਸੈਂਸਰ ਬੋਰਡ ਦੀ ਕੈਂਚੀ ਤੋਂ ਵੀ ਸਾਥੀ ਸੁਹੇਲ ਦੀ ਲਿਖਤ ਅੱਖ ਬਚਾ ਕੇ ਅਗਾਂਹ ਲੰਘ ਜਾਂਦੀ ਸੀ। ਹਰ ਰੋਜ਼ ਹੀ ਲਿਖਤਾਂ ਤੇ ਬੋਲਾਂ ਵਿਚ ਖਾਲਿਸਤਾਨੀ ਦਹਿਸ਼ਤਗਰਦੀ ਦੇ ਪਰਖੱਚੇ ਉਡਾਉਣ ਵਾਲਾ ਸਾਥੀ ਸੁਹੇਲ ਬਿਨਾਂ ਕਿਸੇ ਭੈਅ ਤੇ ਝਿਜਕ ਦੇ ਆਪਣੇ ਜ਼ਿੰਮੇ ਲੱਗੇ ਹਰ ਕੰਮ ਨੂੰ ਬਾਖੂਬੀ ਨਿਭਾਉਂਦਾ ਰਿਹਾ। ਉਸ ਨੇ ਸਾਰੇ ਖਤਰਿਆਂ ਤੇ ਮੁਸੀਬਤਾਂ ਦਾ ਸਾਹਮਣਾ ਕਰਦੇ ਹੋਏ ਜੀਵਨ ਭਰ ਕਮਿਊਨਿਸਟ ਕਿਰਦਾਰ ਦਾ ਝੰਡਾ ਬੁਲੰਦ ਕਰੀ ਰੱਖਿਆ।

ਸੀ. ਪੀ. ਆਈ. (ਐੱਮ) ਦੀ ਸੂਬਾ ਕਮੇਟੀ ਦਾ ਮੈਂਬਰ ਹੋਣ ਨਾਤੇ ਸਾਥੀ ਸੁਹੇਲ ਨੇ ਕਦੇ ਵੀ ਆਪਣੇ ਨਿੱਜੀ ਹਿੱਤਾਂ ਨੂੰ ਪਾਰਟੀ ਹਿੱਤਾਂ ਤੋਂ ਉਪਰ ਨਹੀਂ ਰੱਖਿਆ ਤੇ ਨਾ ਹੀ ਪਾਰਟੀ ਕੋਲੋਂ ਕਿਸੇ ਖਾਸ ਅਹੁਦੇ ਜਾਂ ਰਿਆਇਤ ਦੀ ਮੰਗ ਕੀਤੀ। ਉਹ ਕਿਸੇ ਵੀ ਅਵਸਥਾ ਅਤੇ ਪੁਜ਼ੀਸ਼ਨ ਵਿਚ ਕਿਰਤੀਆਂ ਦਾ ਰਾਜ ਸਥਾਪਤ ਕਰਨ ਦੀ ਜੰਗ ਵਿਚ ਇਕ ਯੋਗ ਸਿਪਾਹੀ/ ਜਰਨੈਲ ਦੀ ਭੂਮਿਕਾ ਅਦਾ ਕਰਨ ਦੇ ਸਮਰੱਥ ਸੀ। ਮੇਰੇ ਜੀਵਨ ਦੀ ਸਾਥੀ ਸੁਹੇਲ ਨਾਲ ਨੇੜਤਾ ਵਾਲਾ ਹਿੱਸਾ ਹਮੇਸ਼ਾ ਹੀ ਮੇਰੇ ਲਈ ਯਾਦਗਾਰੀ ਤੇ ਪ੍ਰੇਰਨਾਸਰੋਤ ਬਣਿਆ ਰਹੇਗਾ।

ਕਾਸ਼! ਸਮੇਂ ਤੋਂ ਪਹਿਲਾਂ ਹੀ ਤੁਰ ਜਾਣ ਵਾਲਾ ਸਾਥੀ ਸੁਹੇਲ ਜੇਕਰ ਕਮਿਊਨਿਸਟ ਲਹਿਰ ਸੰਗ ਆਪਣੀ ਦੋਸਤੀ ਤੇ ਵਫ਼ਾਦਾਰੀ ਨੂੰ ਹੋਰ ਲੰਮੇ ਸਮੇਂ ਤੱਕ ਨਿਭਾਉਂਦਾ ਰਹਿੰਦਾ ਤਾਂ ਇਹ ਸਾਡੇ ਸਾਰਿਆਂ ਲਈ ਹੀ ਬਹੁਤ ਲਾਭਕਾਰੀ ਹੁੰਦਾ। ਐਸਾ ਨਾ ਹੋ ਸਕਣ ਦਾ ਸਾਨੂੰ ਅਫ਼ਸੋਸ ਹੈ। ਉਸ ਦੀ ਇਨਕਲਾਬੀ ਜ਼ਿੰਦਗੀ ਦੇ ਤਜਰਬੇ ਤੇ ਹੰਢਾਏ ਦਰਦ ਅੱਜ ਵੀ ਸਾਨੂੰ ਆਪਣੇ ਅਕੀਦੇ ਉਪਰ ਕਾਇਮ ਰਹਿਣ ਲਈ ਪ੍ਰੇਰਣਾ ਦਾ ਚਿਰਾਗ਼ ਬਣ ਕੇ ਸਾਡਾ ਰਾਹ ਰੁਸ਼ਨਾ ਰਹੇ ਹਨ।

* * *

## ਸੁਹੇਲ ਜਿਉਂਦਾ ਹੈ

-ਡਾ. ਸੁਰਿੰਦਰ ਗਿੱਲ

ਸੁਹੇਲ: ਇੱਕ ਪਿਆਰਾ ਦੋਸਤ, ਸੰਤ ਸੁਭਾਅ ਵਿਅਕਤੀ, ਇਕ ਕਾਮਾ, ਪ੍ਰਤੀਬੱਧ ਅਤੇ ਸਿਰੜੀ ਕਾਮਰੇਡ।

ਸੁਹੇਲ ਆਪਣੇ ਪਿਆਰ, ਮਿੱਤਰ ਮੁੱਖ ਸੁਭਾਅ ਕਰਕੇ, ਛੇਤੀ ਹੀ ਆਪਣੇ ਆਲ਼ੇ-ਦੁਆਲ਼ੇ ਵਿਚਰਦੇ ਲੋਕਾਂ ਅਤੇ ਜਾਣਕਾਰਾਂ ਦੇ ਦਿਲ ਵਿਚ ਲਹਿ ਜਾਂਦਾ ਸੀ।

ਉਹਨੂੰ ਵਿਦਾ ਹੋਇਆਂ ਕਈ ਦਹਾਕੇ ਬੀਤ ਗਏ ਹਨ ਪਰ ਅੱਜ ਵੀ ਮੈਨੂੰ ਜਲੰਧਰ ਸ਼ਹਿਰ ਦਾ ਚੇਤਾ ਆਉਂਦੈ ਤਾਂ ਸਾਧਾਰਨ ਜਿਹੇ ਲਿਬਾਸ ਵਿਚ, ਕੁੜਤੇ ਪਜਾਮੇ ਜਾਂ ਪੈਂਟ ਬੁਸ਼ਰਟ ਵਿਚ, ਖੱਬੇ ਮੋਢੇ ਝੋਲਾ ਲਟਕਾਈ ਅਤੇ ਸੱਜੇ ਹੱਥ ਕੁਝ ਪਰਚੇ ਜਾਂ ਪੁਸਤਕਾਂ ਫੜੀ ਆਉਂਦਾ, ਮੁਸਕਰਾਉਂਦਾ, ਸੁਹੇਲ ਤੁਰਦਾ-ਫਿਰਦਾ ਦਿਸਦਾ ਹੈ।

ਸੁਹੇਲ ਨਾਲ ਪਹਿਲੀ ਮਿਲਣੀ, ਪਿਛਲੀ ਸਦੀ ਦੇ ਛੇਵੇਂ ਦਹਾਕੇ ਦੇ ਅੰਤ ਵਿਚ 'ਰੋਜ਼ਾਨਾ ਨਵਾਂ ਜ਼ਮਾਨਾ' ਦੇ ਦਫ਼ਤਰ ਵਿਚ ਹੋਈ। ਨਹਿਰੂ ਗਾਰਡਨ ਸੜਕ ਜਲੰਧਰ ਵਿਖੇ ਨਹਿਰੂ ਗਾਰਡਨ ਤੋਂ ਰੇਲਵੇ ਸਟੇਸ਼ਨ ਵੱਲ ਜਾਂਦਿਆਂ, ਨੂਰਮਹਿਲੀਆਂ ਦੀ ਚਿੱਟੀ



ਕੋਠੀ ਦੇ ਸਾਹਮਣੇ 'ਨਵਾਂ ਜ਼ਮਾਨਾ' ਅਤੇ ਭਾਰਤੀ ਕਮਿਊਨਿਸਟ ਪਾਰਟੀ, ਪੰਜਾਬ ਦਾ ਦਫ਼ਤਰ ਸੀ, ਹੁਣ ਨਵਾਂ ਹੇਠਾਂ ਪ੍ਰੈੱਸ ਸੱਜੇ ਪਾਸਿਉਂ ਪੌੜੀਆਂ ਚੜ੍ਹ ਕੇ ਪਹਿਲੀ ਮੰਜ਼ਿਲ ਪਰ ਦਫ਼ਤਰ ਨਵਾਂ ਜ਼ਮਾਨਾ ਅਤੇ ਅੱਗੇ ਜਾ ਕੇ ਭਾਰਤੀ ਕਮਿਊਨਿਸਟ ਪਾਰਟੀ ਦੀ ਸੂਬਾ ਕਮੇਟੀ ਦਾ ਦਫ਼ਤਰ। ਸੂਬਾ ਕਮੇਟੀ ਦੇ ਦਫ਼ਤਰ ਵਿਖੇ ਮੇਰਾ ਮਿੱਤਰ ਰਘਬੀਰ ਸਿੰਘ ਦਫ਼ਤਰ ਸਕੱਤਰ ਦੇ ਰੂਪ ਵਿਚ ਤਾਇਨਾਤ ਸੀ। ਰਘਬੀਰ ਅੱਜ ਕੱਲ੍ਹ ਡਾ. ਰਘਬੀਰ ਸਿੰਘ ਸੰਪਾਦਕ ਸਿਰਜਣਾ ਹੈ।

ਰਘਬੀਰ ਸਿੰਘ ਨੂੰ ਮਿਲਣ ਗਿਆ ਤਾਂ ਉਸਨੇ ਸੰਪਾਦਕੀ ਮੰਡਲ ਵਿਚ ਬੈਠੇ ਸੁਰਜਨ ਜ਼ੀਰਵੀ ਅਤੇ ਸੁਹੇਲ ਸਿੰਘ ਨਾਲ ਜਾਣਕਾਰੀ ਕਰਵਾਈ। ਕਾਮਰੇਡ ਹਰਕਿਸ਼ਨ ਸਿੰਘ ਸੁਰਜੀਤ ਪਾਰਟੀ ਸੈਕਟਰੀ ਸਨ ਅਤੇ ਕਾ. ਜਗਜੀਤ ਸਿੰਘ ਅਨੰਦ ਮੁੱਖ ਸੰਪਾਦਕ ਸਨ। ਕਾਮਰੇਡ ਸੋਹਨ ਸਿੰਘ ਜੋਸ਼ ਅਤੇ ਅਰਜਨ ਸਿੰਘ ਗੜਗੱਜ ਦੀਆਂ ਸੇਵਾਵਾਂ ਵੀ 'ਨਵਾਂ ਜ਼ਮਾਨਾ' ਨੂੰ ਪ੍ਰਾਪਤ ਸੀ।

ਸੰਪਾਦਕੀ ਮੰਡਲ ਇਕ ਵੱਡੇ ਕਮਰੇ ਵਿਚ ਬੈਠਦਾ। ਇਕ ਵੱਡੇ ਮੇਜ਼ ਦੁਆਲੇ ਛੇ ਸੱਤ ਕੁਰਸੀਆਂ। ਸਾਹਮਣੇ ਸੁਰਜਨ ਜ਼ੀਰਵੀ ਅਤੇ ਆਲੇ-ਦੁਆਲੇ ਸਹਿ ਸੰਪਾਦਕ ਬੈਠਦੇ।

ਕਾਮਰੇਡ ਸੁਹੇਲ ਸਿੰਘ ਉਸ ਸਮੇਂ 'ਸੁਹੇਲ ਅੰਮ੍ਰਿਤਸਰੀ' ਸੀ। ਨਵਾਂ ਜ਼ਮਾਨਾ ਦੀ ਸੰਪਾਦਨਾ ਉਸਦੀ ਡਿਊਟੀ ਜਾਂ ਕਰਤੱਵ ਸੀ ਅਤੇ ਉਸਦਾ ਸ਼ੌਕ ਕਹਾਣੀ ਲਿਖਣਾ ਸੀ। ਉਹ ਪੰਜਾਬ ਦੇ ਪਿੰਡਾਂ ਦੇ ਮਿਹਨਤੀ ਕਿਸਾਨਾਂ, ਖੇਤ ਮਜ਼ਦੂਰਾਂ ਅਤੇ ਤੀਜੇ ਦਰਜੇ ਦੇ ਕਰਮਚਾਰੀਆਂ ਦੀਆਂ ਹੱਡਬੀਤੀਆਂ, ਦੁੱਖਾਂ, ਦਰਦਾਂ ਅਤੇ ਮਜਬੂਰੀਆਂ ਨੂੰ ਆਪਣੀਆਂ ਕਹਾਣੀਆਂ ਦੇ ਵਿਸ਼ੇ ਬਣਾਉਂਦਾ। ਪੰਜਾਬ ਪੁਲਸ ਦੀ ਲੁੱਟ ਅਤੇ ਕੁੱਟ ਨੂੰ ਵੀ ਨਿਸੰਗ ਪ੍ਰਗਟ ਕਰਦਾ।

ਸੁਹੇਲ ਸਿੰਘ ਕਹਾਣੀ ਲਿਖਦਾ। ਆਉਂਦੇ ਐਤਵਾਰ ਦੇ ਨਵਾਂ ਜ਼ਮਾਨਾ ਜਾਂ ਕਿਸੇ ਹੋਰ ਦੈਨਿਕ ਪੱਤਰ ਵਿਚ ਛਾਈ ਹੁੰਦੀ। ਛੇਤੀ ਹੀ ਪ੍ਰਕਾਸ਼ਿਤ ਹੋਣ ਕਾਰਨ ਉਸ ਦੀਆਂ ਕਹਾਣੀਆਂ ਮਾਂਜਣ, ਸੰਵਾਰਨ ਅਥਵਾ ਵਾਰ-ਵਾਰ ਪੜ੍ਹਨ ਅਤੇ ਸੋਧਣ ਸਮਝਣ ਦੀ ਘਾਟ ਕਾਰਨ ਵਿਸ਼ੇ ਦੀ ਉਤਮਤਾ ਹੋਣ ਦੇ ਬਾਵਜੂਦ ਤਕਨੀਕੀ ਪੱਖੋਂ ਕਮਜ਼ੋਰ ਜਾਂ ਕੱਚੀਆਂ ਰਹਿ ਜਾਂਦੀਆਂ। ਇਸੇ ਕਰਕੇ ਅਤੇ ਨਵਾਂ ਜ਼ਮਾਨਾ ਅਤੇ ਫਿਰ 'ਲੋਕ ਲਹਿਰ' ਦੀਆਂ ਸੰਪਾਦਨ ਜ਼ਿੰਮੇਵਾਰੀਆਂ ਅਤੇ ਰੁਝੇਵਿਆਂ ਕਰਕੇ ਉਹਦਾ ਧਿਆਨ ਕਹਾਣੀ ਵੱਲੋਂ ਹਟ ਗਿਆ ਅਤੇ ਸੰਪਾਦਕੀਆਂ ਵੱਲ ਬਹੁਤਾ ਹੋ ਗਿਆ ਤੇ ਹੌਲ਼ੀ-ਹੌਲ਼ੀ ਉਹ ਕਹਾਣੀ ਸੰਸਾਰ ਤੋਂ ਦੂਰ ਚਲਾ ਗਿਆ।

ਇਹ ਉਹ ਸਮਾਂ ਸੀ ਜਦੋਂ ਪੰਜਾਬ ਹੀ ਨਹੀਂ ਭਾਰਤ ਭਰ ਦੇ ਪ੍ਰਗਤੀਸ਼ੀਲ ਅਤੇ ਸੰਘਰਸ਼ ਕਰ ਰਹੇ ਨੌਜਵਾਨਾਂ ਨੂੰ ਇਹ ਵਿਸ਼ਵਾਸ ਸੀ ਕਿ ਛੇਤੀ ਹੀ ਕਮਿਊਨਿਸਟ ਹਨੇਰੀ ਨਾਲ ਕ੍ਰਾਂਤੀ ਅਥਵਾ ਇਨਕਲਾਬ ਆਉਣ ਵਾਲਾ ਹੈ। ਇਨਕਲਾਬ ਆਉਣ ਤੇ ਜਨ ਸਾਧਾਰਨ ਅਤੇ ਦੱਬੇ-ਕੁਚਲੇ ਕਿਰਤੀ ਤੇ ਮਜ਼ਦੂਰ ਵਰਗ ਦੇ ਦੁੱਖ ਦੂਰ ਹੋ ਜਾਣਗੇ।

ਕਾਮਰੇਡ ਸੁਹੇਲ ਹੀ ਨਹੀਂ ਬਹੁਗਿਣਤੀ ਪ੍ਰਪੱਕ ਚਿੰਤਕ ਵੀ ਇਹੀ ਕਲਪਨਾ ਕਰਦੇ

ਸਨ ਕਿ ਇਨਕਲਾਬ ਔਹ ਆਇਆ ਖੜ੍ਹਾ ਹੈ।

1962 ਈ: ਵਿਚ ਭਾਰਤ ਚੀਨ ਸਰਹੱਦੀ ਵਿਵਾਦ ਜੰਗ ਦਾ ਰੂਪ ਧਾਰਨ ਕਰ ਗਿਆ। ਇਸੇ ਸਮੇਂ ਅੰਤਰਰਾਸ਼ਟਰੀ ਪੱਧਰ ਤੇ ਸਾਮਵਾਦੀ ਲਹਿਰ ਵਿਚ ਇਕ ਵੱਡਾ ਵਿਚਾਰਧਾਰਕ ਦੋਫਾੜ ਪੈ ਗਿਆ।

ਕਮਿਊਨਿਸਟ ਸਮਾਜ ਦੋ ਭਾਗਾਂ ਵਿਚ ਵੰਡਿਆ ਗਿਆ। ਸੰਸਾਰ ਪੱਧਰ ਤੇ ਕਮਿਊਨਿਸਟ ਪਾਰਟੀਆਂ ਦੋ ਭਾਗਾਂ ਵਿਚ ਵੰਡੀਆਂ ਗਈਆਂ। ਭਾਰਤ ਵਿਚ ਵੀ ਦੋ। ਭਾਰਤੀ ਕਮਿਊਨਿਸਟ ਪਾਰਟੀ ਅਤੇ ਭਾਰਤੀ ਕਮਿਊਨਿਸਟ ਪਾਰਟੀ (ਮਾਰਕਸਵਾਦੀ)। ਅਥਵਾ C.P.I ਅਤੇ C.P.I.M

ਗਰਮ ਵਿਚਾਰਧਾਰਾ ਵਾਲੇ ਵਿਅਕਤੀ ਸੀ. ਪੀ. ਐਮ. ਨਾਲ ਜਾ ਖੜ੍ਹੇ ਹੋਏ। ਕਾ. ਸੁਹੇਲ ਵੀ ਆਪਣੇ ਸੀ.ਪੀ.ਐਮ. ਦੇ ਸਾਥੀਆਂ ਨਾਲ ਸੀ। 'ਨਵਾਂ ਜ਼ਮਾਨਾ' ਸੀ.ਪੀ.ਆਈ. ਪਾਸ ਰਹਿ ਗਿਆ। ਕਾ. ਹਰਕਿਸ਼ਨ ਸਿੰਘ ਸੁਰਜੀਤ ਦੀ ਅਗਵਾਈ ਵਿਚ ਕਮਿਊਨਿਸਟ ਪਾਰਟੀ ਮਾਰਕਸਵਾਦੀ ਨੇ ਆਪਣਾ ਪਰਚਾ 'ਲੋਕ ਲਹਿਰ' ਪ੍ਰਕਾਸ਼ਿਤ ਕਰਨਾ ਆਰੰਭਿਆ। ਪਹਿਲਾਂ ਲੋਕ ਲਹਿਰ ਸਪਤਾਹਿਕ ਅਤੇ ਫਿਰ ਰੋਜ਼ਾਨਾ ਲੋਕ ਲਹਿਰ।

ਇਹ ਨਵੇਂ ਕ੍ਰਾਂਤੀਕਾਰੀ ਪਰਚੇ 'ਲੋਕ ਲਹਿਰ' ਦੀ ਪੂਰੀ ਜ਼ਿੰਮੇਵਾਰੀ ਕਾਮਰੇਡ ਸੁਹੇਲ ਨੇ ਸੰਭਾਲੀ। ਦਫ਼ਤਰ ਸਥਾਪਿਤ ਕਰਨ ਤੋਂ ਲੈ ਕੇ ਸੰਪਾਦਕ ਅਤੇ ਪਰੂਫ ਰੀਡਿੰਗ ਤੱਕ। ਬਲਿਟਸ ਹੋਟਲ ਦੇ ਨਾਲ ਲੱਗਦੀ ਭੀੜੀ ਜਿਹੀ ਗਲ਼ੀ ਵਿਚ ਹੇਠਾਂ ਪ੍ਰੈਸ ਅਤੇ ਉੱਪਰ ਇਕ ਨਿੱਕੇ ਜਿਹੇ ਚੁਬਾਰੇ ਵਿਚ ਸੰਪਾਦਕੀ ਮੰਡਲ ਦਾ ਦਫ਼ਤਰ।

ਸੁਹੇਲ ਦੀ ਮਿਹਨਤ, ਲਗਨ ਅਤੇ ਸੰਪਾਦਨ ਸੂਝ ਨਾਲ ਛੇਤੀ ਹੀ 'ਲੋਕ ਲਹਿਰ' ਪੰਜਾਬ ਅਤੇ ਪੰਜਾਬੋਂ ਬਾਹਰਲੇ ਪੰਜਾਬੀ ਸੰਸਾਰ ਵਿਚ ਹਰਮਨ ਪਿਆਰਾ ਹੋ ਗਿਆ।

ਫਿਰ ਆਏ ਪੰਜਾਬ ਦੇ ਕਾਲੇ ਦਿਨ। ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੀ ਹੈਂਕੜਬਾਜ਼, ਜਨ ਸਾਧਾਰਨ ਵਿਰੁੱਧ ਡਿਕਟੇਟਰਾਨਾ ਅਤੇ ਮਾਰੂ ਨੀਤੀਆਂ ਦੇ ਦਿਨ ਨਾਲ ਹੀ ਪੰਜਾਬ ਵਿਚ ਜਰਨੈਲ ਸਿੰਘ ਭਿੰਡਰਾਂਵਾਲੇ ਅਤੇ ਕੁਝ ਹੋਰ ਕੱਟੜ ਲੋਕਾਂ ਵਲੋਂ ਚਲਾਈ ਅਖੌਤੀ ਖ਼ਾਲਿਸਤਾਨ ਦੀ ਲਹਿਰ।

ਸੁਹੇਲ ਦੇ ਮਿਸ਼ਨ ਦੀ ਸਫ਼ਲਤਾ ਅਤੇ ਦ੍ਰਿੜ੍ਹ ਇਰਾਦੇ ਪਿੱਛੇ ਪ੍ਰੇਰਣਾ ਸ਼ਕਤੀ ਉਸਦੀ ਜੀਵਨ ਸਾਥਣ ਰਘਬੀਰ ਕੌਰ ਸੀ। ਉਹ ਹਰ ਪ੍ਰਕਾਰ ਦੇ ਸੁੱਖ ਅਤੇ ਇਛਾਵਾਂ ਦਾ ਤਿਆਗ ਕਰਕੇ ਉਸਦੇ ਹਰ ਕਦਮ ਨਾਲ ਕਦਮ ਮਿਲਾਉਂਦੀ ਉਹਦੇ ਅੰਗ ਸੰਗ ਰਹੀ। ਉਹਦੇ ਨਾਲ ਘਰ ਗ੍ਰਹਿਸਤੀ ਦੇ ਹਰ ਸੰਕਟ ਵਿਚ ਅਡੋਲ ਰਹੀ।

ਸੁਹੇਲ ਨੂੰ ਯਾਦ ਕਰਦਿਆਂ ਉਸਦੇ ਕਈ ਕੌਤਕ ਯਾਦ ਆਉਂਦੇ ਹਨ। ਕੌਤਕਾਂ ਦੀ ਵਿਚਾਰਧਾਰਾ ਨਾਲ ਕਮਿਊਨਿਸਟ ਸਹਿਮਤ ਨਹੀਂ ਹਨ। ਸੁਹੇਲ ਆਪ ਵੀ ਸਹਿਮਤ ਨਹੀਂ ਸੀ। ਸੋ ਅਸੀਂ ਕੌਤਕ ਨਾ ਕਹਿ ਕੇ 'ਕਾਰਨਾਮੇ' ਸ਼ਬਦ ਵਰਤ ਲੈਂਦੇ ਹਾਂ।

ਸੱਠਵਿਆਂ ਵਿਚ ਪੰਜਾਬ ਵਿਚ ਕਾਂਗਰਸ ਦਾ ਰਾਜ ਸੀ। ਪ੍ਰਤਾਪ ਸਿੰਘ ਕੈਰੋਂ ਦਾ ਰਾਜ। ਕੈਰੋਂ ਸਰਕਾਰ ਵੱਲੋਂ ਪੰਜਾਬੀ ਕਿਸਾਨਾਂ ਉੱਤੇ ਖੁਸ਼ਹੈਸੀਅਤੀ (Betterment Levy) ਦੇ ਨਾਂ 'ਤੇ ਟੈਕਸ ਲਾ ਦਿੱਤਾ ਗਿਆ। (ਕਿਸਾਨ ਖੁਸ਼ਹਾਲ ਹੋ ਗਏ ਹਨ ਇਸ



ਲਈ ਇਹ ਵਾਧੂ ਟੈਕਸ ਦੇਣ) ਇਸ ਵਿਰੁੱਧ ਲੋਕ ਆਵਾਜ਼ ਉੱਠੀ। ਕਮਿਊਨਿਸਟ ਪਾਰਟੀ ਪ੍ਰਭਾਵਿਤ ਪੰਜਾਬ ਕਿਸਾਨ ਸਭਾ ਵਲੋਂ ਉਪਰੋਕਤ ਟੈਕਸ ਵਿਰੁੱਧ ਸੱਤਿਆਗ੍ਰਹਿ ਆਰੰਭ ਦਿੱਤਾ ਗਿਆ। ਕਮਿਊਨਿਸਟ ਅਤੇ ਕਿਸਾਨ ਆਗੂਆਂ ਨੂੰ ਸੈਂਕੜਿਆਂ ਦੀ ਗਿਣਤੀ ਵਿਚ ਫੜ ਕੇ ਜਾਂ ਚੁੱਕ ਕੇ ਜੇਲ੍ਹਾਂ ਵਿਚ ਸੁੱਟ ਦਿੱਤਾ ਗਿਆ। ਕੁਝ ਆਗੂ ਅਗਿਆਤਵਾਸ ਕਰ ਗਏ ਅਤੇ ਗੁਪਤ ਰਹਿ ਕੇ ਅੰਦੋਲਨ ਦਾ ਪ੍ਰਬੰਧ ਕਰਦੇ।

ਹਰ ਰੋਜ਼ ਹਰ ਜ਼ਿਲ੍ਹਾ ਮੁੱਖ ਸਥਾਨ 'ਤੇ ਕਿਸਾਨ ਆਉਂਦੇ। ਕਚਹਿਰੀਆਂ ਪਾਸ ਲਾਈ ਗਈ 'ਦਫ਼ਾ 144' ਦਾ ਉਲੰਘਣ ਕਰਕੇ ਨਾਅਰੇ ਲਾਉਂਦੇ ਅਤੇ ਗ੍ਰਿਫ਼ਤਾਰ ਹੁੰਦੇ। ਸੁਹੇਲ ਨਵਾਂ ਜ਼ਮਾਨਾ ਦੇ ਦਫ਼ਤਰ ਵਿਚ ਬੈਠਾ ਅੰਦੋਲਨ ਦੀਆਂ ਖ਼ਬਰਾਂ ਛਾਪਦਾ। ਹਰ ਰੋਜ਼ ਹਜ਼ਾਰਾਂ ਦੀ ਗਿਣਤੀ ਵਿਚ ਕਿਸਾਨ ਜੇਲ੍ਹਾਂ 'ਚ ਜਾਂਦੇ। ਜੇਲ੍ਹਾਂ ਭਰ ਗਈਆਂ।

......... ਨਾਲ਼ ਹੀ ਇਕ ਦਿਨ ਕਿਸੇ ਕਾਰਨ ਕੋਈ ਵੀ ਕਿਸਾਨ ਜੱਥਾ ਗ੍ਰਿਫ਼ਤਾਰੀ ਵਾਸਤੇ ਨਾ ਪਹੁੰਚਿਆ। ਜਲੰਧਰ ਦੀਆਂ ਅਖ਼ਬਾਰਾਂ ਵਾਲੇ ਅਤੇ ਸਮਾਚਾਰ ਏਜੰਸੀਆਂ ਵੱਲੋਂ ਫੋਨ ਆਉਣ ਲੱਗੇ। ਸਭ ਨਵਾਂ ਜ਼ਮਾਨਾ ਤੋਂ ਪੁੱਛਣ "ਅੱਜ ਕਿਸਾਨ ਸਤਿਆਗ੍ਰਹਿ ਦਾ ਕੀ ਬਣਿਆ?"

ਸੁਹੇਲ ਨੇ ਕਈ ਪਾਰਟੀ ਸੋਮਿਆਂ ਨੂੰ ਟੈਲੀਫੋਨ ਕੀਤੇ। ਕਿਸੇ ਨੂੰ ਕੁਝ ਨਹੀਂ ਸੀ ਪਤਾ। ਮੈਂ ਉਸਦੇ ਪਾਸ ਬੈਠਾ ਸੁਹੇਲ ਦੇ ਚਿਹਰੇ ਦੇ ਹਾਵ ਭਾਵ ਦੇਖ ਰਿਹਾ ਸਾਂ। ਅਚਾਨਕ ਉਸਨੇ ਟੈਲੀਫੋਨ ਚੁੱਕਿਆ : ਹੈਲੋ... ਹਿੰਦ ਸਮਾਚਾਰ?" "ਹੈਲੋ... ਪੀ.ਟੀ.ਆਈ.?" ਸਮਚਾਰ ਏਜੰਸੀਆਂ ਅਤੇ ਸਮਾਚਾਰ ਪੱਤਰਾਂ ਨੂੰ ਦੱਸਿਆ: ਫਗਵਾੜੇ ਵਲੋਂ ਆ ਰਹੇ ਪੰਜਾਹ ਕਿਸਾਨਾਂ ਦੇ ਜੱਥੇ ਨੂੰ ਚਹੇੜੂ ਲਾਗੇ ਪੁਲਸ ਨੇ ਘੇਰ ਲਿਆ। ਬੱਸਾਂ ਵਿਚ ਲੱਦ ਕੇ ਕਿਸੇ ਅਣਦੱਸੀ ਥਾਂ ਲੈ ਗਏ।

ਅਗਲੇ ਦਿਨ ਦੀਆਂ ਸਾਰੀਆਂ ਅਖ਼ਬਾਰਾਂ ਦੀਆਂ ਸੁਰਖੀਆਂ ਸਨ: "ਕਿਸਾਨ ਜੱਥਾ ਚਹੇੜੂ ਲਾਗੇ ਗ੍ਰਿਫ਼ਤਾਰ... ਪੁਲਸ ਚੁੱਕ ਕੇ ਅਣਦੱਸੀ ਥਾਂ ਲੈ ਗਈ।"

ਉਸ ਤੋਂ ਅਗਲੇ ਦਿਨ ਬਾਅਦ ਕਿਸਾਨ ਗ੍ਰਿਫ਼ਤਾਰੀਆਂ ਨਿਰੰਤਰ ਹੁੰਦੀਆਂ ਰਹੀਆਂ।

ਉਹ ਜਦੋਂ ਫੋਨ ਕਰ ਰਿਹਾ ਸੀ ਮੈਂ ਬਹੁਤ ਹੀ ਹੈਰਾਨੀ ਨਾਲ ਉਸ ਵੱਲ ਵੇਖ ਰਿਹਾ ਸਾਂ। ਆਪਣਾ ਟੈਲੀਫੋਨ ਰੱਖ ਕੇ ਉਹ ਬੋਲਿਆ, "ਸੁਰਿੰਦਰ ਗਿੱਲ! ਇਹ ਕਵਿਤਾ ਨਹੀਂ ਹੈ, ਰਾਜਨੀਤੀ ਹੈ।"

ਮੋਰਚਾ ਸਮਾਪਤ ਹੋਇਆ। ਕਮਿਊਨਿਸਟ ਆਗੂ ਜੇਲ੍ਹਾਂ 'ਚੋਂ ਵਾਪਸ ਪਰਤੇ। ਨਵਾਂ ਜ਼ਮਾਨਾ ਦੇ ਦਫ਼ਤਰ ਪਰਤਦੇ ਆਗੂ ਆਪਣੇ ਆਪ ਨੂੰ ਨਾਇਕ ਸਮਝਦੇ। ਇਕ ਸਾਧਾਰਨ ਮਿਲਣੀ ਸਮੇਂ ਜੇਲ੍ਹ ਵਿਚੋਂ ਆਏ ਇਕ ਆਗੂ ਨੇ ਆਪਣੇ ਨਾਇਕਤਵ ਨੂੰ ਉਜਾਗਰ ਕਰਦਿਆਂ ਕਿਹਾ, "ਹੂੰ! ਤੁਹਾਨੂੰ ਸੰਗਰਾਮ ਦਾ ਕੀ ਪਤਾ? ਤੁਸੀਂ ਮੌਜ ਨਾਲ ਬੈਠੇ ਖ਼ਬਰਾਂ ਲਿਖਦੇ ਰਹੇ ਹੋ!"

ਸੁਹੇਲ ਮੁਸਕਰਾਇਆ ਤੇ ਬੋਲਿਆ:

"ਕਾਮਰੇਡ ਜੀ! ਅਸੀਂ ਕਿਸਾਨ ਜੱਥਿਆਂ ਦਾ ਪ੍ਰਬੰਧ ਕਰਦੇ ਰਹੇ ਹਾਂ...।"

"ਕਿਹੜੇ ਜੱਥੇ?" ਲੀਡਰ ਨੇ ਵਿਅੰਗ ਕੀਤਾ।

ਸੁਹੇਲ ਨੇ ਸਬੰਧਤ ਅਖ਼ਬਾਰਾਂ ਕੱਢੀਆਂ ਤੇ ਆਗੂ ਨੂੰ ਪੜ੍ਹਨ ਵਾਸਤੇ ਕਿਹਾ। ਨਾਲ ਹੀ ਮਾਣ ਨਾਲ ਕਿਹਾ: "ਇਹ ਜੱਥਾ ਮੇਰਾ ਭੇਜਿਆ ਹੋਇਐ। ਤੁਹਾਡੀ ਐਜੀਟੇਸ਼ਨ ਠੁੱਸ ਹੋ ਜਾਣੀ ਸੀ।" ਆਗੂ ਨਿਰੁੱਤਰ ਹੋ ਗਿਆ ਤੇ ਪ੍ਰਸੰਸਾਮਈ ਲਹਿਜ਼ੇ ਵਿਚ ਸੁਹੇਲ ਵੱਲ ਦੇਖਣ ਲੱਗਾ। ਥੋੜ੍ਹੇ ਚਿਰ ਪਿੱਛੋਂ ਕਿਸਾਨ ਆਗੂ ਨੂੰ ਜਦੋਂ ਸਾਥੀ ਰਾਜਨੀਤਕ ਸਥਿਤੀ ਦੀ ਸਮਝ ਆਈ ਤਾਂ ਬੋਲਿਆ:

"ਆਹ ਤਾਂ ਬਈ ਕਾਮਰੇਡ ਸੁਹੇਲ! ਤੂੰ ਕਿਸਾਨ ਸਭਾ ਦੀ ਲਾਜ ਰੱਖ ਲਈ..."

ਇਕ ਘਟਨਾ ਸ਼ਾਇਦ ਮਈ 1965 ਈ: ਦੀ। ਸਾਡੇ ਮਿੱਤਰ ਤੇ ਪ੍ਰਸਿੱਧ ਭਾਸ਼ਾ ਵਿਗਿਆਨੀ ਪ੍ਰੋ. ਜੁਗਿੰਦਰ ਸਿੰਘ ਪੁਆਰ (ਹੁਣ ਡਾ. ਜੁਗਿੰਦਰ ਸਿੰਘ ਪੁਆਰ, ਸੇਵਾਮੁਕਤ ਵਾਈਸ ਚਾਂਸਲਰ ਪੰਜਾਬੀ ਯੂਨੀਵਰਸਿਟੀ ਪਟਿਆਲਾ) ਦੇ ਸ਼ੁਭ ਵਿਆਹ ਦੀ ਖੁਸ਼ੀ ਵਿਚ ਇਕ 'ਸਲੇਟੀ ਸ਼ਾਮ' ਦਾ ਆਯੋਜਨ ਕੀਤਾ ਗਿਆ। ਰਘਬੀਰ ਸਿੰਘ ਸਿਰਜਣਾ, ਕਾ. ਹਰਦਿਆਲ, ਸੁਹੇਲ ਸਿੰਘ ਅਤੇ ਮੈਂ ਜਲੰਧਰ ਤੋਂ, ਜਲੰਧਰ-ਹੁਸ਼ਿਆਰਪੁਰ ਸੜਕ 'ਤੇ ਪੈਂਦੇ ਪ੍ਰੋ. ਜੁਗਿੰਦਰ ਦੇ ਪਿੰਡ ਲੱਧੇਵਾਲੀ ਪਹੁੰਚੇ। (ਉਦੋਂ ਸਾਡੀ ਮੰਡਲੀ 'ਚ ਜੁਗਿੰਦਰ ਸਿੰਘ ਹੀ ਇਕੋ ਇਕ ਲੈਕਚਰਾਰ ਸੀ ਅਤੇ ਸਾਰੇ ਉਸਨੂੰ ਪ੍ਰੋ. ਕਰਕੇ ਹੀ ਜਾਣਦੇ ਸਨ)

ਪਿੰਡ ਲੱਧੇਵਾਲੀ ਵਿਖੇ ਪ੍ਰੋ. ਦੇ ਘਰ ਦੇ ਬਾਹਰ ਖੁੱਲ੍ਹੇ ਮੈਦਾਨ ਵਿਚ ਕਨਾਤਾਂ ਲਾ ਕੇ ਬੈਠਣ ਦਾ ਪ੍ਰਬੰਧ ਸੀ। ਦੋਸਤ ਇਕੱਠੇ ਹੋਏ, "ਮੁਬਾਰਕਬਾਦ, ਵਧਾਈਆਂ..." ਸ਼ਾਮਿਆਨੇ ਹੇਠ ਮੇਜ਼ ਅਤੇ ਕੁਰਸੀਆਂ ਪਰ ਸਜ ਗਏ। ਠੰਢੀ ਬੀਅਰ ਵਰਤਾਈ ਜਾਣ ਲੱਗੀ ਨਾਲ ਕੁਝ ਲੂਣਾ ਅਤੇ ਗਰਮਾ-ਗਰਮਾ ਚੁਟਕਲੇਬਾਜ਼ੀ ਜਾਂ ਰਾਜਨੀਤਕ ਟੋਟਕੇ। ਬੀਅਰ ਦਾ ਤੀਜਾ ਗਲਾਸ ਪੀਣ ਪਿੱਛੋਂ ਕਾਮਰੇਡ ਸੁਹੇਲ ਪ੍ਰੋ. ਜੁਗਿੰਦਰ ਸਿੰਘ ਵੱਲ ਸੰਬੋਧਿਤ ਹੋਇਆ: "ਪ੍ਰੋ. ਜੁਗਿੰਦਰ! ਗੱਲ ਸੁਣੀ ਜ਼ਰਾ!"

"ਹਾਂ! ਹਾਂ! ਸਭ ਆਪਣੇ ਹੀ ਬੰਦੇ ਆ। ਤੂੰ ਗੱਲ ਕਰ।" ਪ੍ਰੋ. ਜੁਗਿੰਦਰ ਸਿੰਘ ਪੁਆਰ ਨੇ ਉੱਤਰ ਦਿੱਤਾ।

"ਤੂੰ ਕਹਿੰਦਾ ਸੀ ਗਲਾਸ ਲਾਵਾਂਗੇ?" ਸੁਹੇਲ ਨੇ ਪ੍ਰਸ਼ਨ ਕੀਤਾ।

"ਹਾਂ! ਹਾਂ! ਪੀ ਤਾਂ ਰਹੇ ਹਾਂ..." ਪ੍ਰੋ. ਸਾਹਿਬ ਦਾ ਸੰਖੇਪ ਉੱਤਰ ਸੀ।

"ਮੇਰਾ ਮਤਲਬ ਆ... ਇਹ 'ਬੱਤੇ ਸ਼ੱਤੇ' ਹੀ ਚੱਲਣਗੇ ਜਾਂ ਦਾਰੂ ਵੀ... ਆਊਗੀ?" ਸੁਹੇਲ ਸਹਿਜ ਨਾਲ ਬੋਲਿਆ।

ਸਾਰੀ ਕਾਇਨਾਤ ਵਿਚ ਇਕ ਜ਼ੋਰਦਾਰ ਠਹਾਕਾ ਗੂੰਜਿਆ।

"ਓਏ ਮੁੰਡਿਆ! ਜਾਹ ਇਹਦੇ ਵਾਸਤੇ ਵਿਸਕੀ ਲੈ ਆ ਓਏ।" ਪ੍ਰੋ. ਸਾਹਿਬ ਦੇ ਇਕ ਵਰਤਾਵੇ ਨੂੰ ਹੁਕਮ ਦਿੱਤਾ।

ਮਾਝੇ ਦੇ ਜੰਮਪਲ, ਇਕ ਕਿਸਾਨ ਪਰਿਵਾਰ ਵਿਚ ਜਨਮੇ ਸੁਹੇਲ ਲਈ ਬੀਅਰ ਕੇਵਲ ਸੋਡੇ ਦੀ ਬੋਤਲ ਹੀ ਸੀ। ਵਿਸਕੀ ਦਾ ਗਲਾਸ ਪੀ ਕੇ ਹੀ ਉਸਦੀ ਸੰਤੁਸ਼ਟੀ ਹੋਈ। ਸੁਹੇਲ ਨਾਲ ਕਈ ਹੋਰਾਂ ਨੇ ਵੀ ਆਪਣੀਆਂ ਅੱਖਾਂ ਲਾਲ ਕਰ ਲਈਆਂ।

ਉਪਰੋਕਤ ਮੌਕਾ ਤਾਂ ਵਰ੍ਹੇ ਛਿਮਾਹੀ ਹੀ ਆਉਂਦਾ ਸੀ। ਉਹਦਾ ਨਿੱਕ ਕਰਮ ਘੰਟਿਆਂ ਬੱਧੀ ਅਖ਼ਬਾਰਾਂ ਅਤੇ ਰਾਜਨੀਤਕ ਪਰਚੇ ਪੜ੍ਹਨਾ, ਵਿਸ਼ਲੇਸ਼ਣ ਕਰਨਾ ਅਤੇ ਕੁਝ ਸਾਰਥਕ ਸਿੱਟੇ ਕੱਢਣਾ ਸੀ। ਆਪਣੇ ਪਰਚੇ 'ਲੋਕ ਲਹਿਰ' ਵਾਸਤੇ ਖ਼ਬਰਾਂ, ਕਾਲਮ ਅਤੇ ਸੰਪਾਦਕੀ ਲਿਖਣਾ, ਪ੍ਰਕਾਸ਼ਿਤ ਕਰਵਾਉਣਾ ਅਤੇ ਸਮੇਂ ਸਿਰ ਸਮੁੱਚਾ ਪਰਚਾ ਤਿਆਰ ਕਰਵਾਉਣਾ ਸੀ। ਸ਼ਾਮ ਨੂੰ ਥੱਕਿਆ ਟੁੱਟਿਆ ਉਹ ਘਰ ਆਉਂਦਾ ਅਤੇ ਅਗਲੇ ਦਿਨ ਦੇਣ ਵਾਲੇ ਮਸੌਦੇ ਦੀ ਤਿਆਰੀ ਵਿਚ ਰੁੱਝ ਜਾਂਦਾ।

ਉਹ ਪਾਰਟੀ ਦਾ 'ਕੁੱਲਵਕਤੀ' ਜਾਂ (Whole Timer) 'ਹੋਲ ਟਾਈਮਰ' ਹੀ ਨਹੀਂ ਸੀ ਉਹ ਤਾਂ ਪਾਰਟੀ ਦਾ 'ਹਰ ਪਲ ਟਾਈਮਰ' ਜਾਂ 'ਪਲ ਪਲ ਟਾਈਮਰ' ਸੀ।

ਸੁਹੇਲ ਦੀ ਜੀਵਨ ਸਾਥਣ ਰਘਬੀਰ ਕੌਰ ਨੇ ਪਿੰਡ ਵਿਚੋਂ ਜਲੰਧਰ ਆ ਕੇ ਇਥੋਂ ਦੀ ਸਮਾਜਿਕ, ਰਾਜਨੀਤਕ ਜ਼ਿੰਦਗੀ ਦੇਖੀ, ਸਮਝੀ ਅਤੇ ਜਾਣੀ। ਤੋਟਾਂ ਤੰਗੀਆਂ ਦਾ ਜੀਵਨ ਜਿਉਂਦਿਆਂ, ਬੀ.ਏ. ਲਾਇਬਰੇਰੀ ਸਾਇੰਸ ਦੀ ਡਿਗਰੀ, ਐਮ.ਏ. ਅਤੇ ਫਿਰ ਪੀ.ਐਚ.ਡੀ. (Ph.D.) ਤੱਕ ਦੀਆਂ ਉੱਚ ਡਿਗਰੀਆਂ ਪ੍ਰਾਪਤ ਕੀਤੀਆਂ।

ਪਰ ਅਫ਼ਸੋਸ! ਸਾਡਾ ਮਿੱਤਰ ਕਾ. ਸੁਹੇਲ ਸਿੰਘ ਭਰ ਜਵਾਨੀ ਵਿਚ ਹੀ ਆਪਣੀ ਪਤਨੀ, ਆਪਣੀਆਂ ਬੱਚੀਆਂ, ਰਿੰਕਲ, ਸਿੰਮੀ ਅਤੇ ਸਾਨੂੰ ਸਾਰਿਆਂ ਨੂੰ ਵਿਦਾ ਕਹਿ ਗਿਆ। ਦਿਲ ਦੀ ਨਾਮੁਰਾਦ ਮਰਜ਼ ਨੇ ਸਾਥੋਂ ਇਕ ਪਿਆਰਾ ਮਿੱਤਰ, ਇਕ ਸਿਰੜੀ ਮਨੁੱਖ ਅਤੇ ਇਕ ਨਾਮਵਰ ਪੱਤਰਕਾਰ ਖੋਹ ਲਿਆ। 8 ਮਾਰਚ, 1993 ਦਾ ਦਿਨ ਸਾਡੇ ਅਤੇ ਕਾਮਰੇਡ ਸੁਹੇਲ ਦੇ ਹਜ਼ਾਰਾਂ ਪਾਠਕਾਂ ਪ੍ਰਸ਼ੰਸਕਾਂ ਦੇ ਹਿਰਦੇ ਵਿਚ ਬਲ਼ਦੇ ਸਿਵੇ ਵਾਂਗ ਧੁੱਖਦਾ ਮੱਘਦਾ ਰਹੇਗਾ। ਸਾਡੇ ਦਿਲਾਂ ਵਿਚ ਉਹ ਅਜੇ ਵੀ ਜਿਉਂਦਾ ਹੈ।

1093 ਸੈਕਟਰ 63, ਮੁਹਾਲੀ (ਪੰਜਾਬ)
ਮੋਬਾ: 99154-73505

ਫ਼ਾਰਮ 4 ਨਿਯਮ 8

ਤਿਮਾਹੀ ਚਿਰਾਗ਼ ਬਾਰੇ ਜਾਣਕਾਰੀ

| | | | |
|---|---|---|---|
| 1. | ਪ੍ਰਕਾਸ਼ਨ ਸਥਾਨ | : | ਜਲੰਧਰ |
| 2. | ਪ੍ਰਕਾਸ਼ਨ ਕਾਲ | : | ਤ੍ਰੈਮਾਸਿਕ |
| 3. | ਪ੍ਰਕਾਸ਼ਕ ਤੇ ਮਾਲਕ | : | ਡਾ. ਅਨੂਪ ਸਿੰਘ<br>ਸ਼ਹੀਦ ਸਰਵਣ ਸਿੰਘ ਚੀਮਾ ਭਵਨ,<br>ਗੜ੍ਹਾ, ਜਲੰਧਰ (0181-2483033) |
| 4. | ਸੰਪਾਦਕ | : | ਹਰਭਜਨ ਸਿੰਘ ਹੁੰਦਲ<br>ਪਿੰਡ ਫੱਤੂ ਚੱਕ, ਡਾਕ: ਢਿਲਵਾਂ<br>ਜ਼ਿਲ੍ਹਾ ਕਪੂਰਥਲਾ (99150-42242) |

5. ਮੈਂ ਅਨੂਪ ਸਿੰਘ ਐਲਾਨ ਕਰਦਾ ਹਾਂ ਕਿ ਉਪਰ ਦਰਜ ਵੇਰਵੇ ਮੇਰੇ ਗਿਆਨ ਅਤੇ ਵਿਸ਼ਵਾਸ ਅਨੁਸਾਰ ਸਹੀ ਹਨ।

ਸਹੀ /-
(ਡਾ. ਅਨੂਪ ਸਿੰਘ)

# ਆਦਿ-ਕਥਨ

-ਸੁਹੇਲ

'ਸਚ ਕੀ ਬੇਲਾ' ਕਿਤਾਬਚੇ ਦੀਆਂ ਕਵਿਤਾਵਾਂ ਪੰਜਾਬ ਦੀ ਅਜੋਕੀ ਗੰਭੀਰ ਸਮੱਸਿਆ ਨਾਲ ਸਬੰਧਤ ਹਨ।

ਪੰਜਾਬ ਦੀ ਵਰਤਮਾਨ ਹਾਲਤ ਬਾਰੇ, ਨੀਲਾ ਤਾਰਾ ਅਪਰੇਸ਼ਨ ਤੋਂ ਬਾਦ ਪੰਜਾਬੀ ਸਾਹਿਤ ਵਿਚ ਕਵਿਤਾ ਦਾ ਜਿਵੇਂ ਹੜ੍ਹ ਆ ਗਿਆ ਹੈ। ਇਹ ਕਵੀਆਂ ਦੇ ਤੱਟ-ਫੱਟ ਪ੍ਰਤੀਕਰਮ ਦੀ ਉਪਜ ਹਨ। ਬਹੁਤ ਸਾਰੇ ਪੰਜਾਬੀ ਕਵੀ ਪੰਜਾਬ ਦੀ ਸਮੱਸਿਆ ਬਾਰੇ ਕਵਿਤਾਵਾਂ ਇਕ ਫੈਸ਼ਨ ਵਜੋਂ ਲਿਖ ਰਹੇ ਹਨ ਅਤੇ ਉਨ੍ਹਾਂ ਦਾ ਪ੍ਰਤੀਕਰਮ ਵੀ ਥੋੜ੍ਹੇ ਬਹੁਤੇ ਫ਼ਰਕ ਨਾਲ ਇਕੋ ਜਿਹਾ ਹੈ। ਅਜਿਹੀਆਂ ਰਚਨਾਵਾਂ ਦੀ ਪ੍ਰਧਾਨ ਸੁਰ ਵਿਰਲਾਪਮਈ ਹੈ ਜੋ ਅਸਲ ਸਥਿਤੀ ਬਾਰੇ ਇਕ-ਪਾਸੜ ਅਤੇ ਸਤਹੀ ਸਮਝ ਦਾ ਸਿੱਟਾ ਹੈ।

ਜੂਨ ਵਿਚ ਵਾਪਰੀਆਂ ਅੰਮ੍ਰਿਤਸਰ ਵਿਚਲੀਆਂ ਘਟਨਾਵਾਂ ਨੇ ਪੰਜਾਬ ਦੇ ਜਨ-ਸਾਧਾਰਨ ਦੇ ਜਜ਼ਬਿਆਂ ਨੂੰ ਡੂੰਘੀ ਸੱਟ ਮਾਰੀ ਸੀ ਅਤੇ ਪਿਛੋਂ ਨਵੰਬਰ ਵਿਚ ਦਿੱਲੀ ਦੇ ਕਤਲਾਮ ਨੇ ਦੂਰ-ਦੁਰਾਡੇ ਬੈਠੇ ਤੇ ਵਸਦੇ ਪੰਜਾਬੀ ਲੋਕਾਂ ਦੀ ਹੋਂਦ ਤੇ ਸੁਰੱਖਿਆ ਸਾਹਮਣੇ ਕਈ ਪ੍ਰਸ਼ਨ-ਚਿੰਨ੍ਹ ਖੜੇ ਕਰ ਦਿੱਤੇ ਹਨ। ਧਰਮ-ਨਿਰਪੇਖਤਾ ਦਾ ਪਿਛਲੇ ਵਰ੍ਹਿਆਂ ਵਿਚ ਉਸਰਿਆ ਸਾਰਾ ਅਡੰਬਰ ਇਨ੍ਹਾਂ ਘਟਨਾਵਾਂ ਦੇ ਧੱਕੇ ਨਾਲ ਢਹਿ-ਢੇਰੀ ਹੋ ਗਿਆ ਹੈ।

ਇਹ ਸਾਰਾ ਕੁਝ ਕਿਉਂ ਵਾਪਰਿਆ ਹੈ? ਘਿਰਨਾ ਦੀ ਇਹ ਫ਼ਸਲ ਕਦੋਂ ਬੀਜੀ ਗਈ? ਕਿਸ ਨੇ ਬੀਜੀ? ਅਤੇ ਕਿਹੜੇ ਜ਼ਹਿਰੀਲੇ ਪਾਣੀਆਂ ਨੇ ਇਹਨੂੰ ਰਾਤ ਦਿਨ ਸਿੰਜ-ਸਿੰਜ ਕੇ ਪਕਾਇਆ? ਇਸ ਸਾਰੀ ਪ੍ਰਕਿਰਿਆ ਦੀਆਂ ਚਾਲਕ ਸ਼ਕਤੀਆਂ ਕਿਹੜੀਆਂ ਹਨ? ਇਹ ਰੋਗ ਕਿੱਥੇ ਜਾ ਕੇ ਰੁਕੇਗਾ? ਇਹ ਸਾਰੇ ਪ੍ਰਸ਼ਨ ਸਾਧਾਰਣ ਪੰਜਾਬੀ ਵਸਨੀਕਾਂ ਲਈ ਵੀ ਉਨੇ ਹੀ ਗੰਭੀਰ ਤੇ ਚਿੰਤਾ ਦਾ ਕਾਰਨ ਹਨ ਜਿੰਨੇ ਬੁੱਧੀਜੀਵੀਆਂ ਅਤੇ ਲੇਖਕਾਂ ਲਈ।

ਪਿਛਲੇ ਤਿੰਨ-ਚਾਰ ਸਾਲਾਂ ਦੀਆਂ ਘਟਨਾਵਾਂ ਉੱਤੇ ਜੇ ਉੱਡਦੀ ਜਿਹੀ ਝਾਤ ਵੀ ਮਾਰੀਏ ਸਾਰੀ ਸਮਸਿੱਆ ਸੱਪਸ਼ਟ ਹੋ ਜਾਂਦੀ ਹੈ।

ਗੱਲ ਤੁਰੀ ਸੀ ਕੁਝ ਆਰਥਕ, ਸਿਆਸੀ ਅਤੇ ਸਭਿਆਚਾਰਕ ਮੰਗਾਂ ਨੂੰ ਲੈ ਕੇ ਪਰ ਪਹੁੰਚ ਕਿੱਥੇ ਦੀ ਕਿੱਥੇ ਗਈ ਹੈ।

ਪੂੰਜੀਵਾਦੀ ਆਰਥਕ ਪ੍ਰਬੰਧ ਅਤੇ ਇਸਨੂੰ ਮਜਬੂਤ ਕਰਨ ਦੀਆਂ ਨੀਤੀਆਂ ਅਧੀਨ, ਭਰਿਸ਼ਟਾਚਾਰ, ਬੇਰੁਜ਼ਗਾਰੀ ਅਤੇ ਜ਼ਰੂਰੀ ਵਸਤਾਂ ਦੀਆਂ ਲਗਾਤਾਰ ਚੜ੍ਹ ਰਹੀਆਂ ਕੀਮਤਾਂ ਦੇ ਸਿੱਟੇ ਵਜੋਂ ਲੁਟੇਰੇ ਵਰਗ ਨੂੰ ਛੱਡ ਕੇ ਸਾਰੀਆਂ ਹੀ ਮਿਹਨਤਕਸ਼ ਸ਼ਰੇਣੀਆਂ ਤੇ ਮੱਧ ਵਰਗ ਵਿਚ ਤਿੱਖੀ ਅਤੇ ਡੂੰਘੀ ਬੇਚੈਨੀ ਪੈਦਾ ਹੋਈ ਹੈ। ਪੰਜਾਬ ਦੇ ਪ੍ਰਸੰਗ ਵਿਚ ਇਹ ਬੇਚੈਨੀ ਧਰਮ-ਯੁੱਧ ਦੇ ਨਾਂ ਹੇਠ ਅੰਦੋਲਨ ਦਾ ਰੂਪ ਧਾਰ ਕੇ ਪ੍ਰਗਟ ਹੋਈ, ਭਾਵੇਂ ਇਹ ਹੋਰ ਰੂਪ ਵੀ ਧਾਰੇ।

ਸਰਕਾਰ ਨੇ ਇਸ ਅੰਦੋਲਨ ਨਾਲ ਨਜਿੱਠਣ ਲਈ ਆਪਣੀ ਪਰਖੀ ਹੋਈ ਜਾਬਰ



ਨੀਤੀ ਜਾਰੀ ਰੱਖੀ ਅਤੇ ਟਕਰਾਉ, ਲਮਕਾਉ ਦਾਅ-ਪੇਚਾਂ ਦੇ ਨਾਲ-ਨਾਲ ਦਮਨ ਤੇ ਤਸ਼ੱਦਦ ਦਾ ਰਾਹ ਫੜੀ ਰੱਖਿਆ। ਏਸੇ ਸਮੇਂ ਹੀ ਵੱਖਵਾਦੀ ਅਤੇ ਅੱਤਵਾਦੀ ਨਾਹਰੇਬਾਜ਼ ਇਸ ਅੰਦੋਲਨ ਨੂੰ ਪਾੜਨ, ਕਮਜ਼ੋਰ ਕਰਨ, ਅਤੇ ਸੰਪ੍ਰਦਾਇਕ ਘਿਰਣਾ ਦੇ ਗਲਤ ਪਾਸੇ ਵੱਲ ਮੋੜਾ ਦੇਣ ਲਈ ਪ੍ਰਗਟ ਹੋਏ। ਉਨ੍ਹਾਂ ਨੂੰ ਇਕ ਪਾਸੇ ਸਰਕਾਰੀ (ਮੁੱਢ ਵਿਚ) ਅਤੇ ਦੂਜੇ ਪਾਸੇ ਸਾਮਰਾਜੀ ਸ਼ਕਤੀਆਂ ਦੀ ਪੂਰੀ-ਪੂਰੀ ਸ਼ਹਿ ਪ੍ਰਾਪਤ ਸੀ।

ਕਤਲਾਂ ਦਾ ਲਗਾਤਾਰ ਵਧਦਾ ਸਿਲਸਿਲਾ, ਧਾਰਮਕ ਅਸਥਾਨਾਂ ਵਿਚ ਹਥਿਆਰਾਂ ਦੀ ਜ਼ਖੀਰੇਬਾਜ਼ੀ, ਲੰਗਰ ਦੀ ਇਮਾਰਤ ਤੋਂ ਹੁੰਦਾ ਵਿਹੁਲਾ ਪ੍ਰਚਾਰ ਅਤੇ ਅਖੀਰ "ਅਪਰੇਸ਼ਨ ਬਲਿਯੂ-ਸਟਾਰ" ਅਤੇ ਇਸ ਵਿਚ ਹੋਏ ਬੇਗੁਨਾਹਾਂ ਦੇ ਕਤਲਾਮ ਨੇ ਅੰਦੋਲਨ ਦਾ ਰੁਖ਼ ਹੀ ਬਦਲ ਕੇ ਰੱਖ ਦਿੱਤਾ।

ਸਮੱਸਿਆਵਾਂ ਦਾ ਰਾਜਸੀ ਹੱਲ ਸਰਕਾਰ ਨੇ ਕਿਸੇ ਨਾ ਕਿਸੇ ਬਹਾਨੇ ਟਾਲੀ ਰੱਖਿਆ ਅਤੇ ਹੁਣ ਗੱਲ ਬਹੁਤ ਦੂਰ ਜਾ ਚੁੱਕੀ ਹੈ। ਬਜ਼ਾਹਰ ਸਰਕਾਰ ਜਿਨ੍ਹਾਂ ਸ਼ਕਤੀਆਂ ਦਾ ਮੁਕਾਬਲਾ ਕਰਨ ਦਾ ਖੇਖਨ ਰਚ ਰਹੀ ਹੈ, ਵਾਸਤਵ ਵਿਚ ਉਸ ਦੀਆਂ ਨੀਤੀਆਂ ਉਨ੍ਹਾਂ ਹੀ ਸ਼ਕਤੀਆਂ ਨੂੰ ਸ਼ਹਿ ਦੇ ਰਹੀਆਂ ਹਨ। ਇਸ ਤਰ੍ਹਾਂ ਦੀ ਲਮਕਾਊ ਅਵਸਥਾ ਤੋਂ ਅਮਰੀਕੀ ਸਾਮਰਾਜ ਪੂਰਾ-ਪੂਰਾ ਲਾਭ ਉਠਾ ਰਿਹਾ ਹੈ।

ਅੱਜ ਆਮ ਲੋਕਾਂ ਨੂੰ ਸਰਕਾਰ ਦਾ ਦਮਨਕਾਰੀ ਚਿਹਰਾ ਤਾਂ ਸਪੱਸ਼ਟ ਨਜ਼ਰ ਆਉਣ ਲੱਗ ਪਿਆ ਹੈ। ਪਰ ਇਨ੍ਹਾਂ ਨੂੰ ਨਾ ਤਾਂ ਆਪਣੀਆਂ ਸਫ਼ਾਂ ਵਿਚ ਖੜ੍ਹੇ ਵੱਖਵਾਦੀ ਅਤੇ ਅੱਤਵਾਦੀ ਅਨਸਰ ਜੋ ਲੋਕ ਸ਼ਕਤੀ ਨੂੰ ਕਮਜ਼ੋਰ ਕਰਕੇ ਹਾਕਮ ਜਮਾਤ ਦੇ ਹਿੱਤਾਂ ਦੀ ਪੂਰਤੀ ਕਰਦੇ ਹਨ ਅਤੇ ਨਾਂਹ ਹੀ ਇਨ੍ਹਾਂ ਵੱਖਵਾਦੀ ਅੱਤਵਾਦੀ ਝੁਕਾਵਾਂ ਪਿਛੇ ਸ਼ਹਿ ਲਾ ਕੇ ਬੈਠੇ ਸਮਰਾਜ ਦਾ ਭਿਅੰਕਰ ਚਿਹਰਾ ਮੋਹਰਾ ਸਾਫ਼ ਦਿਸ ਰਿਹਾ ਹੈ।

ਸਾਡੇ ਬਹੁਤ ਕਵੀਆਂ ਨੂੰ ਨੀਲਾ-ਤਾਰਾ ਉਪਰੇਸ਼ਨ ਤੋਂ ਪਹਿਲਾਂ ਦੀਆਂ ਘਟਨਾਵਾਂ ਜਿਨ੍ਹਾਂ ਨੇ ਇਕ ਸਰਵਉਚਤਮ ਮਾਨਵੀ ਕਦਰਾਂ-ਕੀਮਤਾਂ ਦੇ ਧਾਰਨੀ ਧਰਮ ਦੇ ਉਜਲੇ ਮੁੱਖ ਨੂੰ ਧੁਆਂਖਿਆ, ਸਾਹਿਤਕ ਕਿਰਤ ਦਾ ਵਿਸ਼ਾ ਬਣਨ ਦੇ ਕਾਬਲ ਪ੍ਰਤੀਤ ਨਹੀਂ ਸੀ ਹੁੰਦੀਆਂ, ਜਾਂ ਸ਼ਾਇਦ ਹਿੱਟ-ਲਿਸਟਾਂ ਦਾ ਭੈਅ ਉਨ੍ਹਾਂ ਨੂੰ ਚੁੱਪ ਰਹਿਣ ਲਈ ਮਜਬੂਰ ਕਰਦਾ ਸੀ। ਪਰ ਇਹੀ ਵੇਲਾ ਸੀ ਜਦੋਂ ਘਿਰਣਾ ਦੇ ਜ਼ਹਿਰੀਲੇ ਬੀਜ ਅੱਲ੍ਹੜ ਹਿਰਦਿਆਂ ਦੀ ਕੁਆਰੀ ਧਰਤੀ 'ਚ ਬੀਜੇ ਜਾ ਰਹੇ ਸਨ ਅਤੇ ਇਹ ਸਾਰਾ ਕੁਝ ਹਰਿਮੰਦਰ ਸਾਹਿਬ ਦੀਆਂ ਪਵਿੱਤਰ ਪ੍ਰਕਰਮਾ ਚੋਂ ਸਿੱਖੀ ਦੇ ਨਾਂ ਹੇਠਾਂ ਹੋ ਰਿਹਾ ਸੀ। ਹੁਣ ਜਦੋਂ ਇਹ ਫ਼ਸਲ ਭਰਪੂਰ ਰੂਪ ਵਿਚ ਪੱਕ ਕੇ ਤਿਆਰ ਹੋ ਗਈ ਹੈ ਜਿਹਦਾ ਫਲ ਕੁਝ ਲੋਕਾਂ ਨੇ ਲੁੱਟ ਗਈ ਪੱਗਪਤ ਦੀ ਪੀੜ ਦੇ ਰੂਪ ਵਿਚ ਅਤੇ ਕੁਝ ਲੋਕਾਂ ਨੇ ਆਪਣੀ ਰਾਜਸੀ ਲੀਡਰੀ ਦੀਆਂ ਨੀਹਾਂ ਹੋਰ ਪਕੇਰੀਆਂ ਹੋਣ ਦੇ ਰੂਪ ਵਿਚ ਪਾਇਆ ਹੈ ਤਾਂ ਸਾਨੂੰ ਸਾਰੇ ਪੰਜਾਬੀ ਅਤੇ ਭਾਰਤੀ ਲੋਕਾਂ ਨੂੰ ਜ਼ਹਿਰ ਦੇ ਇਹ ਕੌੜੇ ਘੁੱਟ ਦੇਸ਼ ਦੀ ਅਖੰਡਤਾ ਅਤੇ ਕੌਮੀ ਏਕਤਾ ਦੇ ਨਾਂ ਉੱਤੇ ਪੀਣ ਲਈ ਮਜਬੂਰ ਕੀਤਾ ਜਾ ਰਿਹਾ ਹੈ। ਅਜਿਹੀ ਸਥਿਤੀ ਵਿਚ ਬਹੁਤੇ ਪੰਜਾਬੀ ਲੇਖਕਾਂ ਨੂੰ ਸਿਵਾਏ ਰੋਣ-ਧੋਣ ਵਿਰਲਾਪ ਕਰਨ ਜਾਂ ਕੀਰਨੇ ਪਾਉਣ ਤੋਂ ਬਿਨਾਂ ਜਿਵੇਂ ਹੋਰ ਕਿਸੇ ਗੱਲ ਦੀ ਹੋਸ਼ ਹੀ ਨਹੀਂ ਰਹੀ। ਅਸੀਂ ਬਹੁਤੇ ਹੁਣ ਇਕ ਨਵੀਂ ਭਾਂਤ ਦੇ ਘੱਟ ਗਿਣਤੀ ਫ਼ਿਰਕੇ ਦੇ ਫ਼ਿਰਕੂਪੁਣੇ ਦਾ ਸ਼ਿਕਾਰ ਹੋ ਗਏ ਹਾਂ ਅਤੇ ਆਪਣੇ ਨਾਲ਼

ਹੋਈ-ਬੀਤੀ ਹੋਣੀ ਦੇ ਸੰਤਾਪ ਨੂੰ ਹੰਡਾਉਂਦੇ, ਆਪਣੇ ਵਾ-ਵੇਲੇ ਰਾਹੀਂ ਇਕ ਤਰ੍ਹਾਂ ਨਾਲ ਉਨ੍ਹਾਂ ਹੀ ਸ਼ਕਤੀਆਂ ਨੂੰ ਸ਼ਹਿ ਦੇ ਰਹੇ ਹਾਂ ਜਿਹੜੀਆਂ ਸਾਨੂੰ ਇਸ ਬਲਦੀ ਦੇ ਬੁੱਥੇ ਦੇਣ ਦੀਆਂ ਜ਼ੁੰਮੇਵਾਰ ਹਨ।

ਪਰ ਲੋੜ ਇਸ ਤੋਂ ਉਲਟ ਸੋਚਣ ਦੀ ਹੈ ਕਿ ਇਹ ਸਭ ਕੁਝ ਕਿਉਂ ਹੋਇਆ ? ਇਸ ਸਾਰੇ ਵਰਤਾਰੇ ਦਾ ਠੰਡੇ ਦਿਲ ਨਾਲ ਮੁਲਅੰਕਣ ਕਰਨ ਦੀ ਲੋੜ ਸਾਡੀ ਸਮੁੱਚੀ ਹੋਂਦ, ਅਸਤਿਤਵ ਅਤੇ ਭਵਿੱਖ ਲਈ ਅੱਤ ਜ਼ਰੂਰੀ ਹੈ ਅਤੇ ਬੀਤੇ ਸਮੇਂ ਵਿਚ ਹੋਈਆਂ ਗਲਤੀਆਂ ਨੂੰ ਦਰੁਸਤ ਕਰਨ ਅਤੇ ਦੋਸ਼ੀਆਂ ਉੱਤੇ ਨਿਧੜਕ ਹੋ ਕੇ ਉਂਗਲ ਰੱਖਣ ਦਾ ਸਮਾਂ ਆ ਗਿਆ ਹੈ, ਬੇਸ਼ੱਕ ਇਹ ਦੋਸ਼ੀ ਕਿਸੇ ਵੀ ਧਿਰ ਦੇ ਹੋਣ-ਸਾਮਰਾਜ ਦੀਆਂ ਕੱਠਪੁਤਲੀਆਂ ਜਾਂ ਦੇਸ਼ ਦੀ ਸਿਆਸੀ ਲੀਡਰਸ਼ਿਪ ਜਾਂ ਘੱਟ ਗਿਣਤੀ ਦੇ ਧਾਰਮਕ ਜਾਂ ਸਿਆਸੀ ਨੇਤਾ।

ਪੇਸ਼ ਕਵਿਤਾਵਾਂ ’ਚੋਂ ਕੁਝ ਕੁ ਉਪਰੇਸ਼ਨ ਨੀਲਾ-ਤਾਰਾ ਤੋਂ ਪਹਿਲਾਂ ਦੀਆਂ ਹਨ ਅਤੇ ਕੁਝ ਇਸ ਤੋਂ ਪਿੱਛੋਂ ਦੀਆਂ। ਇਹ ਰਚਨਾਵਾਂ ਉੱਪਰ ਦੱਸਿਆ ਸਾਰਾ ਕਾਰਜ ਸਾਹਿਤ ਪੱਧਰ ਤੇ ਕਰਦੀਆਂ ਪ੍ਰਤੀਤ ਹੁੰਦੀਆਂ ਹਨ।

ਇਹ ਕਵਿਤਾਵਾਂ ਫੈਸ਼ਨ ਵਜੋਂ ਅੱਜਕਲ ਲਿਖੀਆਂ ਜਾ ਰਹੀਆਂ ਰਚਨਾਵਾਂ ਤੋਂ ਸਪੱਸ਼ਟ ਤੌਰ ਤੇ ਵੱਖਰੀ ਭਾਂਤ ਦੀਆਂ ਹਨ।

ਅਸਾਂ ਇਸ ਗੰਭੀਰ ਕਾਰਜ ਲਈ ਕਵੀਆਂ ਦੀ ਭੀੜ ਇਕੱਠੀ ਨਹੀਂ ਕੀਤੀ ਅਤੇ ਨਾ ਹੀ ਅਸੀਂ ਸਥਾਪਤ ਨਾਵਾਂ ਦੇ ਮਗਰ ਭੱਜੇ ਹਾਂ। ਸਗੋਂ ਸਿਰਫ਼ ਉਹ ਕਵੀ ਹੀ ਚੁਣੇ ਹਨ ਜੋ ਹਰ ਤਰ੍ਹਾਂ ਦੇ ਉਲਾਰੂ ਰੁਝਾਨ ਅਤੇ ਉਪਭਾਵੁਕਤਾ ਤੋਂ ਮੁਕਤ ਇਸ ਫਿਰਕੂ ਹੜ੍ਹ ਵਿਚ ਰੁੜ੍ਹਨ ਤੋਂ ਇਨਕਾਰੀ ਹਨ ਅਤੇ ਸਰਕਾਰ ਤੇ "ਸਾਧ-ਜੁੰਡਲੀ" ਦੋਹਾਂ ਧਿਰਾਂ ਦੇ ਗਲਤ ਪੈਂਤੜਿਆਂ ਤੇ ਨੀਤੀਆਂ ਉੱਤੇ ਉਂਗਲ ਰੱਖਣ ਦੀ ਜੁਰੱਅਤ ਕਰਦੇ ਹਨ।

ਇਨ੍ਹਾਂ ਕਵਿਤਾਵਾਂ ਤੋਂ ਫ਼ਿਰਕੂਪੁਣੇ ਦੇ ਹੜ੍ਹ ਵਿਚ ਰੁੜ੍ਹੇ ਜਾਂਦੇ ਮੱਧ ਵਰਗ ਦੇ ਅਖੌਤੀ ਬੁੱਧੀਜੀਵੀ ਅਵੱਸ਼ ਹੀ ਦੁਖੀ ਹੋਣਗੇ। ਪਰ ਸਾਡਾ ਵਿਸ਼ਵਾਸ ਹੈ ਕਿ ਪੰਜਾਬ ਅਤੇ ਭਾਰਤ ਦੇ ਜਨ-ਸਮੂਹ ਦੀ ਆਤਮਾ ਹਾਲੇ ਜ਼ਿੰਦਾ ਹੈ। ਇਸ ਲਈ ਅਸੀਂ ਪੂਰੀ ਤਰ੍ਹਾਂ ਆਸਵੰਦ ਹਾਂ ਕਿ ਪੰਜਾਬ ਦੇ ਪ੍ਰਗਤੀਸ਼ੀਲ, ਧਰਮ-ਨਿਰਪੇਖ ਅਤੇ ਲੋਕ-ਪੱਖੀ ਜਮਹੂਰੀ ਸੋਚਣੀ ਵਾਲੇ ਸੂਝਵਾਨ ਪਾਠਕ ਅਤੇ ਜਨ ਸਾਧਾਰਨ ਇਨ੍ਹਾਂ ਰਚਨਾਵਾਂ ਦੇ ਸੱਚ ਨੂੰ ਪਛਾਨਣਗੇ।

ਹੋਈਆਂ ਘਟਨਾਵਾਂ ਬਾਰੇ ਚੁੱਪ ਰਹਿਣਾ ਜਾਂ ਫ਼ਿਰਕੂਪੁਣੇ ਦੇ ਹੜ੍ਹ ਵਿਚ ਰੁੜ੍ਹ ਜਾਣਾ ਇਕੋ ਜਿਹੇ ਨਾ-ਮੁਆਫ਼ ਕੀਤੇ ਜਾਣ ਵਾਲੇ ਜੁਰਮ ਹਨ।

ਸਾਨੂੰ ਭਰੋਸਾ ਹੈ ਕਿ ਇਹ ਕਿਤਾਬਚਾ ਇਤਿਹਾਸ ਦੇ ਇਸ ਸੰਕਟ ਭਰੇ ਮੋੜ ਤੇ ਇਕ ਸਾਂਭਣਯੋਗ ਦਸਤਾਵੇਜ਼ ਸਾਬਤ ਹੋਵੇਗਾ।

ਅਸੀਂ ਇਸ ਹੜ੍ਹ ਵਿਚ ਰੁੜ੍ਹਨ ਤੋਂ ਇਨਕਾਰੀ ਹਾਂ। ਅਸੀਂ ਲੋਕਾਂ ਨੂੰ ਧਰਮ ਜਾਂ ਸੰਪਰਦਾਇਕਤਾ ਦੇ ਨਾਂ ਉੱਤੇ ਪਾੜਨ ਵਾਲੀ ਹਰ ਸ਼ਕਤੀ ਨੂੰ ਦਲੇਰੀ ਨਾਲ ਬੇਨਕਾਬ ਕਰਨ ਦੇ ਹੱਕ ਵਿਚ ਹਾਂ। ਸਾਡੀ ਕਲਮ ਦੀ ਜੀਭ ਕੌੜੇ ਸੱਚ ਦੇ ਬੋਲ ਬੋਲਣ ਤੋਂ ਇਨਕਾਰੀ ਨਹੀਂ।

ਸੱਚ ਕੀ ਬਾਣੀ ਨਾਨਕ ਆਖੈ, ਸੱਚੁ ਸੁਣਾਇਸੀ ਸਚੁ ਕੀ ਬੇਲਾ।"



# ਪਾਪਾ ਕਿਤੇ ਨਹੀਂ ਗਏ!

-ਰਿੰਕਲ ਸ਼ੇਰਗਿੱਲ

ਅੱਜ 22 ਵਰ੍ਹੇ ਹੋ ਗਏ ਪਾਪਾ ਨੂੰ ਸਾਥੋਂ ਸਰੀਰਕ ਰੂਪ ’ਚ ਵਿਛੜਿਆਂ। ਜਦੋਂ ਵੀ ਕੋਈ ਕਮਿਊਨਿਸਟ ਪਰਵਾਰ ਮਿਲਦਾ ਹੈ ਤਾਂ ਇਕ ਗੱਲ ਉਹ ਆਮ ਹੀ ਆਖਦਾ ਹੈ ਕਿ ਰਿੰਕਲ ਬੇਟਾ ਤੇਰਾ ਮੱਥਾ ਬਿਲਕੁੱਲ ਤੇਰੇ ਪਾਪਾ ਵਾਂਗ ਹੈ। ਪਿਛਲੇ ਸਾਲ ਜਦੋਂ ਮੈਨੂੰ ਆਪਣੀ ਮੰਮੀ ਨਾਲ ਕਾਮਾਗਾਟਾ ਮਾਰੂ ਸ਼ਤਾਬਦੀ ਮੌਕੇ ਕੈਨੇਡਾ ਜਾਣ ਦਾ ਮੌਕਾ ਮਿਲ਼ਿਆ ਤਾਂ ਮੰਮੀ ਨੂੰ ਬਹੁਤ ਮਾਣ-ਸਤਿਕਾਰ ਮਿਲਿਆ। ਸਭ ਤੋਂ ਵੱਡੀ ਖ਼ੁਸ਼ੀ ਦੀ ਗੱਲ ਇਹ ਕਿ ਪਾਪਾ ਦੇ ਬਹੁਤ ਸਾਰੇ ਕਾਮਰੇਡ ਦੋਸਤ ਸਾਨੂੰ ਮਿਲਣ ਆਏ ਤੇ ਪਾਪਾ ਨਾਲ਼ ਆਪਣੀਆਂ ਸਾਂਝਾਂ ਦੀਆਂ ਗੱਲਾਂ ਸਾਡੇ ਨਾਲ ਕੀਤੀਆਂ।

8 ਮਾਰਚ ਇਸਤਰੀ ਦਿਵਸ ਹੈ ਤੇ ਮੇਰੇ ਪਾਪਾ ਦੀ ਬਰਸੀ ਵੀ। 8 ਮਾਰਚ 1993 ਦੀ ਉਹ ਸਵੇਰ ਮੈਨੂੰ ਕਦੀ ਨਹੀਂ ਭੁੱਲ ਸਕਦੀ। ਪਾਪਾ ਔਰਤਾਂ ਦਾ ਬਹੁਤ ਸਤਿਕਾਰ ਕਰਦੇ ਸਨ ਤੇ ਉਨ੍ਹਾਂ ਨੂੰ ਬਰਾਬਰਤਾ ਦਾ ਦਰਜਾ ਦਿਵਾਉਣ ਲਈ ਯਤਨਸ਼ੀਲ ਰਹਿੰਦੇ ਸਨ। ਮੰਮੀ ਦੱਸਦੇ ਹਨ ਕਿ ਸਾਡੇ ਦੋਵੇਂ ਭੈਣਾਂ ਦੇ ਜਨਮ ਤੇ ਪਾਪਾ ਨੇ ਲੱਡੂ ਵੰਡੇ ਸਨ। ਪਾਪਾ ਸਾਨੂੰ ਬਹੁਤ ਪਿਆਰ ਕਰਦੇ ਸਨ ਤੇ ਹਮੇਸ਼ਾ ਮੈਨੂੰ ਆਪਣੇ ਨਾਲ਼-ਨਾਲ਼ ਹੀ ਰੱਖਦੇ ਸਨ। ਕਾਮਰੇਡ ਹਰਕਿਸ਼ਨ ਸਿੰਘ ਸੁਰਜੀਤ ਨਾਲ ਜਦੋਂ ਮੀਟਿੰਗ ਹੁੰਦੀ ਤਾਂ ਮੈਂ ਉਸ ਵਿੱਚ ਵੀ ਡੈਲੀਗੇਟ ਵਾਂਗੂੰ ਹਿੱਸਾ ਲੈਂਦੀ ਸਾਂ। ਕਾਮਰੇਡ ਸੁਰਜੀਤ ਪਾਪਾ ਨੂੰ ਮਜ਼ਾਕ ਕਰਦੇ, "ਸੁਹੇਲ ਰਿੰਕਲ ਤਾਂ ਨਹਿਰੂ ਦੀ ਇੰਦਰਾ ਵਾਂਗ ਹਮੇਸ਼ਾ ਤੇਰੇ ਨਾਲ ਹੀ ਹੁੰਦੀ ਹੈ।" ਮੈਂ ਪਾਪਾ ਨਾਲ ਹਰ ਥਾਂ ਜਾਂਦੀ ਤੇ ਪਾਪਾ ਕਦੀ ਵੀ ਮੈਨੂੰ ਘਰ ਰਹਿਣ ਲਈ ਨਾ ਆਖਦੇ। ਜਦੋਂ ਕਦੇ ਕੋਈ ਪਿੰਡੋਂ ਆਇਆ ਰਿਸ਼ਤੇਦਾਰ ਆਖਦਾ ਕਿ ਇੱਕ ਮੁੰਡਾ ਤਾਂ ਜ਼ਰੂਰ ਚਾਹੀਦਾ ਹੈ ਤਾਂ ਪਾਪਾ ਦਾ ਜਵਾਬ ਹੁੰਦਾ, "ਅਸੀਂ ਖੁਸ਼ ਹਾਂ ਸਾਡੀਆਂ ਕੁੜੀਆਂ ਮੁੰਡਿਆਂ ਤੋਂ ਵੀ ਵੱਧ ਹਨ।" ਉਹ ਮੰਮੀ ਨੂੰ ਹਰ ਵੇਲੇ ਆਪਣੀ ਪੜ੍ਹਾਈ ਜਾਰੀ ਰੱਖਣ ਲਈ ਪ੍ਰੇਰਿਤ ਕਰਦੇ ਰਹਿੰਦੇ। ਮੈਨੂੰ ਤੇ ਸਿੰਮੀ ਨੂੰ ਵੀ ਸਵੇਰੇ ਚਾਹ ਬਣਾ ਕੇ ਉਠਾ ਦੇਣਾ ਤੇ ਪੜ੍ਹਨ ਲਈ ਆਖਣਾ। ਪਾਪਾ ਸਵੇਰੇ ਸਵੱਖਤੇ ਉੱਠਦੇ, ਸਾਰੀਆਂ ਅਖ਼ਬਾਰਾਂ ਪੜ੍ਹਦੇ ਤੇ ਫਿਰ ਲਿਖਣਾ ਸ਼ੁਰੂ ਕਰ ਦਿੰਦੇ। ਫਿਰ ਤਿਆਰ ਹੋ ਕੇ ਸਾਨੂੰ ਸਕੂਲ ਛੱਡ ਕੇ 'ਲੋਕ ਲਹਿਰ' ਚਲੇ ਜਾਂਦੇ। ਮੈਂ ਵੀ ਸਕੂਲ ਤੋਂ ਸਿੱਧੀ ਉੱਥੇ ਚਲੇ ਜਾਂਦੀ ਤੇ ਰਾਤ ਨੂੰ ਪਾਪਾ ਨਾਲ ਹੀ ਘਰ ਆਉਂਦੀ। 'ਲੋਕ ਲਹਿਰ' ਦੇ ਦਫਤਰ ਜਦੋਂ ਸਭ ਕਾਮਰੇਡ ਆਪੋ ਆਪਣੇ ਕੰਮ ਵਿੱਚ ਰੁੱਝੇ ਹੁੰਦੇ ਤਾਂ ਮੈਂ ਵੀ ਜ਼ਿੱਦ ਕਰਨੀ ਕਿ ਮੈਂ ਵੀ ਪਰੂਫ ਰੀਡਿੰਗ ਕਰਨੀ ਹੈ ਤੇ ਸਭ ਮੈਂਬਰਾਂ ਨੇ ਮੇਰੀ ਬਹੁਤ ਹੌਸਲਾ-ਅਫ਼ਜ਼ਾਈ ਕਰਨੀ। ਜਦੋਂ ਮੈਂ ਪਾਪਾ ਨੂੰ ਪੁੱਛਣਾ ਕਿ ਮੇਰੇ ਜਨਮ ਦਿਨ ’ਤੇ ਕਿਸ-ਕਿਸ ਨੂੰ ਸੱਦਣਾ ਹੈ ਤਾਂ ਪਾਪਾ ਨੇ ਆਖਣਾ ਕਿ ਸ਼ਾਮ ਨੂੰ 'ਲੋਕ ਲਹਿਰ' ਦਾ ਸਾਰਾ ਸਟਾਫ ਆਏਗਾ ਤੇ ਆਪਾਂ ਤੇਰਾ ਜਨਮ ਦਿਨ ਮਨਾ ਲੈਣੈਂ। ਹਰ ਜਨਮ ਦਿਨ ’ਤੇ ਆਖਣਾ ਰਿੰਕਲ ਅੱਜ ਤੇਰਾ ਜਨਮ ਦਿਨ ਹੈ, ਤੂੰ ਇੱਕ ਇੰਚ ਹੋਰ ਲੰਮੀ ਹੋ ਗਈ ਹੈਂ। ਹੁਣ ਵੀ ਉਨ੍ਹਾਂ ਗੱਲਾਂ ਦੀ ਬਹੁਤ ਯਾਦ ਆਉਂਦੀ ਹੈ।

ਮੇਰਾ ਵਿਆਹ ਵੀ ਇਕ ਕਮਿਊਨਿਸਟ ਪਰਿਵਾਰ ਵਿੱਚ ਹੋਇਆ। ਦੋਵਾਂ ਪਰਿਵਾਰਾਂ ’ਚ ਵਿਚਾਰਧਾਰਾ ਦੀ ਸਾਂਝ ਕਾਰਨ ਮੇਰਾ ਵਿਆਹ ਪਾਪਾ ਨੇ ਦੇਸ਼ ਭਗਤ ਯਾਦਗਾਰ

ਹਾਲ ਵਿਚ ਕੀਤਾ। ਬਹੁਤ ਸਾਰੇ ਪੱਤਰਕਾਰ ਤੇ ਪਾਰਟੀ ਆਗੂ ਮੈਨੂੰ ਅਸ਼ੀਰਵਾਦ ਦੇਣ ਲਈ ਪਹੁੰਚੇ। ਮੈਨੂੰ ਅੱਜ ਵੀ ਯਾਦ ਹੈ ਕਿ ਜਦੋਂ ਪਾਪਾ ਨੇ ਮੈਨੂੰ ਵਿਆਹ ਦੇ ਜੋੜੇ ਵਿੱਚ ਦੇਖਿਆ ਤਾਂ ਉਨ੍ਹਾਂ ਕਿਹਾ ਸੀ ਕਿ ਰਿਕਲ ਤੈਨੂੰ ਭਲਾ ਗਹਿਣਿਆਂ ਦੀ ਕੀ ਲੋੜ ਐ, ਉਂਞ ਵੀ ਇਹ ਤਾਂ ਗ਼ੁਲਾਮੀ ਦੀ ਨਿਸ਼ਾਨੀ ਹੁੰਦੇ ਹਨ। ਇਹ ਸ਼ਾਇਦ ਪਾਪਾ ਕਾਰਨ ਹੀ ਹੈ ਕਿ ਮੈਨੂੰ ਗਹਿਣੇ ਪਾਉਣ ਦਾ ਹਾਲੇ ਵੀ ਕੋਈ ਸ਼ੌਕ ਨਹੀਂ।

ਪਾਪਾ 'ਤੇ ਬਾਹਰਲੇ ਅਖ਼ਬਾਰਾਂ ਵਾਲਿਆਂ ਨੇ ਬਹੁਤ ਜ਼ੋਰ ਦਿੱਤਾ ਕਿ ਤੁਸੀਂ ਸਾਡੇ ਕੰਮ ਕਰੋ, ਪਰ ਪਾਪਾ ਤਾਂ 'ਲੋਕ ਲਹਿਰ' ਤੋਂ ਇਲਾਵਾ ਹੋਰ ਕੁਝ ਸੋਚ ਵੀ ਨਹੀਂ ਸੀ ਸਕਦੇ ਤੇ ਉਹ ਨਾਂਹ ਕਰ ਦਿੰਦੇ।

ਪਾਪਾ ਦੀ ਬੋਲੀ ਵਿੱਚ ਇਕ ਖਾਸ ਕਿਸਮ ਦੀ ਮਿਠਾਸ ਸੀ। ਉਹ ਮਾਝੇ ਦੀ ਠੇਠ ਪੰਜਾਬੀ ਬੋਲਦੇ ਸਨ। ਉਨ੍ਹਾਂ ਦੀ ਬੋਲੀ ਦੀ ਪੁੱਠ ਮੇਰੇ ਉਚਾਰਣ 'ਚ ਵੀ ਹੈ। ਮੈਂ ਹਾਲੇ ਵੀ ਸਧਾਰਨ ਗੱਲ ਕਰਕੇ ਜਦੋਂ ਕੁਝ ਸ਼ਬਦ ਬੋਲਦੀ ਹਾਂ ਤਾਂ ਇੰਗਲੈਂਡ 'ਚ ਜੰਮੇ-ਪਲੇ ਮੇਰੇ ਬੱਚੇ ਹੱਸ ਪੈਂਦੇ ਹਨ ਤੇ ਕਹਿੰਦੇ ਹਨ ਕਿ ਮੰਮੀ ਸਾਨੂੰ ਸਮਝ ਨਹੀਂ ਆਉਂਦੀ। ਪਾਪਾ ਇੱਕ ਵਾਰੀ ਚੀਨ ਦੀ ਯਾਤਰਾ 'ਤੇ ਗਏ ਸਨ ਤੇ ਸਾਨੂੰ ਉਨ੍ਹਾਂ ਸਾਰੀ ਯਾਤਰਾ ਦਾ ਹਾਲ ਇਸ ਤਰ੍ਹਾਂ ਸੁਣਾਇਆ ਕਿ ਅੱਜ ਵੀ ਮੇਰੀ ਦਿਲੀ ਇੱਛਾ ਹੈ ਕਿ ਜ਼ਿੰਦਗੀ ਵਿੱਚ ਇਕ ਵਾਰ ਚੀਨ ਜ਼ਰੂਰ ਜਾਣਾ ਹੈ ਤੇ ਉਹ ਥਾਵਾਂ ਜ਼ਰੂਰ ਦੇਖਣੀਆਂ ਹਨ, ਜਿਨ੍ਹਾਂ ਦਾ ਪਾਪਾ ਨੇ ਜ਼ਿਕਰ ਕੀਤਾ ਸੀ। ਦਿਲ 'ਚ ਇਹ ਟੀਸ ਜ਼ਰੂਰ ਉਭਰਦੀ ਹੈ ਕਿ ਪਾਪਾ ਨੇ ਮੇਰੇ ਕੋਲ ਇੰਗਲੈਂਡ ਆਉਣਾ ਸੀ, ਪਰ ਉਸ ਤੋਂ ਪਹਿਲਾਂ ਹੀ ਉਹ ਸਾਨੂੰ ਵਿਛੋੜਾ ਦੇ ਗਏ।

ਪਾਪਾ ਦੀ ਉੱਚੀ ਤੇ ਸੁੱਚੀ ਸੋਚ ਤੇ ਪ੍ਰੇਰਨਾ ਦਾ ਹੀ ਨਤੀਜਾ ਹੈ ਕਿ ਅੱਜ ਸਾਡੇ ਮੰਮੀ ਦੇਸ਼ ਭਗਤ ਯਾਦਗਾਰ ਕਮੇਟੀ, ਜਲੰਧਰ ਦੇ ਜਨਰਲ ਸਕੱਤਰ ਹਨ। ਉਹ ਪਾਪਾ ਦੇ ਰਾਹ 'ਤੇ ਹੀ ਚੱਲ ਰਹੇ ਹਨ ਤੇ ਮੈਨੂੰ ਇਸ ਗੱਲ ਦਾ ਬਹੁਤ ਫ਼ਖ਼ਰ ਹੈ। ਜਦ ਵੀ ਮੰਮੀ ਨੂੰ ਸਟੇਜ 'ਤੇ ਬੋਲਦਿਆਂ ਦੇਖਦੀ ਹਾਂ ਤਾਂ ਮੈਨੂੰ ਉਨ੍ਹਾਂ 'ਚੋਂ ਪਾਪਾ ਦੀ ਝਲਕ ਪੈਣ ਲੱਗ ਜਾਂਦੀ ਹੈ। ਮੈਨੂੰ ਜਾਪਦੈ ਕਿ ਪਾਪਾ ਕਿਤੇ ਨਹੀਂ ਗਏ, ਉਹ ਤਾਂ ਸਾਡੇ ਨਾਲ ਹਨ ਹਮੇਸ਼ਾ।





# ਚਾਚਾ ਜੀ ਸ. ਸੁਹੇਲ ਸਿੰਘ

-ਡਾ. ਹਰਪ੍ਰੀਤ ਸਿੰਘ ਹੁੰਦਲ

ਜਦੋਂ ਹੋਸ਼ ਸੰਭਾਲੀ ਤਾਂ ਪਿਤਾ ਜੀ ਐਮਰਜੈਂਸੀ ਵਿਚ ਗ੍ਰਿਫ਼ਤਾਰ ਹੋ ਚੁੱਕੇ ਸਨ, ਮੈਨੂੰ ਆਪਣੀ ਮਾਤਾ ਨਾਲ ਘਰ-ਬਾਰ ਅਤੇ ਖੇਤੀਬਾੜੀ ਦਾ ਕਾਰਜ ਸੰਭਾਲਣਾ ਪੈਂਦਾ ਸੀ। ਹੁਣ ਕਈ ਵਾਰੀ ਸੋਚੀਦਾ ਹੈ ਕਿ ਕਿੰਨੇ ਵਰ੍ਹੇ ਹੋ ਗਏ ਇਹ ਖੇਤੀਬਾੜੀ ਦਾ ਕਾਰਜ ਕਰਦਿਆਂ। ਉਸ ਸਮੇਂ ਦੀਆਂ ਪਈਆਂ ਆਦਤਾਂ ਹਨ, ਜਿਨ੍ਹਾਂ ਸਦਕਾ ਅੱਜ ਤੱਕ ਸਖ਼ਤ ਮਿਹਨਤ ਕਰਨ ਦੇ ਨਾਲ-ਨਾਲ ਕਾਲਜ ਪ੍ਰੋਫੈਸਰੀ ਅਤੇ ਪੜ੍ਹਾਈ ਲਿਖਾਈ ਚੱਲ ਰਹੀ ਹੈ।

ਸਿਰਲੇਖ ਪੜ੍ਹ ਕੇ ਕਈ ਪਾਠਕਾਂ ਨੂੰ ਹੈਰਾਨੀ ਹੋਵੇਗੀ ਕਿ ਇਹ 'ਚਾਚਾ ਜੀ' ਸ਼ਬਦ ਕੀ ਹੋਇਆ? ਇਹ ਸ਼ਬਦ ਉਸ ਸਮੇਂ ਦੀ ਉਪਜ ਹੈ, ਜਦੋਂ ਸਾਡੀ ਕੋਸ਼ ਵਿਚ ਅੰਗਰੇਜ਼ੀ ਸ਼ਬਦ 'ਅੰਕਲ' ਨੇ ਘੁਸਪੈਠ ਨਹੀਂ ਕੀਤੀ ਸੀ। ਭਾਪਾ ਜੀ ਦੇ ਕੁੱਝ ਖਾਸ ਦੋਸਤਾਂ ਦਾ ਘਰ ਵਿਚ ਆਉਣਾ ਜਾਣਾ ਸੀ, ਜਿਨ੍ਹਾਂ ਵਿਚ ਸ. ਸੁਹੇਲ ਸਿੰਘ, ਡਾ. ਸੁਰਿੰਦਰ ਗਿੱਲ, ਡਾ. ਰਘਬੀਰ ਸਿੰਘ, ਸ. ਗੁਰਦਿਆਲ ਸਿੰਘ ਬੱਲ, ਹਰਿਭਜਨ ਸਿੰਘ ਬਾਜਵਾ ਆਦਿ ਸਨ। ਇਨ੍ਹਾਂ ਵਿਚੋਂ ਬਹੁਤਿਆਂ ਨੂੰ ਅਸੀਂ ਬੱਚੇ 'ਚਾਚਾ ਜੀ' ਹੀ ਕਹਿੰਦੇ ਸਾਂ। ਇਨ੍ਹਾਂ ਵਰ੍ਹਿਆਂ ਵਿਚ ਭਾਪਾ ਜੀ ਜੇਲ੍ਹ ਵਿਚ ਹੁੰਦੇ ਤੇ ਜਾਂ ਹਸਪਤਾਲ ਵਿਚ ਬੜੇ ਮੁਸ਼ਕਲਾਂ ਭਰੇ ਦਿਨ ਸਨ। ਘਰੇਲੂ ਜਾਇਦਾਦ ਦਾ ਝਗੜਾ ਸ਼ੁਰੂ ਹੋ ਚੁੱਕਾ ਸੀ, ਮਾਂ ਦੀਆਂ ਚਿੰਤਾਵਾਂ ਵੱਧ ਚੁੱਕੀਆਂ ਸਨ। ਅੱਜ ਜਦੋਂ ਮਾਂ ਦਾ ਸਿਰੜ, ਹੌਂਸਲਾ ਦੇਖਦਾ ਹਾਂ ਤਾਂ ਖਿਆਲ ਆਉਂਦਾ ਹੈ ਕਿ ਉਸ ਸਮੇਂ ਦੇ ਹਾਲਤਾ ਨੇ ਇਸ ਨੂੰ ਮਜ਼ਬੂਤ ਬਣਾਇਆ ਹੈ।

ਇਨ੍ਹਾਂ ਔਖੇ ਸਮਿਆਂ ਵਿਚ ਭਾਪਾ ਜੀ ਦਾ ਇਕ ਖਾਸ ਯੋਧਾ ਦੋਸਤ ਸੀ ਸੁਹੇਲ ਸਿੰਘ ਜਿਹੜਾ ਸਾਰੀ ਉਮਰ ਵਧੀਆ ਦੋਸਤੀ ਨਿਭਾਉਂਦਾ ਰਿਹਾ। ਫ਼ਕੀਰ ਕਿਸਮ ਦੇ ਇਸ ਵਿਅਕਤੀ ਨੂੰ ਸੂਝਬੂਝ ਜੀਵਨ ਦੀਆਂ ਕਠੋਰ ਹਕੀਕਤਾਂ ਵਿਚੋਂ ਪ੍ਰਾਪਤ ਹੋਈ ਸੀ। ਪਾਰਟੀ ਨਾਲ ਪ੍ਰਤੀਬੱਧਤਾ ਤੇ ਲਗਨ ਇਹਦੇ ਵਿਚ ਜਮਾਂਦਰੂ ਭਰੀ ਪਈ ਸੀ। ਪਾਰਟੀ ਅਖ਼ਬਾਰ 'ਲੋਕ-ਲਹਿਰ' ਦਾ ਸਾਧਾਰਨ ਮਿਹਨਤਾਨਾ ਰੋਜ਼ਮਰਾ ਜ਼ਿੰਦਗੀ ਦੀਆਂ ਜ਼ਰੂਰਤਾਂ ਪੂਰਾ ਕਰਨ ਜੋਗਾ ਨਹੀਂ ਸੀ ਮਿਲਦਾ। ਪਰ ਸੁਹੇਲ ਸਿੰਘ ਇਸ ਸਾਰੇ ਕਾਰਜ ਨੂੰ ਸਮਰਪਤ ਸੀ। ਉਹ ਪੈਦਾ ਹੀ ਇਸ ਕਾਰਜ ਲਈ ਹੋਇਆ ਸੀ।

ਪਿਤਾ ਜੀ ਦੇ ਇਸ ਪੱਤਰਕਾਰ ਦੋਸਤ ਨੇ ਰਸਮੀ ਆਓ-ਭਗਤ ਤੋਂ ਬਾਅਦ ਬਹੁਤ ਗਹਿਰ-ਗੰਭੀਰ ਗੱਲਾਂ ਕਰਨੀਆਂ ਸ਼ੁਰੂ ਕਰ ਦੇਣੀਆਂ। ਅਸੀਂ ਬੱਚਿਆਂ ਨੇ ਲਾਗੇ ਬੈਠੇ ਰਹਿਣਾ। ਸਾਡੀ ਸਮਝ ਵਿਚ ਇਹ ਗੱਲਾਂ ਨਹੀਂ ਆਉਂਦੀਆਂ ਸਨ। ਅੱਧੀ-ਅੱਧੀ ਰਾਤ ਤੱਕ ਸਾਹਿਤਕ ਤੇ ਰਾਜਸੀ ਸੰਵਾਦ ਹੁੰਦਾ ਰਹਿਣਾ। ਪੰਜਾਬ ਦੇ ਸ਼ਾਂਤਮਈ ਮਾਹੌਲ ਵਿਚ ਤਬਦੀਲੀ ਆਉਣੀ ਸ਼ੁਰੂ ਹੋ ਗਈ। 1978 ਈ. ਨੂੰ ਵਿਸਾਖੀ ਦੇ ਦਿਹਾੜੇ ਅੰਮ੍ਰਿਤਸਰ

ਵਿਖੇ ਨਿਰੰਕਾਰੀਆਂ ਦੇ ਹੋ ਰਹੇ ਸਮਾਗਮ ਵਿਚ ਗਰਮਦਲੀਆਂ ਦੀ ਦਖ਼ਲ-ਅੰਦਾਜ਼ੀ ਕਾਰਨ ਦੋਹਾਂ ਧਿਰਾਂ ਵਿਚ ਟਕਰਾਅ ਹੋ ਗਿਆ। ਜਿਸ ਦੇ ਨਤੀਜੇ ਵਜੋਂ ਤੇਰਾਂ ਸਿੱਖ ਅਤੇ ਤਿੰਨ ਨਿਰੰਕਾਰੀ ਮਾਰੇ ਗਏ। ਜਿਸ ਦੇ ਸਿੱਟੇ ਵਜੋਂ ਅਕਾਲੀਆਂ ਨੇ ਨਿਰੰਕਾਰੀਆਂ ਵਿਰੁੱਧ ਹੁਕਮਨਾਮਾ ਜਾਰੀ ਕਰਵਾ ਕੇ ਉਨ੍ਹਾਂ ਦਾ ਸਮਾਜਕ ਬਾਈਕਾਟ ਕਰਵਾ ਦਿੱਤਾ। ਇਸ ਬਦਲਦੀ ਸਥਿਤੀ ਵਿਚ ਪੰਜਾਬ ਦਾ ਵਾਤਾਵਰਣ ਖ਼ੌਫ਼ਜ਼ਦਾ ਹੋਣਾ ਸ਼ੁਰੂ ਹੋ ਗਿਆ। ਘੱਟ-ਗਿਣਤੀਆਂ ਅੰਦਰ ਸਹਿਮ ਵਧਣ ਲੱਗਾ।

ਪੰਜਾਬ ਸੰਤਾਪ ਦੇ ਸਮੇਂ ਵੱਡੇ-ਵੱਡੇ ਲੇਖਕ ਡਰਦੇ ਮਾਰੇ ਚੁੱਪ ਹੋ ਗਏ ਜਾਂ ਘੇਸਲ ਮਾਰ ਕੇ ਘਰੀਂ ਬੈਠ ਗਏ, ਪਰ ਖੱਬੇ ਪੱਖੀ ਪੱਤਰਕਾਰ ਅਤੇ ਲੇਖਕ ਨਿੱਡਰ ਹੋ ਕੇ ਲੋਕਾਂ ਦੇ ਹੱਕਾਂ ਲਈ ਲਿਖਦੇ ਰਹੇ। ਇਸ ਸਮੇਂ ਸ. ਸੁਹੇਲ ਸਿੰਘ ਦੀ ਕਲਮ ਵੀ ਲਗਾਤਾਰ ਚੱਲਦੀ ਰਹੀ। 'ਲੋਕ-ਲਹਿਰ' ਵਿਚ ਸੰਪਾਦਕੀ ਤੋਂ ਇਲਾਵਾ ਰਾਜਨੀਤਕ ਸਥਿਤੀ ਉੱਪਰ ਉਨ੍ਹਾਂ ਦੇ ਲੇਖ ਨਿਰੰਤਰ ਛਪਦੇ ਰਹਿੰਦੇ। 'ਲੋਕ-ਲਹਿਰ' ਦਾ ਇਕ ਪ੍ਰਸਿੱਧ ਕਾਲਮ 'ਹੁੱਝਾਂ ਤੇ ਆਰਾਂ' ਕਿਸੇ ਚਲੰਤ ਵਿਸ਼ੇ ਉੱਪਰ ਤਿੱਖਾ ਵਿਅੰਗ ਕਰਦਾ।

ਅਪਰੇਸ਼ਨ ਨੀਲਾ ਤਾਰਾ ਪ੍ਰਤੀ ਸਭ ਤੋਂ ਪਹਿਲਾ ਕਾਵਿਕ ਪ੍ਰਤਿਕਰਮ ਦਸੰਬਰ 1984 ਵਿਚ ਛਪੇ ਕਾਵਿ ਸੰਗ੍ਰਹਿ 'ਸੱਚ ਕੀ ਬਾਣੀ' (ਸੰਪਾਦਕ ਸੁਹੇਲ ਸਿੰਘ) ਰਾਹੀਂ ਪ੍ਰਗਟ ਹੋਇਆ। ਇਹ ਇਕ ਸੰਪਾਦਿਤ ਕਾਵਿ ਸੰਗ੍ਰਹਿ ਸੀ, ਜਿਸ ਵਿਚ ਪੰਜਾਬੀ ਦੇ ਕੁੱਝ ਸਿਰਕੱਢ ਕਵੀਆਂ ਦੀਆਂ ਰਚਨਾਵਾਂ ਸ਼ਾਮਲ ਸਨ। ਇਹ ਰਚਨਾਵਾਂ ਮੁੱਖ ਤੌਰ 'ਤੇ ਇਸ ਘੱਲੂਘਾਰੇ ਬਾਰੇ ਵੱਖ-ਵੱਖ ਦ੍ਰਿਸ਼ਟੀਕੋਣਾਂ ਤੋਂ ਇਹ ਲੱਭਣ ਦਾ ਯਤਨ ਸੀ ਕਿ ਸਾਕਾ ਨੀਲਾ ਤਾਰਾ ਦੀ ਨੌਬਤ ਕਿਹੜੇ ਕਾਰਨਾਂ ਕਰਕੇ ਆਈ। ਭਾਵੇਂ ਕਿ ਸਾਕਾ ਨੀਲਾ ਤਾਰਾ ਕੋਈ ਅਚਨਚੇਤ ਵਾਪਰੀ ਘਟਨਾ ਨਹੀਂ ਸੀ। ਅਜਿਹੀ ਸਥਿਤੀ ਪੈਦਾ ਕਰਨ ਵਾਲੀਆਂ ਘਟਨਾਵਾਂ ਦੀ ਇਕ ਲੜੀ ਦਾ ਸਿਖ਼ਰ 'ਤੇ ਪੁੱਜ ਕੇ ਹੋਇਆ ਧਮਾਕਾ ਸੀ। ਸ. ਸੁਹੇਲ ਸਿੰਘ ਦੀ ਟਿੱਪਣੀ ਅਨੁਸਾਰ:

*ਸਾਡੇ ਬਹੁਤ ਕਵੀਆਂ ਨੂੰ ਨੀਲਾ ਤਾਰਾ ਓਪਰੇਸ਼ਨ ਤੋਂ ਪਹਿਲਾਂ ਦੀਆਂ ਘਟਨਾਵਾਂ, ਜਿਹਨਾਂ ਨੇ ਇਕ ਸਰਵਉੱਚਤਮ ਮਾਨਵੀ ਕਦਰਾਂ-ਕੀਮਤਾਂ ਦੇ ਧਾਰਨੀ ਧਰਮ ਦੇ ਉਜਲੇ ਮੁੱਖ ਨੂੰ ਧੁਆਂਖਿਆ, ਸਾਹਿਤਕ ਕਿਰਤ ਦਾ ਵਿਸ਼ਾ ਬਣਨ ਦੇ ਕਾਬਲ ਪ੍ਰਤੀਤ ਨਹੀਂ ਸੀ ਹੁੰਦੀਆਂ ਜਾਂ ਸ਼ਾਇਦ ਹਿੱਟ ਲਿਸਟਾਂ ਦਾ ਭੈਅ ਉਨ੍ਹਾਂ ਨੂੰ ਚੁੱਪ ਰਹਿਣ ਲਈ ਮਜ਼ਬੂਰ ਕਰਦਾ ਸੀ। ਪਰ ਇਹੀ ਵੇਲਾ ਸੀ ਜਦੋਂ ਘਿਰਣਾ ਦੇ ਜ਼ਹਿਰੀਲੇ ਬੀਜ ਅੱਲੜ੍ਹ ਹਿਰਦਿਆਂ ਦੀ ਕੁਆਰੀ ਧਰਤੀ 'ਚ ਬੀਜੇ ਜਾ ਰਹੇ ਸਨ ਅਤੇ ਇਹ ਸਾਰਾ ਕੁਝ ਹਰਿਮੰਦਰ ਸਾਹਿਬ ਦੀਆਂ ਪਵਿੱਤਰ ਪ੍ਰਕਰਮਾਂ ਵਿਚੋਂ ਸਿੱਖੀ ਦੇ ਨਾਂ ਹੇਠਾਂ ਹੋ ਰਿਹਾ ਸੀ।*

**(ਸੱਚ ਕੀ ਬਾਣੀ, ਪੰਨਾ 4)**

ਅਜਿਹੀ ਟਿੱਪਣੀ ਉਸ ਸਮੇਂ ਜਦੋਂ ਚਾਰੇ ਪਾਸੇ ਹਨੇਰਗਰਦੀ ਮਚੀ ਹੋਵੇ, ਸੁਹੇਲ ਸਿੰਘ ਵਰਗਾ ਮਨੁੱਖ ਹੀ ਕਰ ਸਕਦਾ ਸੀ। ਇਸ ਪੁਸਤਕ ਪਿਛੋਂ ਕਾਵਿ-ਸੰਗ੍ਰਹਿ ਧੜਾਧੜ ਛਪਣੇ ਸ਼ੁਰੂ ਹੋ ਗਏ।



ਸੰਨ 84 ਵਿਚ ਪੰਜਾਬ ਦੇ ਹਾਲਾਤ ਬਹੁਤ ਖ਼ਰਾਬ ਸਨ, ਮੈਂ ਲਾਇਲਪੁਰ ਖਾਲਸਾ ਕਾਲਜ ਵਿਚ ਪੜ੍ਹਦਾ ਸਾਂ, ਸਵੇਰ ਦੇ ਪੇਪਰਾਂ ਲਈ ਤਿੰਨ ਚਾਰ ਦਿਨ ਮੈਨੂੰ ਸੁਹੇਲ ਸਿੰਘ ਦੇ ਘਰ, ਜਿਹੜਾ ਗੁਰੂ ਗੋਬਿੰਦ ਸਿੰਘ ਸਟੇਡੀਅਮ ਲਾਗੇ ਸੀ, ਵਿਚ ਰਹਿਣਾ ਪਿਆ। ਇਹਨਾਂ ਦਾ ਛੋਟਾ ਜਿਹਾ ਪਰਿਵਾਰ ਸੀ। ਬੇਟੀਆਂ ਬਹੁਤ ਛੋਟੀਆਂ ਸਨ। ਪੇਂਡੂ ਵਾਤਾਵਰਣ ਵਿਚ ਪਲਿਆ ਮੈਂ ਕਾਫ਼ੀ ਔਖ ਮਹਿਸੂਸ ਕਰਦਾ ਸਾਂ, ਪਰ ਜਦੋਂ ਸ਼ਾਮੀਂ ਸੁਹੇਲ ਸਿੰਘ ਘਰ ਆਉਂਦੇ, ਨਿੱਕੀਆਂ-ਨਿੱਕੀਆਂ ਗੱਲਾਂ ਕਰਦੇ ਤਾਂ ਮੇਰੀ ਸਾਰੀ ਝਿਜਕ ਦੂਰ ਕਰ ਦਿੰਦੇ।

1991 ਵਿਚ ਮੈਂ ਐਮ.ਫਿਲ਼ ਕਰਕੇ ਵਿਹਲਾ ਸਾਂ। ਘਰ ਸੋਚ ਵਿਚਾਰ ਕੇ ਫ਼ੈਸਲਾ ਕੀਤਾ ਗਿਆ ਕਿ ਪੱਤਰਕਾਰੀ ਵਾਲੇ ਖੇਤਰ ਵਿਚ ਪਿਆ ਜਾਵੇ। ਭਾਪਾ ਜੀ ਨੇ ਮੈਨੂੰ ਸੁਹੇਲ ਸਿੰਘ ਦੇ ਲੜ ਲਾ ਦਿੱਤਾ। ਮੈਂ ਸਵੇਰੇ ਘਰੋਂ ਰੋਟੀ ਖਾ ਜਲੰਧਰ ਦੀ ਬੱਸ ਫੜ 'ਲੋਕ ਲਹਿਰ' ਅਖ਼ਬਾਰ ਦੇ ਦਫ਼ਤਰ ਚਲੇ ਜਾਣਾ। ਸੁਹੇਲ ਸਿੰਘ ਸੰਪਾਦਕ ਸਨ। ਉਨ੍ਹਾਂ ਪੱਤਰਕਾਰੀ ਦੀਆਂ ਬਰੀਕੀਆਂ ਸਮਝਾਉਣੀਆਂ ਤੇ ਰੋਜ਼ ਕੋਈ ਨਾ ਕੋਈ ਨੈਸ਼ਨਲ ਨਿਊਜ਼ ਦਾ ਪੰਜਾਬੀ ਅਨੁਵਾਦ ਕਰਨ ਨੂੰ ਦੇ ਦੇਣਾ। ਉਸ ਖ਼ਬਰ ਦੀ ਸੁਰਖੀ ਬਣਾਉਣ ਨੂੰ ਕਹਿਣਾ। ਦਰੁਸਤੀ ਕਰਦੇ ਸਮੇਂ ਕਹਿਣਾ ਕਿ ਇਹ ਸੁਰਖੀ ਛੋਟੀ, ਤਿੱਖੀ ਅਤੇ ਭਾਵਪੂਰਤ ਹੋਣੀ ਚਾਹੀਦੀ ਹੈ। ਅੱਖਰਾਂ ਦਾ ਸਾਈਜ਼ ਏਨਾ ਹੋਣਾ ਚਾਹੀਦਾ ਹੈ। ਉਸ ਵਕਤ ਹੱਥ ਨਾਲ ਕੰਪੋਜ਼ਿੰਗ ਕੀਤੀ ਜਾਂਦੀ ਸੀ, ਹਰ ਕੋਈ ਆਪਣੇ-ਆਪਣੇ ਕੰਮ ਵਿਚ ਲੱਗਾ ਹੁੰਦਾ। ਮੈਨੂੰ ਆਪਣੇ ਇਲਾਕੇ ਦੀ ਡਾਇਰੀ ਲਿਖਣ ਨੂੰ ਕਹਿੰਦੇ। ਲੋਕਾਂ ਦੇ ਮਸਲਿਆਂ ਬਾਰੇ ਖ਼ਬਰ ਬਣਾਉਣ ਲਈ ਪ੍ਰੇਰਿਤ ਕਰਦੇ। ਹੌਲੀ-ਹੌਲੀ ਮੈਂ ਆਪਣੇ ਇਲਾਕੇ ਬਾਰੇ ਲਿਖਣਾ ਸ਼ੁਰੂ ਕੀਤਾ। ਦਰਿਆ ਬਿਆਸ ਦੇ ਪੁਲ਼ ਦੀ ਖ਼ਸਤਾ ਹਾਲਤ, ਦਰਿਆ ਵਿਚ ਉੱਗੇ ਕੱਖ ਕੰਡੇ ਬਾਰੇ, ਰਾਧਾ ਸਵਾਮੀ ਡੇਰੇ ਵਾਲਿਆਂ ਵਲੋਂ ਲਾਗਲੇ ਪਿੰਡਾਂ ਦੀ ਧੱਕੇ ਨਾਲ ਕਬਜ਼ਾ ਕੀਤੀ ਜ਼ਮੀਨ ਆਦਿ ਬਾਰੇ ਲਿਖਣਾ ਸ਼ੁਰੂ ਕੀਤਾ। ਕੁੱਝ ਮਹੀਨਿਆਂ ਬਾਅਦ ਮੇਰੀ ਗੁਰੂ ਨਾਨਕ ਨੈਸ਼ਨਲ ਕਾਲਜ, ਨਕੋਦਰ ਆਰਜ਼ੀ ਤੌਰ 'ਤੇ ਚੋਣ ਹੋ ਗਈ ਅਤੇ ਮੈਂ ਸਭ ਕੁੱਝ ਛੱਡ-ਛੁਡਾ ਕੇ ਕਾਲਜ ਲੈਕਚਰਾਰ ਲੱਗ ਗਿਆ।

ਪੰਜਾਬ ਦੇ ਮਾਹੌਲ ਦੇ ਅਜੇ ਸੁਧਰਨ ਦੀ ਕੋਈ ਆਸ ਨਜ਼ਰ ਨਹੀਂ ਸੀ ਆਉਂਦੀ। ਖੱਬੇ ਪੱਖੀ ਲੇਖਕਾਂ/ਪੱਤਰਕਾਰਾਂ ਉੱਪਰ ਲਗਾਤਾਰ ਹਮਲੇ ਹੁੰਦੇ ਰਹਿੰਦੇ। ਸੁਹੇਲ ਸਿੰਘ ਹੁਰਾਂ ਦੀ ਕਲਮ ਨਿਰੰਤਰ ਵੱਖਵਾਦੀ ਤਾਕਤਾਂ ਖ਼ਿਲਾਫ਼ ਚੱਲਦੀ ਰਹੀ। ਉਨ੍ਹਾਂ ਨਿਧੜਕ ਹੋ ਕੇ ਪੰਜਾਬੀ ਜਨ-ਸਧਾਰਨ ਦਾ ਸਾਥ ਦਿੱਤਾ। 'ਲੋਕ-ਲਹਿਰ' ਅਜਿਹੇ ਭਿਆਨਕ ਸਮੇਂ ਵਿਚ ਧਰਮ ਨਿਰਪੱਖ ਅਤੇ ਲੋਕਤੰਤਰੀ ਤਾਕਤਾਂ ਪ੍ਰਤਿ ਆਪਣੀ ਆਵਾਜ਼ ਉਠਾਉਂਦੀ ਰਹੀ। ਇਹ ਅਖ਼ਬਾਰ ਤੇ ਸੁਹੇਲ ਸਿੰਘ ਇਕ ਦੂਸਰੇ ਦੀ ਪਛਾਣ ਸਨ। ਅਜੋਕੇ ਸਮੇਂ ਵਿਚ ਅਜਿਹੇ ਪ੍ਰਤੀਬੱਧ ਮਨੁੱਖਾਂ ਦੀ ਅਣਹੋਂਦ ਕਾਫ਼ੀ ਰੜਕਦੀ ਹੈ।

*(ਸਿੱਖ ਨੈਸ਼ਨਲ ਕਾਲਜ, ਕਾਦੀਆਂ)*

-ਸੁਹੇਲ

# 1. ਅੱਠ ਵਰ੍ਹੇ ਪਿਛੋਂ

ਇਹ 9151 ਦੀ ਗੱਲ ਹੈ। ਮੈਂ ਉਸ ਵੇਲੇ ਤਰਸਿੱਕਾ ਹਾਈ ਸਕੂਲ ਵਿਚ 8ਵੀਂ ਜਮਾਤ ਵਿਚ ਪੜ੍ਹਦਾ ਸਾਂ। ਇਨ੍ਹਾਂ ਹੀ ਦਿਨਾਂ ਵਿਚ ਸਾਡੇ ਇਲਾਕੇ ਵਿਚ ਨਵੀਂ ਨਹਿਰ ਪੁੱਟੀ ਗਈ ਸੀ। ਇਸ ਨਵੀਂ ਨਹਿਰ ਦੇ ਚਾਅ ਵਿਚ ਅਸੀਂ ਸਾਰੇ ਪਾੜ੍ਹੇ ਫੁੱਲੇ ਨਹੀਂ ਸਾਂ ਸਮਾਇਆ ਕਰਦੇ। ਭਾਵੇਂ ਅਜੇ ਨਹਿਰ ਦੇ ਮੁੱਦੇ ਹੀ ਲਗ ਰਹੇ ਸਨ ਪਰ ਅਸਾਂ ਨਹਾਉਣ ਲਈ ਛੀਟ ਦੀਆਂ ਰੁਮਾਲੀਆਂ ਇਕ ਮਹੀਨਾ ਪਹਿਲਾਂ ਹੀ ਸਵਾ ਲਈਆਂ ਸਨ। ਸਕੂਲੋਂ ਛੁੱਟੀ ਹੁੰਦਿਆਂ ਸਾਰ ਹੀ ਅਸੀਂ ਸੰਤੋੜ ਨੱਠ ਪੈਂਦੇ ਅਤੇ ਨਹਿਰ ਤੇ ਆ ਕੇ ਦਮ ਲੈਂਦੇ। ਮੁੱਦੇ ਪੌਣ ਵਾਲੇ ਮਜ਼ਦੂਰਾਂ ਨੂੰ ਅਸੀਂ ਨਹਿਰ ਵਿਚ ਪਾਣੀ ਛੱਡਣ ਬਾਰੇ ਪੁੱਛਦੇ ਰਹਿੰਦੇ। ਪਰ ਉਹ ਰੋਜ਼ ਸਾਨੂੰ ਅੱਜ ਭਲਕ ਕਹਿ ਕੇ ਟਾਲ਼ ਛੱਡਦੇ।

ਇਕ ਦਿਨ ਅੱਧੀ ਛੁੱਟੀ ਤੋਂ ਪਹਿਲਾਂ ਹੀ ਸਕੂਲ ਦੀ ਘੰਟੀ ਖੜਕ ਗਈ। ਸਾਰਾ ਸਕੂਲ ਗਰਾਊਂਡ ਵਿਚ ਇਕੱਠਾ ਹੋ ਗਿਆ। ਹੈੱਡਮਾਸਟਰ ਨੇ ਦੱਸਣਾ ਸ਼ੁਰੂ ਕੀਤਾ ਕਿ ਅੱਜ ਦੋ ਵਜੇ ਸਾਡੇ ਆਬਪਾਸ਼ੀ ਮੰਤਰੀ ਰਾਮਪੁਰ ਵਾਲੀ ਨਵੀਂ ਪੁੱਟੀ ਨਹਿਰ ਵਿਚ ਪਾਣੀ ਛੱਡ ਰਹੇ ਹਨ ਅਤੇ ਇਸ ਮੌਕੇ 'ਤੇ ਸਾਨੂੰ ਵੀ ਉੱਥੇ ਪੁੱਜਣ ਦੀ ਹਦਾਇਤ ਆਈ ਹੈ। ਇਸ ਲਈ ਅਸੀਂ ਸਕੂਲ ਬੰਦ ਕਰਕੇ ਉਥੇ ਜਾ ਰਹੇ ਹਾਂ। ਛੁੱਟੀ ਦਾ ਨਾਂ ਸੁਣਦਿਆਂ ਹੀ ਸਾਰੇ ਵਿਦਿਆਰਥੀਆਂ ਵਿਚ ਖੁਸ਼ੀ ਦੀ ਲਹਿਰ ਦੌੜ ਗਈ। ਮੈਂ ਤੇ ਮੇਰੇ ਜੋਟੀਦਾਰ, 'ਨਹਿਰ ਵਿਚ ਪਾਣੀ ਛੱਡਣ' ਦੀ ਖ਼ਬਰ ਸੁਣ ਕੇ ਏਨੇ ਖੁਸ਼ ਹੋਏ ਕਿ ਅਸੀਂ ਪਾਗਲਾਂ ਵਾਂਗੂੰ ਭੁੜਕਣਾ ਸ਼ੁਰੂ ਕਰ ਦਿੱਤਾ। ਸਾਰੀਆਂ ਕਲਾਸਾਂ ਦੀਆਂ ਲਾਈਨਾਂ ਲੱਗ ਗਈਆਂ ਅਤੇ ਪੀ.ਟੀ. ਸਾਹਿਬ ਨੇ ਹੁਕਮ ਦਿੱਤਾ ਕਿ ਸਾਰੇ ਮੁੰਡੇ ਚੌਹ-ਚੌਹ ਦੀ ਲਾਈਨ ਵਿਚ ਮਾਰਚ ਕਰਨ। ਪਰ ਅਸੀਂ ਇਸ ਪਲਾਟੂਨ ਵਿਚ ਸ਼ਾਮਲ ਨਾ ਹੋਏ ਅਤੇ ਲੱਕੜ ਦੀਆਂ ਸੀਖਾਂ ਵਾਲੀ ਬਾਰੀ ਥਾਣੀ, ਜਿਸ ਦੀ ਕਿ ਇਕ ਸੀਖ ਟੁੱਟੀ ਹੋਈ ਸੀ ਅਤੇ ਜਿਸ ਥਾਣੀ ਸਕੂਲੋਂ ਲੇਟ ਹੋਣ ਕਾਰਨ ਅਸੀਂ ਰੋਜ਼ ਲੰਘਦੇ ਹੁੰਦੇ ਸਾਂ, ਨਿਕਲ਼ ਕੇ ਸਕੂਲ ਦੇ ਓਹਲੇ-ਓਹਲੇ ਨਹਿਰ ਦੇ ਪੁਲ਼ ਨੂੰ ਨਸ ਗਏ।

ਪੁਲ਼ ਉੱਤੇ ਮੇਲਾ ਲੱਗਾ ਹੋਇਆ ਸੀ। ਇਕ ਬਹੁਤ ਵੱਡੇ ਪੰਡਾਲ ਵਿਚ ਇਕ ਜਲਸਾ ਹੋ ਰਿਹਾ ਸੀ ਜਿਸ ਵਿਚ ਰੇਡੀਓ ਸਿੰਗਰ ਅਤੇ ਹੋਰ ਗੀਤਕਾਰ ਆਪਣੀਆਂ ਸੁਰੀਲੀਆਂ ਸੁਰਾਂ ਅਤੇ ਮਿੱਠੇ ਗੀਤਾਂ ਨਾਲ ਦੂਰ-ਦੂਰ ਤੋਂ ਆਏ ਲੋਕਾਂ ਦਾ ਥਕੇਵਾਂ ਲਾਹ ਰਹੇ ਸਨ। ਕੋਈ ਦੋ ਘੰਟੇ ਇਹ ਪ੍ਰੋਗਰਾਮ ਚਲਦਾ ਰਿਹਾ। ਵਜ਼ੀਰ ਸਾਹਿਬ ਨੇ ਆਪਣੀ ਛੋਟੀ ਜਿਹੀ ਤਕਰੀਰ ਕੀਤੀ, ਜਿਸ ਵਿਚ ਉਸ ਦੇਸ਼ ਦੀ ਖੁਸ਼ਹਾਲੀ ਦੇ ਸੋਹਲੇ ਗਾਵੇਂ ਅਤੇ ਪਿਛੋਂ ਇਹ ਸਾਰਾ ਪੰਡਾਲ ਵੱਡੀ ਨਹਿਰ ਦੀ ਠੋਕਰ ਨੂੰ ਚਲ ਪਿਆ। ਵਜ਼ੀਰ ਸਾਹਿਬ ਨੇ ਆਪਣੇ ਪਵਿੱਤਰ ਹੱਥਾਂ ਨਾਲ ਫ਼ੱਟੇ ਚੁੱਕੇ। ਘਰਲ-ਘਰਲ ਕਰਦਾ ਪਾਣੀ ਠੋਕਰ ਤੋਂ ਥੱਲੇ ਡਿੱਗ ਪਿਆ। ਕਿਸਾਨਾਂ ਨੇ ਕਪੜਿਆਂ ਸਣੇ ਨਹਿਰ ਵਿਚ ਛਾਲਾਂ ਮਾਰ ਦਿੱਤੀਆਂ ਅਤੇ ਭੰਗੜੇ ਪਾਉਣ ਲੱਗ ਪਏ। ਲੋਕਾਂ ਵਲ ਵੇਖ ਕੇ ਅਸੀਂ ਵੀ ਕਪੜਿਆਂ ਸਣੇ ਛਾਲਾਂ ਮਾਰ ਦਿੱਤੀਆਂ ਅਤੇ ਰੱਜ ਕੇ ਭੰਗੜਾ ਪਾਇਆ ਤੇ ਤਾਰੀਆਂ ਲਾਈਆਂ। ਪਾਣੀ ਦੇ ਨਾਲ਼-ਨਾਲ਼ ਅਸੀਂ ਤੁਰੇ ਗਏ। ਠੋਕਰ ਸਾਡੇ ਪਿੰਡ ਤੋਂ ਕੋਈ ਦੋ ਮੀਲ ਸੀ। ਤਰਕਾਲੀ ਪਈ ਪਿੰਡ ਦੀ ਬਰੋਬਰੇ ਨਕਾਲ਼ ਪੁੱਜਾ। ਸਾਡੇ ਪਿੰਡ ਦੀਆਂ ਬਹੁਤ ਸਾਰੀਆਂ ਤੀਵੀਆਂ ਕੱਚੀ ਲੱਸੀ ਲੈ ਕੇ ਆਈਆਂ ਅਤੇ ਨਹਿਰ ਵਿਚ ਲੱਸੀ ਡੋਲ੍ਹ ਕੇ ਉਨ੍ਹਾਂ ਇਸ ਤਰ੍ਹਾਂ ਮੱਥਾ ਟੇਕਿਆ ਜਿਸ ਤਰ੍ਹਾਂ ਉਹ ਗੁਰਦੁਆਰੇ ਖੜ੍ਹੀਆਂ ਹੋਣ। ਅੱਧੀ ਰਾਤ ਤਕ ਲੋਕੀ ਨਹਿਰ ਦਾ ਪਾਣੀ ਵੇਖਣ ਆਉਂਦੇ ਰਹੇ। ਨਹਿਰ ਤੇ ਘੁਮਿਆਰਾਂ ਦੇ ਮੁੰਡੇ ਨਾਲ ਮੈਂ ਝਗੜ ਪਿਆ ਅਤੇ ਸਾਡੇ ਦੋਹਾਂ ਵਿਚਕਾਰ ਕਾਫ਼ੀ ਧੌਲ ਮੁੱਕੀ ਹੋਈ ਅਤੇ ਲੜਦਿਆਂ ਹੋਇਆਂ ਮੈਂ ਉਸ ਵੱਲ ਵਗਾਹ ਕੇ ਸਲੇਟ ਮਾਰੀ, ਜਿਹੜੀ ਕਿ ਉਸ ਦੇ ਤਾਲੂ ਵਿਚ ਲੱਗੀ ਅਤੇ ਉਹ ਬੇਹੋਸ਼ ਹੋ ਗਿਆ। ਮੈਂ ਘਰਦਿਆਂ ਦੀ ਕੁੱਟ ਫਾਟ ਤੋਂ ਡਰਦਾ ਰਾਤੋ ਰਾਤ ਆਪਣੇ ਨਾਨਕੀਂ ਚਲਿਆ ਗਿਆ। ਭਾਵੇਂ ਨਾਨੀ ਸਾਰੀ ਰਾਤ ਪੁੱਛਦੀ ਰਹੀ ਕਿ ਤੂੰ ਦੱਸ ਕੀਹਦੇ ਨਾਲ ਲੜ ਕੇ ਆਇਆਂ। ਪਰ ਮੈਂ ਨਾਨੀ ਨੂੰ ਕੋਈ ਉੱਘ ਸੁੱਘ ਨਾ ਦੱਸੀ ਅਤੇ ਉਸਦੀ ਜੇਬ ਵਿਚੋਂ 40 ਰੁਪਏ ਕੱਢ ਕੇ ਮੈਂ ਮੂੰਹ ਮੁਨੇਹਰੇ ਹੀ ਨਿਕਲ਼ ਗਿਆ ਅਤੇ ਅੰਮ੍ਰਿਤਸਰ ਤੋਂ ਦਿੱਲੀ ਦਾ ਟਿਕਟ ਲੈ ਕੇ ਆਪਣੇ ਮਾਮੇ ਕੋਲ ਦਿੱਲੀ ਚਲਿਆ ਗਿਆ। ਮਾਮੇ ਨੇ ਮੈਨੂੰ ਮਿਸ਼ਨ ਹਾਈ ਸਕੂਲ ਵਿਚ ਦਾਖ਼ਲ ਕਰਾ ਦਿੱਤਾ। ਏਥੇ ਦਿੱਲੀ ਵਰਗੇ ਵੱਡੇ ਸ਼ਹਿਰ ਵਿਚ ਮੇਰੇ ਦਿਲ ਪਰਚਾਵੇਂ ਲਈ ਸਿਨਮੇ ਸਨ, ਸੈਰ ਕਰਨ ਲਈ ਬਾਗ ਸਨ, ਅਤੇ ਨਹਾਉਣ ਲਈ ਤਲਾਬ ਅਤੇ ਫੁਹਾਰੇ ਸਨ ਅਤੇ ਹੋਰ ਕੀ ਕੁਝ ਨਹੀਂ ਸੀ ਮੇਰੇ ਪਾਸ ਸਭ ਕੁਝ ਹੀ ਤਾਂ ਸੀ। ਪਰ ਇਹ ਸਭ ਕੁਝ ਹੁੰਦਿਆਂ ਹੋਇਆਂ ਵੀ ਮੈਨੂੰ, ਆਪਣੇ ਮਿੱਤਰਾਂ ਨਾਲ਼, ਸਕੂਲ ਵਿਚ ਬਿਤਾਏ ਹੋਏ ਦਿਨ ਨਹੀਂ ਸਨ ਭੁੱਲ ਰਹੇ।

ਮੇਰੇ ਘਰ ਦੇ ਏਥੇ ਆ ਕੇ ਹੀ ਮੈਨੂੰ ਮਿਲ ਜਾਇਆ ਕਰਦੇ ਸਨ। ਦਸਵੀਂ ਪਾਸ ਕਰਨ ਤੋਂ ਪਿਛੋਂ ਮੇਰੇ ਮਾਮਾ ਜੀ ਨੇ ਮੈਨੂੰ ਨੇਵੀ ਵਿਚ ਭਰਤੀ ਕਰਵਾ ਦਿੱਤਾ। ਮਿਲਟਰੀ ਵਿਚ ਚੰਗਾ ਅਫ਼ਸਰ ਹੋਣ ਕਾਰਨ ਉਸ ਦੀ ਬੜੀ ਮੰਨੀ ਜਾਂਦੀ ਸੀ। ਇਸ ਲਈ ਮੈਂ ਛੇਤੀ ਹੀ ਇਕ ਚੰਗੇ ਅਹੁਦੇ 'ਤੇ ਪੁੱਜ ਗਿਆ। ਇਸ ਨੌਕਰੀ ਸਮੇਂ ਜਿਹੜੀ ਥੋੜ੍ਹੀ ਬਾਹਲੀ ਛੁੱਟੀ ਮਿਲ਼ਦੀ ਸੀ ਉਹ ਮੈਂ ਮਾਮੇ ਪਾਸ ਦਿੱਲੀ ਹੀ ਕੱਟ ਜਾਇਆ ਕਰਦਾ ਸੀ।

ਇਸ ਸਾਲ ਦੀਆਂ ਛੁੱਟੀਆਂ ਵਿਚ ਮੈਂ ਪੂਰੇ ਅੱਠਾਂ ਵਰ੍ਹਿਆਂ ਪਿਛੋਂ ਪਿੰਡ ਜਾ ਰਿਹਾ ਸਾਂ। ਗਿਆਰਾਂ ਵਜੇ ਰਾਤ ਨੂੰ ਸਾਡੀ ਗੱਡੀ ਜਲੰਧਰ ਸਟੇਸ਼ਨ ਤੇ ਪੁੱਜੀ। ਜਦੋਂ ਮੈਂ ਸਟੇਸ਼ਨ ਤੋਂ ਬਾਹਰ ਆਇਆ ਤਾਂ ਕੁਝ ਬੰਦੇ ਉੱਚੀ-ਉੱਚੀ ਨਾਹਰੇ ਲਾ ਰਹੇ ਸਨ "ਖੁਸ਼ਹੈਸੀਅਤੀ ਨਹੀਂ ਦਿਆਂਗੇ" ਮੈਨੂੰ ਸਮਝ ਨਹੀਂ ਸੀ ਆ ਰਹੀ ਕਿ ਇਹ "ਖੁਸ਼ਹੈਸ਼ੀਅਤੀ" ਕੀ ਬਲ਼ਾ ਹੈ। ਪਲ਼ੇਟ ਫਾਰਮ ਤੇ ਖੜੇ ਇਕ ਸੱਜਣ ਤੋਂ ਪੁੱਛਣ ਤੇ ਮੈਨੂੰ ਪਤਾ ਲਗਾ ਕਿ ਇਹ ਇਕ ਟੈਕਸ ਹੈ। 'ਪਰ ਇਨ੍ਹਾਂ ਨੂੰ ਪੁਲਸ ਨੇ ਕਿਉਂ ਫੜਿਆ ਹੋਇਆ ਹੈ' ਮੈਂ ਉਸ ਸੱਜਣ ਨੂੰ ਪੁੱਛਿਆ। "ਸਰਦਾਰ ਜੀ ਇਹ ਕਹਿੰਦੇ ਨੇ ਕਿ ਅਸੀਂ ਟੈਕਸ ਨਹੀਂ ਦੇਣਾ ਇਸ ਲਈ, ਸਰਕਾਰ ਇਨ੍ਹਾਂ

ਨੂੰ ਜੇਲ੍ਹਾਂ ਵਿਚ ਦੇ ਰਹੀ ਹੈ।"

ਮੈਂ ਉਸ ਤੋਂ ਇਸ ਟੈਕਸ ਬਾਰੇ ਕੁਝ ਹੋਰ ਵਾਕਫ਼ੀ ਲੈਣੀ ਚਾਹੀ ਪਰ ਗੱਡੀ ਆ ਜਾਣ ਕਾਰਨ ਸਾਡੀ ਗੱਲਬਾਤ ਟੁੱਟ ਗਈ। ਹਨ੍ਹੇਰਾ ਹੋਣ ਕਾਰਨ ਮੈਂ ਪਿੰਡ ਜਾਣਾ ਚੰਗਾ ਨਾ ਸਮਝਿਆ ਅਤੇ ਰਾਤ ਸਰਾਂ ਵਿਚ ਕੱਟੀ। ਸਵੇਰੇ ਉੱਠਦਿਆਂ ਹੀ ਮੈਂ ਪਹਿਲੀ ਬਸ ਫੜ ਕੇ ਪਿੰਡ ਨੂੰ ਚੱਲ ਪਿਆ। ਜਦੋਂ ਮੈਂ ਅੱਡੇ ਤੋਂ ਉੱਤਰ ਕੇ ਪਿੰਡ ਵੱਲ ਝਾਕਿਆ ਤਾਂ ਨਹਿਰ ਦੇ ਪੁਲ ਉੱਤੇ ਮੈਨੂੰ ਆਦਮੀਆਂ ਦੀ ਬਹੁਤ ਵੱਡੀ ਭੀੜ ਵਿਖਾਈ ਦਿੱਤੀ। ਅੱਡੇ ਵਿਚ ਪੁਲਸ ਦੀਆਂ ਅੱਠ ਸੱਤ ਲਾਰੀਆਂ ਖੜੀਆਂ ਸਨ। ਪਿੰਡ ਨੂੰ ਜਾਣ ਵਾਲੇ ਹਰ ਬੰਦੇ ਨੂੰ ਪੁਲਸ ਕਪਤਾਨ ਨੇ ਮੈਨੂੰ ਸਿਰਫ ਏਨਾ ਹੀ ਪੁੱਛਿਆ ਸੀ "ਤੁਸੀਂ ਧਨਿਆਲ ਜਾ ਰਹੇ ਹੋ ਸਰਦਾਰ ਸਾਹਿਬ।" ਮੈਂ ਹਾਂ ਵਿਚ ਉੱਤਰ ਦਿੱਤਾ ਅਤੇ ਰਾਹੇ-ਰਾਹੇ ਚਲ ਪਿਆ। ਨਹਿਰ ਦੇ ਪੁਲ 'ਤੇ ਖੜੀ ਭੀੜ ਮੇਰੇ ਨੇੜੇ ਹੁੰਦੀ ਗਈ ਅਤੇ ਅਖੀਰ ਮੈਂ ਇਸ ਭੀੜ ਵਿਚ ਆ ਖੜਿਆ। ਨਹਿਰ ਦੀ ਪਟੜੀ ਉੱਤੇ ਦੋ ਲਾਸ਼ਾਂ ਸਹਿਕ ਰਹੀਆਂ ਸਨ। ਇਕ ਲਾਸ਼ ਘੁਮਿਆਰਾਂ ਦੇ ਮੁੰਡੇ ਦੀ ਸੀ ਜਿਸ ਨਾਲ ਮੈਂ ਉਸ ਰਾਤ ਲੜਿਆ ਸੀ ਜਿਸ ਰਾਤ ਪਹਿਲੀ ਵਾਰ ਨਹਿਰ ਦਾ ਪਾਣੀ ਸਾਡੇ ਪਿੰਡ ਆਇਆ ਸੀ ਅਤੇ ਦੂਜੀ ਲਾਸ਼ ਮਾਈ ਭਗਵਾਨੀ ਦੀ ਸੀ ਜਿਹੜੀ ਨਵੀਂ ਨਹਿਰ ਦੇ ਚਾਅ ਵਿਚ ਕੱਚੀ ਲੱਸੀ ਡੋਲ੍ਹ ਕੇ ਇਸ ਪਾਣੀ ਨੂੰ ਮੱਥਾ ਟੇਕ ਕੇ ਗਈ ਸੀ। ਮੇਰੀਆਂ ਅੱਖਾਂ ਅੱਗੇ ਸਟੇਸ਼ਨ ਵਾਲੇ ਉਹ ਆਦਮੀ ਭੌਂ ਰਹੇ ਸਨ ਜਿਹੜੇ ਕਿ ਬੜੇ ਜੋਸ਼ ਵਿਚ ਨਾਹਰੇ ਲਾ ਰਹੇ ਸਨ। ਇਹ ਓਹੋ ਹੀ ਪਾਣੀ ਸੀ ਜਿਸ ਵਿਚ ਅੱਜ ਤੋਂ ਅੱਠ ਵਰ੍ਹੇ ਪਹਿਲਾਂ ਅਸਾਂ ਗਿੱਧੇ ਤੇ ਭੰਗੜੇ ਪਾਏ ਸਨ ਅਤੇ ਇਸ ਪਾਣੀ ਨੂੰ ਸਾਡੀਆਂ ਮਾਵਾਂ ਤੇ ਭੈਣਾਂ ਨੇ ਗੁਰੂਆਂ ਵਾਂਗ ਪੂਜਿਆ ਸੀ ਅਤੇ ਇਸ ਵਿਚ ਕੱਚੀ ਲੱਸੀ ਦਾ ਤ੍ਰੌਂਕਾ ਦਿੱਤਾ ਸੀ। ਪਰ ਅੱਜ ਇਸ ਪਾਣੀ ਕੰਢੇ ਖੜੇ ਲੋਕ ਵੈਣ ਪਾ ਰਹੇ ਸਨ, ਵਿਰੁਲੇ ਕਰ ਰਹੇ ਸਨ ਅਤੇ ਕੱਚੀ ਲੱਸੀ ਦੀ ਥਾਂ ਅੱਜ ਇਸ ਵਿਚ ਖ਼ੂਨ ਦੇ ਫੁਹਾਰੇ ਪੈ ਰਹੇ ਸਨ। ਮੈਂ ਪੁਲ ਉੱਤੇ ਖੜਾ ਸੀ ਅਤੇ ਮੇਰੇ ਦਿਮਾਗ ਵਿਚ ਅੱਠ ਵਰ੍ਹੇ ਪਹਿਲਾਂ ਦਾ ਸੀਨ ਫ਼ਿਲਮ ਵਾਗੂੰ ਦਿਖਾਈ ਦੇ ਰਿਹਾ ਸੀ ਅਤੇ ਅੱਠ ਵਰ੍ਹੇ ਪਿੱਛੋਂ ਦੇ ਸੀਨ ਨੂੰ ਮੈਂ ਆਪਣੀਆਂ ਅੱਖਾਂ ਨਾਲ ਵੇਖ ਰਿਹਾ ਸੀ...।

## 2. ਬੰਜਰ ਧਰਤੀ

ਰੂੜਾ ਘਰਦਿਆਂ ਦਾ ਇਕੋ ਇਕ ਪੁੱਤਰ ਸੀ। ਪਿਉ ਉਸ ਦਾ ਨਿੱਕੇ ਹੁੰਦੇ ਦਾ ਹੀ ਮਰ ਗਿਆ ਸੀ ਅਤੇ ਮਾਂ ਉਸ ਨੂੰ ਤੇ ਉਸ ਦੀ ਭੈਣ ਨੂੰ ਇਸ ਦੁਨੀਆਂ ਦੇ ਧੱਕੇ ਧੋੜੇ ਖਵਾਣ ਲਈ ਪਾਲ ਪੋਸ ਕੇ ਜਵਾਨ ਕਰ ਗਈ ਸੀ ਤੇ ਆਪ ਚੱਲਦੀ ਬਣੀ ਸੀ। ਮਾਂ ਦੀ ਮੌਤ ਤੋਂ ਥੋੜ੍ਹਾ ਹੀ ਚਿਰ ਪਿਛੋਂ ਉਸ ਦਾ ਵਿਆਹ ਹੋ ਗਿਆ ਅਤੇ ਉਹ ਵੀ ਕਿੰਨੇ ਹੋਣ ਦੇਣਾ ਸੀ, ਜੇ ਇਹ ਚਾਰ ਸਿਆੜ ਨਾ ਹੁੰਦੇ ਤੇ। ਨਾਲ਼ੇ ਸ਼ਰੀਕਾਂ ਨੇ ਕਿਹੜੀ ਕਸਰ ਛੱਡੀ ਸੀ, ਆਪਣੀ ਪੂਰੀ ਵਾਹ ਲਾਈ ਸੀ, ਭਈ ਇਹਦਾ ਸੌਹਰੇ ਦਾ ਘਰ ਨਾ ਵਸ ਜਾਏ। ਇਹ ਦੁਨੀਆਂ ਵੀ ਕਿੱਡੀ ਬੇਅਨਿਆਂ ਏਂ ਦੁੱਖਦੇ ਥਾਂ ਸੱਟ ਮਾਰਦੀ ਏ। ਬਥੇਰੀਆਂ ਊਜਾਂ ਲਾਈਆਂ ਗਈਆਂ, ਬਥੇਰਾ ਚਿੱਕੜ ਉਛਾਲਿਆ ਗਿਆ ਕਿ ਮੁੰਡਾ ਸ਼ਰਾਬੀ ਏ, ਇਹਦੀ ਬਹਿਣੀ ਖਲੋਣੀ ਨਹੀਂ ਚੰਗੀ ਤੇ ਹੋਰ ਜਿੰਨੀਆਂ ਵੀ ਗੱਲਾਂ ਕਿਸੇ ਦੀ ਝੂਠੀ ਗਵਾਹੀ ਦੇਣ



ਵੇਲੇ ਕਹੀਆਂ ਜਾਂਦੀਆਂ ਹਨ ਸਭ ਕਹੀਆਂ ਗਈਆਂ। ਪਰ ਧੀ ਵਾਲ਼ਿਆਂ ਸਮਾਜ ਦੇ ਠੇਕੇਦਾਰਾਂ ਦੀ ਇਕ ਨਾ ਸੁਣੀ ਅਤੇ ਮੁੰਡੇ ਨੂੰ ਸੱਦ ਕੇ ਕੁੜੀ ਦੇ ਫੇਰੇ ਕਰ ਦਿੱਤੇ।

ਪਿੰਡ ਵਿਚ ਕਈ ਦਿਨ ਗੱਲਾਂ ਚੱਲਦੀਆਂ ਰਹੀਆਂ 'ਜੱਟ ਕਿੱਡੇ ਪਾਗਲ ਨਿਕਲ਼ੇ ਕੁੜੀ ਵੇਖੋ ਕਿਥੇ ਦੇ ਦਿੱਤੀ ਆ, ਨਾ ਸੱਸ ਨਾ ਸੌਹਰਾ..." "ਤੇ ਕੁੜੀ ਵਾਲੇ ਵੀ ਰਾਣੇ ਇਹੋ ਜਿਹੇ ਹੀ ਹੋਣੇ ਆਂ, ਨਾ ਔਤਰਿਆਂ ਜੰਞ ਦੇ ਦਸ ਬੰਦੇ ਸੱਦੇ, ਨਾ ਮਿਲਣੀ, ਨਾ ਮੁਕਲਾਵਾ ਤੋਰਿਆ ਨਾ ਤਰਾਜਵਾਂ, ਵੇਖੋ ਭੈਣੋਂ ਚਾਰ ਬੰਦੇ ਸਵੇਰੇ ਗਏ ਤੇ ਤਰਕਾਲਾਂ ਨੂੰ ਵਿਆਹ ਕੇ ਲੈ ਆਏ।" ਭੱਠੀਆਂ, ਤਨੂਰਾਂ, ਖੂਹੀਆਂ ਅਤੇ ਤ੍ਰਿੰਞਣਾਂ ਵਿਚ ਇਹ ਗੱਲਾਂ ਆਮ ਚੱਲਦੀਆਂ ਰਹੀਆਂ। ਇਸ ਸਾਰੀ ਟੋਕਾ ਟੋਕੀ ਦਾ ਕਾਰਨ ਸੀ ਸਾਡੇ ਸਮਾਜ ਦੀਆਂ ਭੈੜੀਆਂ ਰੀਤਾਂ।

ਰੂੜੇ ਦਾ ਭਾਈਚਾਰਾ ਤੇ ਸ਼ਰੀਕਾ ਬਰਾਦਰੀ ਇਹ ਚਾਹੁੰਦੇ ਸਨ ਕਿ ਸੌ ਪੰਜਾਹ ਆਦਮੀ ਜੰਞ ਦੇ ਖੜੇ ਜਾਣ ਅਤੇ ਵਾਜਿਆਂ ਗਾਜਿਆਂ ਤੇ ਢੋਲ ਢਮੱਕਿਆਂ ਨਾਲ ਕਾਰਾਂ ਉੱਤੇ ਜੰਞ ਦਾ ਢੁਕਾ ਹੋਵੇ ਅਤੇ ਦੋ ਚਾਰ ਹਜ਼ਾਰ ਦੇ ਵਰੀ ਗਹਿਣੇ ਵੀ ਬਣਾਏ ਜਾਣ ਅਤੇ ਇਸ ਕੰਮ ਲਈ ਚੋਖੇ ਰੁਪਏ ਦੀ ਲੋੜ ਸੀ, ਜਿਸ ਲਈ ਉਹ ਰੂੜੇ ਨੂੰ ਪੈਲ਼ੀ ਗਹਿਣੇ ਪਾਉਣ ਤੇ ਮਜ਼ਬੂਰ ਕਰ ਰਹੇ ਸਨ। ਪਰ ਰੂੜਾ ਇਸ ਸਭ ਕੁਝ ਦੇ ਵਿਰੁੱਧ ਸੀ। ਉਹ ਇਨ੍ਹਾਂ ਭੈੜੀਆਂ ਰਸਮਾਂ ਨੂੰ ਨਹੀਂ ਸੀ ਕਬੂਲਦਾ ਜਿਹੜੀਆਂ ਸਾਡੇ ਸਮਾਜ ਨੂੰ ਲੇਹ ਵਾਂਗ ਖਾਈ ਜਾ ਰਹੀਆਂ ਹਨ ਅਤੇ ਆਮ ਹਾਲਤਾਂ ਵਿਚ ਸਾਡੀ ਭੁੱਖ ਨੰਗ ਅਤੇ ਗਰੀਬੀ ਦਾ ਕਾਰਨ ਬਣ ਰਹੀਆਂ ਹਨ।

ਰੂੜੇ ਦੇ ਸੌਹਰੇ ਵੀ ਚੰਗੇ ਸਿਆਣੇ ਤੇ ਅੱਗੇ ਵਧੂ ਨਿਕਲੇ। ਉਨ੍ਹਾਂ ਰੂੜੇ ਦੀ ਹਰ ਔਕੜ ਦਾ ਸਾਥ ਦਿੱਤਾ, ਰੂੜੇ ਨੂੰ ਇੰਜ ਭਾਸਦਾ ਜਿਵੇਂ ਉਸ ਨੂੰ ਨਵਾਂ ਮਾਂ ਪਿਓ ਮਿਲ ਗਿਆ ਹੋਵੇ। ਉਸ ਦੀ ਜ਼ਿੰਦਗੀ ਵਿਚ ਨਵੀਂ ਰੌਂ ਰੁਮਕ ਪਈ। ਉਸ ਨੂੰ ਬਚਪਨ ਦੇ ਸਭ ਦੁੱਖ ਭੁੱਲ ਗਏ ਅਤੇ ਪਤਨੀ ਪਿਆਰ ਤਾਂ ਉਸ ਦੇ ਦੁੱਖਾਂ ਨੂੰ ਅਸਫੰਜ ਵਾਂਗੂੰ ਚੂਸ ਗਿਆ। ਉਹ ਸਾਰੀ ਦਿਹਾੜੀ ਖੇਤਾਂ ਵਿਚ ਕੰਮ ਕਰਦਾ ਰਹਿੰਦਾ। ਸ਼ਾਮ ਨੂੰ ਜਦੋਂ ਉਸ ਦੀ ਭੈਣ ਸਕੂਲ ਤੋਂ ਵਾਪਸ ਆ ਜਾਂਦੀ ਤਾਂ ਰੂੜੇ ਦੀ ਵਹੁਟੀ ਵੀ ਖੇਤ ਵਿਚ ਜਾ ਕੇ ਆਪਣੇ ਪਤੀ ਨਾਲ ਕੰਮ ਕਰਦੀ।

ਰੂੜਾ ਆਖਿਆ ਕਰਦਾ, 'ਸਹੁੰ ਗਊ ਦੀ, ਤੂੰ ਬੜੀ ਕਰਮਾਂ ਵਾਲੀ ਆਂ। ਜਦੋਂ ਦੇ ਤੇਰੇ ਪੈਰ ਪਏ ਆ ਖੇਤਾਂ ਵਿਚ, ਖੇਤ ਤਾਂ ਉਦੋਂ ਦੇ ਸੋਨਾ ਉੱਗਲਣ ਲੱਗ ਪਏ ਨੇ।" ਤੇ ਉਸ ਦੀ ਵਹੁਟੀ ਹੱਸ ਪੈਂਦੀ। ਇਸ ਤਰ੍ਹਾਂ ਉਹ ਹੱਸਦੇ ਖੇਡਦੇ, ਗਾਉਂਦੇ ਵਜਾਉਂਦੇ ਸਾਰਾ ਦਿਨ ਖੇਤਾਂ ਵਿਚ ਕੰਮ ਕਰਦੇ ਰਹਿੰਦੇ।

ਪਿੰਡ ਦੀਆਂ ਤਖਤਪੋਸ਼ਾਂ ਕਾਰਖ਼ਾਨਿਆਂ, ਹੱਟੀਆਂ, ਬੋਹੜਾਂ ਅਤੇ ਆਮ ਬਹਿਕਾਂ ਵਿਚ ਪੁਰਾਣੇ ਬੁੱਢੇ ਗੱਲਾਂ ਕਰਦੇ "ਭਈ ਭਾਨ ਸੌਂਹ ਦੇ ਮੁੰਡੇ ਦਾ ਐਸ ਵੇਲੇ ਬੜਾ ਕੰਮ ਏਂ। ਭਈ ਭਾਨੇ ਦੀ ਨੌਂਹ ਵੀ ਬੜੀ ਸੁਲੱਗ ਨਿਕਲੀ ਆ। ਸਾਡੀਆਂ ਸਵਾਣੀਆਂ ਤਾਂ ਘਰੋਂ ਬਾਹਰ ਪੈਰ ਨਹੀਂ ਕੱਢਦੀਆਂ, ਉਹ ਸਾਰੀ-ਸਾਰੀ ਦਿਹਾੜੀ ਕੰਮ ਕਰਾਉਂਦੀ ਆ ਨਾਲ ਮੁੰਡੇ ਦੇ।" ਨਰਮਾ ਵੇਖਿਆ ਈ ਰੂੜੇ ਦੀ ਪੈਲੀ ਵਿਚ ਬੋਹੜਾਂ ਜਿੱਡੇ-ਜਿੱਡੇ ਬੂਟੇ ਆ, ਜੇ ਕਿਤੇ ਸੁੱਖ ਸੁੱਖਾਂ ਦਾ ਲਹਿ ਪਿਆ ਤਾਂ ਅਗਲੇ ਪਿਛਲੇ ਭਾਂਗੇ ਕੱਢ ਦਊਗਾ।"

ਉਹ ਲੋਕੀਂ ਜਿਹੜੇ ਕੱਲ੍ਹ ਉਸ ਦੀਆਂ ਬਦਖੋਈਆਂ ਕਰਦੇ ਨਹੀਂ ਸਨ ਥੱਕਦੇ ਉਹ ਵੀ ਅੱਜ ਉਸ ਦੀ ਸਲਾਹੁਤਾ ਦੇ ਸੋਹਲੇ ਗਾਉਣ ਲੱਗ ਪਏ ਸਨ।

ਇਕ ਦੋ ਸਮੇਂ ਚੰਗੇ ਲੱਗ ਗਏ। ਬੜੀ ਭਰਵੀਂ ਫ਼ਸਲ ਹੋਈ ਅਤੇ ਭਾਅ ਤਿੱਖੇ ਹੋਣ ਕਾਰਨ ਕਾਫ਼ੀ ਪੈਸੇ ਵੱਟੇ ਗਏ ਜਿਸ ਨਾਲ ਰੂੜੇ ਨੇ ਪਿਛਲੇ ਕਰਜ਼ਾ ਸਾਫ਼ ਕਰ ਦਿੱਤਾ ਅਤੇ ਉਹ ਆਪਣੇ ਪੈਰਾਂ ਸਿਰ ਖੜੋ ਗਿਆ ਸੀ। ਇਸ ਸਾਲ ਰੂੜੇ ਦਾ ਇਰਾਦਾ ਸੀ ਕਿ ਸਾਰੇ ਜ਼ਮੀਨ ਵਿਚ ਨਰਮਾਂ ਹੀ ਕਰ ਦੇਵੇ ਪਰ ਚੇਤ ਚੜ੍ਹਦਿਆਂ ਹੀ ਪਟਵਾਰੀਆਂ ਨੇ ਆ ਡੇਰੇ ਲਾਏ ਅਤੇ ਲੋਕਾਂ ਨੇ ਵਾਹੀ ਜੋਤੀ ਦਾ ਸਾਰਾ ਕੰਮ ਇੰਜ ਠੱਪ ਦਿੱਤਾ ਜਿਵੇਂ ਪਾਕਿਸਤਾਨ ਬਣਨ ਤੋਂ ਦੋ ਤਿੰਨ ਮਹੀਨੇ ਪਹਿਲਾਂ ਲੋਕਾਂ ਨੇ ਖੇਤੀ ਛੱਡ ਦਿੱਤੀ ਸੀ ਕਿ ਖਵਰੇ ਏਥੇ ਰਹਿਣਾ ਕਿ ਨਹੀਂ। ਲੋਕਾਂ ਨੇ ਚੰਗੀ ਜ਼ਮੀਨ ਪਵਾਉਣ ਲਈ ਭੱਜ ਦੌੜ ਸ਼ੁਰੂ ਕਰ ਦਿੱਤੀ। ਰੂੜੇ ਦੇ ਸ਼ਰੀਕ ਤਾਂ ਅੱਗੇ ਹੀ ਉਸ ਦੀ ਭੌਂ ਨੂੰ ਵੇਖ ਨਹੀਂ ਸਨ ਸਖਾਂਦੇ ਪਰ ਹੁਣ ਉਨ੍ਹਾਂ ਨੂੰ ਚੰਗਾ ਮੌਕਾ ਹੱਥ ਆ ਗਿਆ। ਜਵਾਈ ਵਜ਼ੀਰ ਹੋਣ ਕਾਰਨ ਉਨ੍ਹਾਂ ਦੀ ਸਰਕਾਰੇ ਦਰਬਾਰੇ ਚੰਗੀ ਮੰਨੀ ਜਾਂਦੀ ਸੀ। ਇਸ ਲਈ ਉਨ੍ਹਾਂ ਅਫ਼ਸਰਾਂ ਨਾਲ ਮਿਲ਼ ਮਿਲ਼ਾ ਕੇ ਰੂੜੇ ਦੀ ਸਾਰੀ ਜ਼ਮੀਨ ਆਪਣੇ ਕੁਰਰੇ ਵਿਚ ਪੁਵਾ ਲਈ ਅਤੇ 'ਰੂੜੇ' ਨੂੰ ਨਿਆਈਂ ਵਿਚੋਂ ਕੱਢ ਕੇ ਕੱਲਰ ਵਿਚ ਇਵੇਂ ਸੁੱਟ ਦਿੱਤਾ ਜਿਵੇਂ ਪਾਕਿਸਤਾਨ ਦੀ ਵੰਡ ਨੇ, ਕਿਸੇ ਜ਼ਿਮੀਂਦਾਰ ਨੂੰ ਲਾਇਲਪੁਰ ਦੀਆਂ ਨਿਆਈਆਂ ਵਿਚੋਂ ਉਠਾਲ ਕੇ ਜੈਪੁਰ ਦੇ ਟਿੱਬੇ ਵਿਚ ਸੁੱਟ ਦਿੱਤਾ ਹੋਵੇ।

ਪਾਣੀ ਵਿਚ ਡੁੱਬ ਰਿਹਾ ਆਦਮੀ ਵੀ ਬਥੇਰੇ ਹੱਥ ਪੈਰ ਮਾਰਦਾ ਹੈ ਕਿ ਮਤਾਂ ਉਸ ਦਾ ਕਿਤੇ ਨੌਂਹ ਅੜ ਜਾਵੇ। ਰੂੜੇ ਨੇ ਬਥੇਰੀ ਨੱਠ ਭੱਜ ਕੀਤੀ। ਦਰਖ਼ਾਸਤਾਂ ਦੇ-ਦੇ ਕੇ ਮਹਿਕਮਿਆਂ ਦੇ ਦਫ਼ਤਰ ਭਰ ਦਿੱਤੇ ਮਤਾਂ ਮੁਰੱਬਾ ਏਥੋਂ ਕੈਂਸਲ ਹੋ ਜਾਵੇ, ਪਰ ਉਸ ਦੀ ਕਿਸੇ ਨਾ ਸੁਣੀ ਅਤੇ ਉਹ ਬੇਪਰੇ ਪੰਛੀ ਵਾਂਗੂੰ ਫੜ ਫੜਾ ਕੇ ਰਹਿ ਗਿਆ।

ਰੂੜੇ ਨੂੰ ਜਿਹੜੀ ਜ਼ਮੀਨ ਪਈ ਸੀ ਉਹ ਨਿਰੀਪੁਰੀ ਕੱਲਰੀ ਹੀ ਨਹੀਂ ਸੀ ਸਗੋਂ ਇਸ ਵਿਚ ਕਈਆਂ ਵਰ੍ਹਿਆਂ ਦਾ ਝਾੜ ਜੰਮਿਆ ਹੋਇਆ ਸੀ। ਇਸ ਲਈ ਇਹਨੂੰ ਪੁੱਟਣ ਲਈ ਕਾਫ਼ੀ ਮਿਹਨਤ ਤੇ ਚੰਗੀ ਜੋਗ ਦੀ ਲੋੜ ਸੀ।

ਸਿਆਣੇ ਕਹਿੰਦੇ ਨੇ ਜ਼ਮੀਨ ਜੱਟ ਦੀ ਮਾਂ ਹੁੰਦੀ ਹੈ ਅਤੇ ਜਿਸ ਤਰ੍ਹਾਂ ਇਕ ਪੁੱਤ ਆਪਣੀ ਮਾਂ ਤੋਂ ਕਦੇ ਜੁਦਾ ਨਹੀਂ ਹੋ ਸਕਦਾ ਇਵੇਂ 'ਰੂੜਾ' ਵੀ ਆਪਣੀ ਜ਼ਮੀਨ ਨੂੰ ਛੱਡਣਾ ਨਹੀਂ ਸੀ ਚਾਹੁੰਦਾ ਭਾਵੇਂ ਉਹ ਸਾਰੀ ਬੰਜਰ ਤੇ ਕਲਰਾਠੀ ਸੀ। ਰੂੜੇ ਨੇ ਤੀਵੀਂ ਦੇ ਗਹਿਣੇ ਗੱਟੇ ਵੇਚ ਕੇ ਅਤੇ ਕੁਝ ਹੋਰ ਰੁਪਿਆ ਪਾ ਲਾ ਕੇ ਬਲ਼ਦਾਂ ਦੀ ਇਕ ਤਕੜੀ ਜੋਗ ਲੈ ਆਂਦੀ ਅਤੇ ਕੱਲਰੀ ਤੇ ਬੰਜਰ ਜ਼ਮੀਨ ਨੂੰ ਪੁੱਟਣਾ ਸ਼ੁਰੂ ਕਰ ਦਿੱਤਾ, ਜਿਹੜੀ ਕਿ ਬਾਬੇ ਆਦਮ ਦੇ ਵੇਲੇ ਦੀ ਅਪੜ ਪਈ ਹੋਈ ਸੀ। ਉਹ ਹਰ ਰੋਜ਼ ਤੜਕਸਾਰ ਹੀ ਉੱਠ ਖਲੋਂਦਾ ਅਤੇ ਭਰਵਾਂ ਜੋਤਾ ਲਾਉਂਦਾ। ਰੱਕੜਾਂ ਨੂੰ ਬਲਦਾਂ ਦੇ ਹੱਲ ਨਾਲ ਵੀ ਪੁੱਟਣਾ ਕਿਹੜਾ ਸੌਖਾ ਹੁੰਦਾ ਹੈ। ਉਸ ਕਈ ਹਲ਼ਾਂ ਤੋੜੀਆਂ ਤੇ ਕਈ ਪੰਜਾਲੀਆਂ ਅਤੇ ਕਈ ਵਾਰ ਉਸ ਦੇ ਬਲ਼ਦ ਮੁੱਢੇ ਗਏ। ਇਕ ਇਕ ਖੇਤ ਵਿਚ ਉਹ ਪੰਜ-ਪੰਜ ਦਿਨ ਲਾ ਦਿੰਦਾ ਤਾਂ ਵੀ ਮਸਾਂ ਜਾ ਕੇ ਪਾੜ ਹੀ ਪੈਂਦੀ। ਉਹ ਬਲ਼ਦ ਜਿਹੜੇ ਅਜੇ ਕੱਲ ਉਸ ਬਾਰਾਂ ਸੌ ਦੇ ਖਰੀਦੇ ਸਨ, ਪੰਦਰਾਂ ਜੋਤਿਆਂ ਵਿਚ ਹੀ ਸੁੱਕ ਕੇ ਪਿੰਜਰ ਹੋ ਗਏ ਸਨ ਅਤੇ ਅੱਜ



ਉਨ੍ਹਾਂ ਦਾ ਕੋਈ ਪੰਜ ਸੌ ਵੀ ਦੇਣ ਨੂੰ ਤਿਆਰ ਨਹੀਂ ਸੀ। ਹਾੜੀ ਦੀ ਬਿਜਾਈ ਆਰੰਭ ਹੋ ਗਈ ਸੀ, ਪਰ ਉਹ ਹਾਲੇ ਸਾਰੀ ਜ਼ਮੀਨ ਬਜਾਊ ਤਾਂ ਇਕ ਪਾਸੇ ਰਹੀ, ਉਸ ਵਿਚ ਪਾੜ ਵੀ ਨਹੀਂ ਸੀ ਪਾ ਸਕਿਆ। ਬਲਦਾਂ ਨੂੰ ਪਰਾਣੀਆਂ ਮਾਰ-ਮਾਰ ਕੇ ਉਸ ਪੁੜੇ ਪਾ ਦਿੱਤੇ ਸਨ। ਬਲਦ ਚਾਰ ਫੇਰੇ ਵੀ ਨਹੀਂ ਸਨ ਲਾਉਂਦੇ ਕਿ ਝੱਟ ਗੋਡੇ ਲਾ ਬਹਿੰਦੇ। ਕਈ ਵਾਰ ਤਾਂ ਉਹ ਇੰਨਾ ਖਿੱਝ ਜਾਂਦਾ ਕਿ ਉਸ ਦਾ ਦਿਲ ਕਰਦਾ ਕਿ ਇਹ ਸਭ ਕੁਝ ਛੱਡ ਕੇ ਕਿਸੇ ਸ਼ਹਿਰ ਚਲਿਆ ਜਾਵੇ ਅਤੇ ਕਿਸੇ ਕਾਰਖਾਨੇ ਵਿਚ ਜਾ ਕੇ ਮਜ਼ਦੂਰੀ ਕਰ ਲਵੇ, ਪਰ ਉਹ ਇਕ ਅਣਖੀਲੇ ਸਿਪਾਹੀ ਵਾਂਗੂ ਮੈਦਾਨ ਛੱਡ ਕੇ ਨਹੀਂ ਸੀ ਜਾਣਾ ਚਾਹੁੰਦਾ। ਉਸ ਨੂੰ ਇਸ ਮਿੱਟੀ ਵਿਚੋਂ ਇਕ ਨਵੀਂ ਜ਼ਿੰਦਗੀ ਦੀ ਆਸ ਸੀ-ਰੀਝਾਂ ਤੇ ਖੇੜਿਆਂ ਵਾਲੀ ਜ਼ਿੰਦਗੀ ਜਿਸ ਵਿਚ ਸਾਰੇ ਸੁੱਖ ਤੇ ਆਰਾਮ ਉਸ ਨੂੰ ਮੁਹੱਈਆ ਹੋਣੇ ਸਨ। ਪਰ ਇਹ ਪ੍ਰਮਾਤਮਾ ਵੀ ਕਿੱਡਾ ਬੇਅਨਿਆਂ ਏਂ, ਜੇ ਕਿਸੇ ਨੂੰ ਸੁੱਖ ਆਰਾਮ ਦਿੰਦਾ ਹੈ ਤਾਂ ਵੀ ਰੱਜ ਕੇ ਦਿੰਦਾ ਅਤੇ ਜੇ ਕਿਸੇ ਨੂੰ ਮੁਸੀਬਤਾਂ ਬਖਸ਼ਦਾ ਤਾਂ ਵੀ ਖੁੱਲ੍ਹੇ ਗੱਫੇ।

ਰੂੜੇ ਨੇ ਸਾਰੀ ਜ਼ਮੀਨ ਪੱਟ ਲਈ ਸੀ ਕੇਵਲ ਇਕ ਖੇਤ ਬਾਕੀ ਸੀ ਅਤੇ ਉਸੇ ਹੀ ਖੇਤ ਵਿਚ ਅੱਜ ਉਸ ਦਾ ਹਲ਼ ਵਗ ਰਿਹਾ ਸੀ।

ਭਾਦੋਂ ਦਾ ਕੜਕਦਾ ਚਮਾਸਾ ਲੱਗਾ ਹੋਇਆ ਸੀ। ਚਰੀਆਂ ਦੇ ਖੇਤਾਂ ਦੀਆਂ ਹਰੀਆਂ ਕਰੂੰਬਲਾਂ ਨੇ ਧੁੱਪ ਨਾਲ ਕੁਮਲਾ ਕੇ ਘੁੰਡ ਕੱਢ ਲਏ ਸਨ। ਤਿੱਖੜ ਦੁਪਹਿਰਾ ਹੋ ਗਿਆ ਸੀ। ਦਿਨ ਢਾਲੇ ਪੈ ਰਿਹਾ ਸੀ। ਲਾਗੇ ਦੇ ਸਾਰੇ ਹਾਲ਼ੀ ਹਲ਼ ਛੱਡ ਕੇ ਲੈ ਗਏ ਸਨ, ਪਰ ਰੂੜੇ ਦਾ ਹਾਲੀਂ ਵੀ ਹਲ਼ ਚੱਲ ਰਿਹਾ ਸੀ। ਬਲਦਾਂ ਨੇ ਜੀਭਾਂ ਕੱਢੀਆਂ ਹੋਈਆਂ ਸਨ ਅਤੇ ਉਹ ਇਸ ਤਰ੍ਹਾਂ ਘਰਕ ਰਹੇ ਸਨ ਜਿਵੇਂ ਉਨ੍ਹਾਂ ਨੂੰ ਗੜ੍ਹੀ ਦੀ ਬੀਮਾਰੀ ਹੋਵੇ। ਅਚਾਨਕ ਬੱਗਾ ਬਲਦ ਧੜੱਕ ਕਰਕੇ ਡਿੱਗ ਪਿਆ ਅਤੇ ਨਾਲ ਹੀ ਉਸ ਦੇ ਪਰਾਣ ਨਿਕਲ ਗਏ। ਰੂੜਾ ਤੇ ਉਸਦੀ ਵਹੁਟੀ ਬਲਦ ਦੇ ਕੋਲ਼ ਖੜੇ ਰੋ ਰਹੇ ਸਨ, ਜਿਹੜਾ ਬੰਜਰ ਧਰਤੀ ਦੀ ਹਿੱਕ ਉੱਤੇ ਦਮ ਤੋੜ ਗਿਆ ਸੀ ਅਤੇ ਨਾਲ ਹੀ ਰੂੜੇ ਅਤੇ ਉਸ ਦੇ ਟੱਬਰ ਦੀਆਂ ਰੀਝਾਂ, ਉਮੰਗਾਂ ਅਤੇ ਸੱਧਰਾਂ ਦਾ ਖ਼ੂਨ ਕਰ ਗਿਆ ਸੀ।

## 3. ਦੁਆਬੇ ਦੀ ਮਿੱਟੀ

ਅੱਜ ਆਖਰੀ ਦਿਨ ਸੀ ਤੇ ਅੱਜ ਹੀ ਉਸ ਕਹਾਣੀ ਲਿਖ ਕੇ ਐਡੀਟਰ ਨੂੰ ਦੇਣੀ ਸੀ। ਬਸੰਤ ਦੀ ਛੁੱਟੀ ਹੋਣ ਕਾਰਨ ਅੱਜ ਉਸਨੂੰ ਲਿਖਣ ਲਈ ਵਕਤ ਵੀ ਕਾਫ਼ੀ ਮਿਲ਼ ਗਿਆ ਸੀ। ਉਹ ਆਪਣੇ ਕੋਠੇ ਦੀ ਉਪਰਲੀ ਛੱਤ 'ਤੇ ਕੰਧ ਦਾ ਆਸਰਾ ਲੈ ਨਿੱਘੀ ਧੁੱਪ ਵਿਚ ਬੈਠਾ ਹੋਇਆ ਸੀ। ਉਸ ਦਾ ਦਿਮਾਗ਼ ਅੱਜ ਖੋਖਲਾ ਹੋ ਰਿਹਾ ਸੀ ਕਿ ਉਸਨੂੰ ਕੋਈ ਪਲਾਟ ਸੁੱਝਦਾ ਹੀ ਨਹੀਂ ਸੀ ਅਤੇ ਜੇ ਇਕ ਦੋ ਫ਼ਿਕਰੇ ਉਸ ਦੇ ਖੋਖਲੇ ਦਿਮਾਗ ਵਿਚ ਆ ਵੀ ਵੜਦੇ ਤਾਂ ਸਾਹਮਣੀ ਕੋਠੀ ਵਿਚ ਵੱਜ ਰਿਹਾ ਲਾਊਡ ਸਪੀਕਰ ਉਸਦੇ ਖਿਆਲਾਂ ਦੀ ਲੜੀ ਤੋੜ ਜਾਂਦਾ ਸੀ। ਉਸ ਕੰਨਾਂ ਵਿਚ ਉਂਗਲੀਆਂ ਲੈ-ਲੈ ਖਿਆਲ ਉਡਾਰੀ ਲਾਉਣ ਦੀ ਕੋਸ਼ਿਸ਼ ਕੀਤੀ ਪਰ ਸਭ ਵਿਅਰਥ। ਆਖਿਰ ਉਸ ਗੁੱਸੇ ਵਿਚ ਆ ਕੇ ਕਾਗਜ਼ ਤੇ ਪੈਨਸਲ ਭਵਾ ਕੇ ਵਿਹੜੇ ਵਿਚ ਮਾਰੀ ਅਤੇ ਕੋਠੇ 'ਤੇ ਟਹਿਲਣ ਲੱਗ ਪਿਆ।

ਸਾਹਮਣੀ ਕੋਠੀ ਵਿਚ ਬਸੰਤ ਦਾ ਦਿਨ ਬੜੀ ਧੂਮਧਾਮ ਅਤੇ ਸੱਜ ਧੱਜ ਨਾਲ ਮਨਾਇਆ ਜਾ ਰਿਹਾ ਸੀ। ਬਹੁਤ ਵੱਡੀ ਟੀ ਪਾਰਟੀ ਹੋ ਰਹੀ ਸੀ। ਕੋਠੀ ਦੇ ਚਾਰ ਚੁਫੇਰੇ ਕਾਰਾਂ ਇਸ ਤਰ੍ਹਾਂ ਖੜ੍ਹੀਆਂ ਸਨ ਜਿਵੇਂ ਕਿਤੇ ਇਹ ਲੰਡਨ ਦਾ ਗਿਰਜ਼ਾ ਘਰ ਹੋਵੇ। ਵਿਘੇ ਥਾਂ ਵਿਚ ਕਨਾਤਾਂ ਤੇ ਸ਼ਾਮੀਆਨੇ ਇਸ ਢੰਗ ਨਾਲ ਲਾਏ ਗਏ ਸਨ ਕਿ ਇਹ ਪੰਡਾਲ ਕੋਠੀ ਦੀ ਸ਼ਾਨ ਨੂੰ ਵੀ ਮਾਤ ਪਾ ਰਿਹਾ ਸੀ। ਇਹ ਪਾਰਟੀ ਸ਼ਹਿਰ ਦੇ ਬਹੁਤ ਵੱਡੇ ਮਿਲ ਮਾਲਕ ਵਲੋਂ ਦਿੱਤੀ ਜਾ ਰਹੀ ਸੀ ਅਤੇ ਇਸ ਵਿਚ ਸ਼ਹਿਰ ਦੇ ਵੱਡੇ-ਵੱਡੇ ਆਦਮੀਆਂ ਤੋਂ ਛੁੱਟ ਕੁਝ ਕੁ ਵਜ਼ੀਰ ਵੀ ਸੱਦੇ ਗਏ ਸਨ। ਉਹ ਆਪਣੇ ਕੋਠੇ ਤੇ ਇਸ ਤਰ੍ਹਾਂ ਨਿਸ਼ਾਨਾ ਲਾਈ ਖੜਾ ਸੀ ਜਿਵੇਂ ਕਿਤੇ ਉਸ ਕੈਮਰੇ ਨਾਲ ਫੋਟੋ ਲੈਣੀ ਹੋਵੇ। ਉਸਦਾ ਦਿਲ ਕੀਤਾ ਕਿ ਕਿਉਂ ਨਾ ਇਸ ਟੀ ਪਾਰਟੀ ਸਬੰਧੀ ਹੀ ਇਕ ਦੋ ਪਹਿਰੇ ਗੰਢ ਕੇ ਕਹਾਣੀ ਬਣਾ ਲਵੇ। ਪਰ ਫੇਰ ਉਸ ਸੋਚਿਆ ਉਹ ਇਸ ਸਬੰਧੀ ਕੀ ਲਿਖੇਗਾ। ਅਚਾਨਕ ਉਸ ਦਾ ਧਿਆਨ ਇਕ ਮੰਗਤੀ ਵਲ ਖਿਚਿਆ ਗਿਆ। ਇਸ ਮੰਗਤੀ ਨੂੰ ਉਹ ਰੋਜ਼ ਸਟੇਸ਼ਨ ਤੇ ਮੰਗਦੀ ਨੂੰ ਵੇਹੰਦਾ ਹੁੰਦਾ ਸੀ। ਉਸ ਚਾਹਿਆ ਕਿ ਕਿਉਂ ਨਾ ਇਸ ਸਬੰਧੀ ਹੀ ਕੋਈ ਪਲਾਟ ਤਿਆਰ ਕਰ ਲਿਆ ਜਾਵੇ ਅਤੇ ਉਹ ਫੇਰ ਦਿਮਾਗ 'ਤੇ ਜ਼ੋਰ ਪਾ ਕੇ ਪਲਾਟ ਸੋਚਣ ਲੱਗ ਪਿਆ। ਅਚਾਨਕ ਉਸ ਦੀ ਪਤਨੀ ਦੁਹਾਈ ਪਾਉਂਦੀ ਹੋਈ ਕੋਠੇ 'ਤੇ ਚੜ੍ਹੀ, ਜਿਹੜੀ ਕਿ ਉਸ ਦੇ ਸਾਰੇ ਪਲਾਟ ਦੀ ਲੜੀ ਤੋੜ ਗਈ। ਉਹ ਕਾਹਲ ਨਾਲ ਉੱਠਿਆ ਅਤੇ ਆਪਣੀ ਪਤਨੀ ਵਲ ਵਧਿਆ। "ਕੀ ਗੱਲ ਆ ਸ਼੍ਰੀਮਤੀ ਜੀ", ਉਸ ਨਿੰਮੀ ਜਿਹੀ ਆਵਾਜ਼ ਵਿਚ ਪੁੱਛਿਆ। "ਗੱਲ ਸਵਾਹ ਏ... ਭਲਾ ਨਿਆਣੇ ਨੂੰ ਕੌਣ ਲੈਣ ਦਿੰਦਾ ਆਟਾ... ਓਥੇ ਤੇ ਸਿਆਣਿਆਂ ਦੀ ਨਹੀਂ ਵੱਟੀ ਦੀ, ਤੇ ਇਹਨੂੰ ਨਿਆਣੇ ਨੂੰ ਕੌਣ ਪੁੱਛਦਾ... ਸਵੇਰ ਦਾ ਗਿਆ ਤੇ ਆ ਗਿਆ ਖਾਲੀ ਚਾਦਰ ਭੜਕਾਉਂਦਾ... ਸੁੱਖ ਨਾਲ ਵਰ੍ਹੇ ਦਾ ਦਿਨ ਆਂ, ਕੋਈ ਪ੍ਰਾਹੁਣਾ ਈ ਆ ਜਾਂਦਾ... ਤੇ ਘਰ ਆਟਾ ਨਾ ਹੋਇਆ ਤੇ ਉਹਦੇ ਅੱਗੇ ਆਪ ਪੈ ਜਾਊ।" ਉਸਦੀ ਪਤਨੀ ਨੇ ਉਸ 'ਤੇ ਗੱਲਾਂ ਦੀ ਬੁਛਾੜ ਕਰ ਦਿੱਤੀ। "ਹੱਛਾ ਹੁਣ ਫਿਰ ਮੈਂ ਲਿਆਵਾਂ ਜਾ ਕੇ ਆਟਾ।" "ਨਹੀਂ, ਨਹੀਂ ਮੈਂ ਜਾਨੀ ਆਂ ਸ਼੍ਰੀਮਾਨ ਜੀ, ਤੁਸਾਂ ਕਾਹਨੂੰ ਜਾਣਾਂ, ਤੁਹਾਨੂੰ ਤਾਂ ਘੁੰਡ ਕੱਢਣਾ ਪੈਣਾ ਓਥੇ", ਉਸਦੀ ਸਰਦਾਰਨੀ ਨੇ ਮਰੋੜਾ ਮਾਰਿਆ "ਜਿਹੋ ਜਿਹੀਆਂ ਤੇਰਾ ਮੁੰਡਾ ਪੂਰੀਆਂ ਪਾ ਆਇਆ ਓਹੋ ਜਿਹੀਆਂ ਤੂੰ ਪੌਣੀਆਂ ਜਾ ਕੇ।" ਇਹ ਕਹਿੰਦੇ ਹੋਏ ਉਸ ਆਪਣੀ ਪਤਨੀ ਪਾਸੋਂ ਪਰਨਾ ਤੇ ਰੁਪਏ ਲੈ ਲਏ ਅਤੇ ਉਹ ਬਾਜ਼ਾਰ ਨੂੰ ਚੱਲ ਪਿਆ।

ਜਦੋਂ ਉਹ ਡੀਪੂ ਮੂਹਰੇ ਗਿਆ ਤਾਂ ਓਥੇ ਲੰਮੀ ਕਤਾਰ ਲੱਗੀ ਹੋਈ ਸੀ ਕਿਉਂਕਿ ਉਸ ਨੂੰ ਏਥੋਂ ਆਟਾ ਮਿਲਣ ਦੀ ਉਕੀ ਹੀ ਆਸ ਨਹੀਂ ਸੀ। ਇਸ ਲਈ ਉਹ ਕਤਾਰ ਵਿਚ ਨਾ ਖਲੋਤਾ ਅਤੇ ਪਿਛਾਂਹ ਹਟ ਕੇ ਖਲੋਅ ਗਿਆ। ਲੋਕ ਵਾਰੀ ਮੱਲਣ ਲਈ ਇਕ ਦੂਜੇ ਨੂੰ ਧੱਕੇ ਮਾਰ ਰਹੇ ਸਨ ਅਤੇ ਪੁਲਸ ਟੁੱਟੀਆ ਲਾਈਨਾਂ ਨੂੰ ਜੋੜਨ ਲਈ ਸੋਟੀਆਂ ਵਿਖਾ ਰਹੀ ਸੀ। ਔਰਤਾਂ ਦੀ ਡਾਰ ਵਿਚੋਂ ਇਕ ਸੋਲਾਂ ਵਰ੍ਹਿਆਂ ਦੀ ਮੁਟਿਆਰ ਝੋਲੀ ਵਿਚ ਆਟਾ ਪਾਈ ਪਾਸੇ ਮਾਰਦੀ ਹੋਈ ਨਿਕਲੀ। ਉਸ ਦੇ ਚਿਹਰੇ ਦੀ ਮੁਸਕਾਨ ਤੋਂ ਇੰਜ ਭਾਸਦਾ ਸੀ ਜਿਵੇਂ ਉਸ ਨੇ ਬਹੁਤ ਵੱਡਾ ਇਨਾਮ ਹਾਸਲ ਕਰ ਲਿਆ ਹੋਵੇ। ਉਹ ਆਟਾ ਲੈ ਕੇ ਸੰਤੋਖ ਨੱਠੀ ਜਾ ਰਹੀ ਸੀ। ਉਹ ਉਸ ਨੂੰ ਉਦੋਂ ਤੱਕ ਵਿਹੰਦਾ ਰਿਹਾ ਜਦ ਤਕ ਕਿ ਉਹ ਉਸਨੂੰ ਦਿਸਦੀ ਰਹੀ। ਅਤੇ ਜਦੋਂ ਉਸ ਡੀਪੂ ਵਲ ਫੇਰ ਪਾਸਾ ਪਰਤਿਆਂ ਤਾਂ ਡੀਪੂ ਬੰਦ ਹੋ ਚੁੱਕਾ ਸੀ। ਡੀਪੂ ਬੰਦ ਹੋਣ ਨਾਲ ਅਚਨਚੇਤ ਚੁੱਪ ਛਾ ਗਈ ਅਤੇ ਲੋਕੀਂ ਇਸ ਤਰ੍ਹਾਂ ਘਰਾਂ ਨੂੰ ਪਰਤ ਗਏ ਜਿਵੇਂ ਮੁਰਦਾ ਦੱਬ ਕੇ ਗਏ ਹੋਣ। ਉਹ ਵੀ ਇਸ ਭੀੜ ਦੇ ਮਗਰ ਨਿੰਮੂਝੂਣਾ ਹੋ ਕੇ ਚਲ ਪਿਆ।

ਹੁਣ ਉਹ ਬਾਣੀਆਂ ਦੀ ਹੱਟੀ ਨੂੰ ਜਾ ਰਿਹਾ ਸੀ। ਇਸ ਹੱਟੀ ਨਾਲ ਉਨ੍ਹਾਂ ਦਾ ਪੁਰਾਣਾ ਵਿਹਾਰ ਚਲਿਆ ਆਉਂਦਾ ਸੀ। ਇਸ ਲਈ ਏਥੋਂ ਉਸਨੂੰ ਉਧਾਰ ਆਟਾ ਮਿਲ ਜਾਣ ਦੀ ਆਸ ਸੀ। ਜਦੋਂ ਉਹ ਗਾਂਧੀ ਚੌਂਕ ਵਿਚ ਪੁੱਜਾ ਤਾਂ ਸਾਹਮਣੇ ਪਾਸਿਓਂ ਦੋ ਕੁ ਸੌ ਤੀਵੀਆਂ ਕਾਲੀਆਂ ਝੰਡੀਆਂ ਚੁੱਕੀ 'ਹਾਏ ਰੋਟੀ', 'ਹਾਏ, ਆਟਾ' ਕਰਦੀਆਂ ਆ ਰਹੀਆਂ ਸਨ। ਉਸ ਸੋਚਿਆ ਕਿਉਂ ਨਾ ਇਸ ਮੁਜ਼ਾਹਰੇ ਦੀ ਖ਼ਬਰ ਹੀ ਲੈ ਜਾਵੇ। ਇਸ ਲਈ ਉਹ ਹੱਟੀ ਨੂੰ ਜਾਣ ਦੀ ਥਾਂ ਚੌਂਕ ਵਿਚ ਖੜ ਗਿਆ। ਚੌਂਕ ਵਿਚ ਆ ਕੇ ਇਨ੍ਹਾਂ ਔਰਤਾਂ ਨੇ ਪਿੜ ਬਣਾ ਕੇ ਜ਼ਬਰਦਸਤ ਸਿਆਪਾ ਕੀਤਾ। ਡੀਪੂਆਂ ਤੋਂ ਖਾਲੀ ਹੱਥੀਂ ਆਏ ਤੀਵੀਆਂ ਤੇ ਮਰਦ ਵੀ ਇਸ ਮੁਜ਼ਾਹਰੇ ਵਿਚ ਸ਼ਾਮਲ ਹੋ ਗਏ ਅਤੇ ਇਹ ਜਲੂਸ "ਰੋਟੀ ਰੋਜ਼ੀ ਦੇ, ਨਹੀਂ ਤਾ ਗੱਦੀ ਛੋੜ ਦੋ" ਦੇ ਨਾਹਰੇ ਮਾਰਦਾ ਹੋਇਆ ਕੋਤਵਾਲੀ ਵਲ ਨੂੰ ਵਧਿਆ। ਪੁਲਸ ਜਲੂਸ ਦੇ ਦੋਹੀਂ ਪਾਸੀਂ ਤਿਆਰ ਬਰ ਤਿਆਰ ਖੜੀ ਸੀ। ਕੋਤਵਾਲੀ ਦੇ ਗੇਟ ਅੱਗੇ ਜਾ ਕੇ ਇਹ ਜਲੂਸ ਫਿਰ ਰੁਕ ਗਿਆ ਅਤੇ ਔਰਤਾਂ ਨੇ ਪਿੜ ਬੰਨ੍ਹ ਕੇ ਸਰਕਾਰ ਦਾ ਸਿਆਪਾ ਕਰਨਾ ਸ਼ੁਰੂ ਕਰ ਦਿੱਤਾ। ਇਕ ਮੁਟਿਆਰ ਬੜੇ ਜੋਸ਼ ਵਿਚ ਨਾਹਰੇ ਲਾਉਂਦੀ ਹੋਈ ਕੋਤਵਾਲੀ ਦੇ ਗੇਟ ਵੱਲ ਵਧੀ। ਇਕ ਸਿਪਾਹੀ ਉਸ ਵਲ ਵਧਿਆ ਅਤੇ ਉਸਦੀ ਗੁੱਤ ਨੂੰ ਹੱਥ ਪਾ ਕੇ ਧੂਹ ਕੇ ਅੰਦਰ ਲੈ ਜਾਣ ਲੱਗਾ। ਉਸ ਸ਼ੇਰ ਦੀ ਬੱਚੀ ਨੇ ਹੰਭਲਾ ਮਾਰ ਕੇ ਆਪਣੀ ਗੁੱਤ ਛੁਡਾ ਲਈ ਅਤੇ ਸਿਪਾਹੀ ਪਾਸੋਂ ਸੋਟਾ ਖੋਹ ਲਿਆ ਅਤੇ ਛਾਲ ਮਾਰ ਕੇ ਕਹਿਣ ਲੱਗੀ "ਬੱਚੂ ਆ ਖਾਂ ਐਧਰ! ਮੈਂ ਵੀ 'ਦੁਆਬੇ ਦੀ ਮਿੱਟੀ' ਦੀ ਬਣੀ ਆਂ।" ਅਚਾਨਕ ਰੌਲ਼ਾ ਪੈ ਗਿਆ। ਬਾਗ ਵਿਚੋਂ ਦੋ ਗੋਲੇ ਚਲੇ ਜਿਹੜੇ ਜ਼ਹਿਰੀਲੇ ਧੂਏਂ ਨਾਲ ਸਾਰੇ ਹਜੂਮ ਨੂੰ ਬੇਹੋਸ਼ ਕਰ ਗਏ ਅਤੇ ਜਦੋਂ ਉਸਨੂੰ ਹੋਸ਼ ਆਈ ਤਾਂ ਉਹ ਹਸਪਤਾਲ ਵਿਚ ਸੀ। ਉਸਦੀ ਭੁੱਲੀ ਹੋਈ ਸੁਰਤ ਫਿਰ ਟਿਕਾਣੇ ਆ ਗਈ ਸੀ ਅਤੇ ਉਹ ਬਰਾਂਡੇ ਵਿਚ ਠਿਪਕ-ਠਿਪਕ ਕਰਕੇ ਫਿਰ ਰਹੀਆਂ ਨਰਸਾਂ ਦੀ ਵੌੜ ਲੈ ਰਿਹਾ ਸੀ ਤਾਂ ਜੋ ਉਹ ਆਪਣੀ ਹੱਡ ਬੀਤੀ ਉਨ੍ਹਾਂ ਤੋਂ ਪੁੱਛ ਸਕੇ। ਅਚਾਨਕ ਉਸ ਦਾ ਧਿਆਨ ਮੇਜ਼ 'ਤੇ ਪਈ ਅਖ਼ਬਾਰ ਵੱਲ ਗਿਆ। ਮੋਟੀ ਸੁਰਖੀ ਵਿਚ ਲਿਖਿਆ ਹੋਇਆ ਸੀ, "ਟੀਅਰ ਗੈਸ ਔਨ ਵਿਮਨ ਡੀਮਾਨਸਟਰੇਟਰ" ਅਤੇ ਨਾਲ ਹੀ ਉਸ ਮੁਜ਼ਾਹਰੇ ਦੀ ਫੋਟੋ ਛਪੀ ਹੋਈ ਸੀ ਇਕ ਨੌਜਵਾਨ ਔਰਤ ਸਿਪਾਹੀ ਪਾਸੋਂ ਡਾਂਗ ਖੋਹ ਰਹੀ ਸੀ ਅਤੇ ਉਹ ਦਰਖ਼ਤ ਹੇਠ ਖੜ੍ਹਾ ਖ਼ਬਰ ਲਿਖ ਰਿਹਾ ਸੀ ਅਤੇ ਉਸ ਦੀ ਖ਼ਬਰ ਦੇ ਆਖਰੀ ਲਫਜ਼ ਸਨ "ਮੈਂ ਵੀ ਦੁਆਬੇ ਦੀ ਮਿੱਟੀ ਦੀ ਬਣੀ ਹਾਂ, ਜਦੋਂ ਕਿ ਗੈਸ ਦਾ ਗੋਲਾ ਚਲਿਆ ਤੇ ਉਹ ਬੇਹੋਸ਼ ਹੋ ਗਿਆ।"

# ਕਾਮਰੇਡ ਸੁਹੇਲ-ਮੇਰਾ ਸੁਹੇਲਾ, ਮੇਰਾ ਹਮਖ਼ਿਆਲੀਆ ਰਾਜਨੀਤਕ ਸਾਥੀ

-ਗੁਰਮੀਤ ਸਿੰਘ ਢੱਡਾ

ਅਜੇ ਕੱਲ੍ਹ ਦੀ ਹੀ ਤਾਂ ਗੱਲ ਹੈ, ਕਾਮਰੇਡ ਸੁਹੇਲ ਸਾਡੇ ਵਿਚ ਵਿਚਰਦਾ ਸੀ, ਉਹ ਸਾਰਿਆਂ ਦਾ ਹੀ ਮਿੱਤਰ ਸੀ। ਮੈਨੂੰ ਲੱਗਦਾ, ਜਿਵੇਂ ਉਹ ਸਿਰਫ਼ ਮੇਰਾ ਹੀ ਮਿੱਤਰ ਸੀ। ਪਰ ਮੈਂ ਐਵੇਂ ਹੀ ਭੁਲੇਖਾ ਪਾਲ਼ਦਾ ਰਿਹਾ, ਉਹ ਤਾਂ ਸਭ ਦਾ ਹੀ ਮੇਰੇ ਜਿੰਨਾ ਆਪਣਾ ਸੀ। ਇਹ ਉਦੋਂ ਪਤਾ ਲੱਗਾ ਜਦੋਂ ਸੀ.ਪੀ.ਆਈ. (ਐਮ) ਦੇ ਸੂਬਾਈ ਦਫ਼ਤਰ ਤੋਂ ਉਸਦਾ ਆਖਰੀ ਸਫ਼ਰ ਆਰੰਭ ਹੋਇਆ। ਪਾਰਟੀ ਆਗੂਆਂ, ਪਾਰਟੀ ਮੈਂਬਰਾਂ, ਪਾਰਟੀ ਹਮਦਰਦਾਂ ਅਤੇ ਸੁਹੇਲ ਦੇ ਪਾਰਟੀ ਦੇ ਘੇਰੇ ਤੋਂ ਬਾਹਰਲੇ ਸੱਜਣਾਂ ਦੀਆਂ ਸੇਜਲ ਅੱਖਾਂ ਨੀਵੀਆਂ ਪਾਈ ਉਸਦੇ ਆਖਰੀ ਸਫ਼ਰ ਵਿਚ ਨਾਲ਼-ਨਾਲ਼ ਚੱਲ ਰਹੇ ਸਨ ਅਤੇ ਹਰ ਕੋਈ ਦਿਲ ਦੀਆਂ ਡੂੰਘਾਣਾਂ ਤੋਂ ਤੱਤੀਆਂ ਹਵਾਵਾਂ ਬਾਹਰ ਕੱਢ ਰਿਹਾ ਸੀ। ਹਰ ਕੋਈ ਸੁਹੇਲ ਨਾਲ ਬਿਤਾਏ ਮਿੱਠੇ ਪਲਾਂ ਦੀਆਂ ਗੱਲਾਂ ਕਰੀ ਜਾਂਦਾ ਸੀ। ਭੈਣ ਰਘਬੀਰ, ਸੁਹੇਲ ਦੀ ਜੀਵਨ ਸਾਥਣ ਅਤੇ ਦੋਨੋਂ ਬੱਚੀਆਂ ਨਾਲ਼, ਜੋ ਉਦੋਂ ਬਹੁਤ ਹੀ ਛੋਟੀਆਂ ਸਨ, ਪਾਰਟੀ ਦੇ ਸਿਰਮੌਰ ਆਗੂਆਂ ਨਾਲ ਸੁਹੇਲ ਦੇ ਸਦੀਵੀ ਵਿਛੋੜੇ ਦਾ ਦੁੱਖ ਪ੍ਰਗਟ ਕਰਨ ਲਈ ਬਹੁਤਿਆਂ ਦੀ ਵਾਰੀ ਹੀ ਨਹੀਂ ਸੀ ਆਈ।

ਕਾ. ਸੁਹੇਲ ਹਰ ਇਕ ਦੇ ਦਿਲ ਦੀ ਧੜਕਨ ਸੀ, ਇਸ ਲਈ ਭਾਵੇਂ ਉਸ ਨੂੰ ਸਾਡੇ ਪਾਸੋਂ ਵਿਛੜਿਆਂ 22-23 ਸਾਲ ਹੋ ਗਏ ਹਨ, ਪਰ ਇਹ ਭਾਣਾ ਜਿਵੇਂ ਕੱਲ੍ਹ ਹੀ ਵਾਪਰਿਆ ਹੋਵੇ, ਲੱਗਦਾ ਹੈ ਅਤੇ ਮੈਂ ਵਿਸ਼ਵਾਸ ਨਾਲ ਕਹਿ ਸਕਦਾ ਹਾਂ ਕਿ ਇਹ ਅਜੇ ਬਹੁਤ ਸਾਰਾ ਹੋਰ ਸਮਾਂ, ਜਦੋਂ ਤੱਕ ਉਨ੍ਹਾਂ ਨਾਲ ਵਿਚਰੇ ਸਾਥੀ, ਜਿਨ੍ਹਾਂ ਦਾ ਉਸ ਨਾਲ ਛਿਣ ਜਿੰਨਾ ਵੀ ਵਾਹ ਵਾਸਤਾ ਰਿਹਾ ਹੈ, ਕਾਇਮ ਹਨ, ਇਹ ਮੰਦਭਾਗਾ ਭਾਣਾ, ਜਿਵੇਂ ਕੱਲ੍ਹ ਹੀ ਵਾਪਰਿਆ ਹੈ, ਲੱਗਦਾ ਰਹੇਗਾ।

ਮੈਂ ਉਦੋਂ ਇਕ ਅਧਿਆਪਕ ਸੀ ਅਤੇ ਅਧਿਆਪਕਾਂ ਦੀ ਜੱਥੇਬੰਦੀ, ਜਿਸ ਨੇ ਆਪਣੇ ਵੇਲੇ ਬਹੁਤ ਹੀ ਮੱਲਾਂ ਮਾਰੀਆਂ ਸਨ, ਉਸ ਜਥੇਬੰਦੀ ਦੀ ਅਗਲੀ ਕਤਾਰ ਦਾ ਕਾਰਕੁੰਨ ਹੋਣ ਕਰਕੇ ਜਥੇਬੰਦੀ ਦੀਆਂ ਖ਼ਬਰਾਂ ਅਖ਼ਬਾਰਾਂ ਨੂੰ ਦੇਣ ਲਈ ਖ਼ੁਦ ਹੀ ਜਲੰਧਰ ਵਿਚ ਛਪਣ ਵਾਲੀਆਂ ਸਾਰੀਆਂ ਅਖ਼ਬਾਰਾਂ ਦੇ ਦਫ਼ਤਰਾਂ ਤੱਕ ਪਹੁੰਚ ਕਰਦਾ ਹੁੰਦਾ ਸੀ ਅਤੇ ਇਨ੍ਹਾਂ ਅਖ਼ਬਾਰਾਂ ਦੇ ਦਫ਼ਤਰਾਂ ਵਿਚ ਬੈਠੇ ਅਖ਼ਬਾਰ ਨਵੀਸਾਂ ਨਾਲ ਸਾਂਝ ਕੱਢਣ ਦੀ ਕੋਸ਼ਿਸ਼ ਵਿਚ ਰਹਿੰਦਾ। ਨਵਾਂ ਜ਼ਮਾਨਾ ਅਖ਼ਬਾਰ ਮੁੱਢ ਤੋਂ ਹੀ ਅਗਾਂਹਵਧੂ ਅਖ਼ਬਾਰ ਹੈ ਅਤੇ ਅੱਜ ਵੀ ਹੈ। ਇਸ ਅਖ਼ਬਾਰ ਨੂੰ ਅਗਾਂਹਵਧੂ ਸੋਚਣੀ ਦੇ ਧਾਰਨੀ ਦੂਜੀਆਂ ਅਖ਼ਬਾਰਾਂ ਨਾਲੋਂ ਜ਼ਿਆਦਾ ਪਸੰਦ ਕਰਦੇ ਹਨ। ਮੈਂ ਵਿਦਿਆਰਥੀ ਜੀਵਨ ਤੋਂ ਹੀ ਇਸ ਅਖ਼ਬਾਰ ਨਾਲ ਜੁੜੇ ਹੋਏ ਆਗੂਆਂ ਦੇ ਸੰਪਰਕ ਵਿਚ ਆਉਣ ਕਾਰਨ ਅਧਿਆਪਕ ਯੂਨੀਅਨ ਵਿਚ ਕੰਮ ਕਰਦਿਆਂ ਯੂਨੀਅਨ ਦੀਆਂ ਖ਼ਬਰਾਂ ਇਸੇ ਅਖ਼ਬਾਰ ਨੂੰ ਉਚੇਚੇ ਤੌਰ ਤੇ ਖ਼ੁਦ ਪੁੱਜਦੀਆਂ ਕਰਨ ਦੀ ਕੋਸ਼ਿਸ਼ ਕਰਦਾ। ਇਸੇ ਅਖ਼ਬਾਰ ਵਿਚ



ਉਸ ਸਮੇਂ ਮੇਰੇ ਤੋਂ ਵੀ 8-10 ਸਾਲ ਛੋਟਾ ਇਕ ਪਤਲਾ ਜਿਹਾ, ਸਾਦਾ ਜਿਹਾ, ਪੇਂਡੂ ਮੁੱਛ ਫੁੱਟ ਮੁੰਡਾ, ਜੋ ਬੜਾ ਮਿੱਠਬੋਲੜਾ ਸੀ, ਨਾਲ ਗੱਲਾਂ ਕਰਦੇ ਸਮੇਂ ਪਤਾ ਲੱਗਾ ਕਿ ਉਸ ਸਮੇਂ ਖੱਬੀ ਲਹਿਰ ਵਿਚ ਛਿੜੀ ਹੋਈ ਬਹਿਸ ਕਰਦੇ ਸਮੇਂ, ਉਹ ਮੇਰੇ ਤਰ੍ਹਾਂ ਹੀ ਸੋਚਦਾ ਜਾਪਦਾ ਸੀ, ਉਹ ਹੈ ਕਾਮਰੇਡ ਸੁਹੇਲ, ਜੋ ਇਸੇ ਕਰਕੇ ਉਦੋਂ ਤੋਂ ਹੀ ਮੇਰਾ ਗੂੜ੍ਹਾ ਮਿੱਤਰ ਬਣਨਾ ਸ਼ੁਰੂ ਹੋ ਗਿਆ। ਮੇਰਾ ਇਹ ਦੋਸਤ ਛੋਟੀ ਉਮਰੇ ਹੀ ਉਸ ਸਮੇਂ ਖੱਬੀ ਲਹਿਰ ਵਿਚ ਚੱਲ ਰਹੀ ਬਹਿਸ ਵਿਚ ਦਿਲਚਸਪੀ ਰੱਖਦਾ ਸੀ। ਅਸੀਂ ਇਕੋ ਰਾਇ ਦੇ ਹੀ ਬਣ ਗਏ। ਇਸੇ ਲਈ ਉਹ ਮੇਰਾ ਸੁਹੇਲਾ ਹੀ ਨਾ ਰਿਹਾ, ਸਗੋਂ ਨਾਲ਼ ਦੀ ਨਾਲ਼ ਹਮਖ਼ਿਆਲ, ਰਾਜਨੀਤਕ ਸਾਥੀ ਵੀ ਬਣ ਗਿਆ।

1962 ਤੋਂ 1964 ਦੇ ਸਾਲਾਂ ਦੀ ਗੱਲ ਹੈ। ਆਜ਼ਾਦੀ ਪ੍ਰਾਪਤੀ ਦੇ ਪਿੱਛੋਂ ਦੇਸ਼ ਦੇ ਰਾਜ ਸਿੰਘਾਸਨ ਦੀ ਵਾਂਗਡੋਰ ਕਿਹੜੀ ਧਿਰ ਪਾਸ ਆਈ ਹੈ, ਦਾ ਖਾਸਾ ਕੀ ਹੈ ਅਤੇ ਉਹ ਦੇਸ਼ ਨੂੰ ਕਿਨ੍ਹਾਂ ਲੀਹਾਂ 'ਤੇ ਤੋਰਨ ਦਾ ਯਤਨ ਕਰ ਰਹੀ ਹੈ, ਇਹ ਸੀ ਭਖਵੀਂ ਬਹਿਸ, ਜਿਸ ਨਾਲ ਕਾਮਰੇਡ ਸੁਹੇਲ ਵੀ ਦੋ ਚਾਰ ਸੀ। ਇਸੇ ਹੀ ਉਸ ਸਮੇਂ ਦੀ ਭਖਵੀਂ ਬਹਿਸ ਨੇ ਦੇਸ਼ ਦੀ ਖੱਬੀ ਧਿਰ (ਕਮਿਊਨਿਸਟਾਂ) ਨੂੰ ਦੋ ਭਾਗਾਂ ਵਿਚ ਵੰਡ ਦਿੱਤਾ। ਇਕ ਧਿਰ ਭਾਰਤ ਦੀ ਕਮਿਊਨਿਸਟ ਪਾਰਟੀ ਬਣ ਗਈ ਅਤੇ ਦੂਜੀ ਧਿਰ ਹਿੰਦ ਕਮਿਊਨਿਸਟ ਪਾਰਟੀ ਮਾਰਕਸਵਾਦੀ ਬਣ ਗਈ। ਸੁਹੇਲ ਹਿੰਦ ਕਮਿਊਨਿਸਟ ਪਾਰਟੀ ਮਾਰਕਸਵਾਦੀ ਦੀ ਧਿਰ ਵਿਚ ਸ਼ਾਮਿਲ ਹੋ ਗਿਆ ਅਤੇ ਉਸ ਪਾਰਟੀ ਵੱਲੋਂ ਸ਼ੁਰੂ ਕੀਤੇ ਹਫ਼ਤਾਵਾਰੀ ਅਖ਼ਬਾਰ 'ਲੋਕ ਲਹਿਰ' ਦਾ ਸੰਪਾਦਕ ਬਣ ਗਿਆ ਅਤੇ ਆਖਰੀ ਸਾਹਾਂ ਤੱਕ ਇਸੇ ਹੀ ਅਖ਼ਬਾਰ ਦਾ ਮੁਖੀ ਰਿਹਾ। ਕਾਮਰੇਡ ਸੁਹੇਲ ਕਾਫੀ ਸਮਾਂ ਇਕੱਲਾ ਹੀ ਇਸ ਅਖ਼ਬਾਰ ਨੂੰ ਕੱਢਦਾ ਰਿਹਾ।

ਹਿੰਦ ਕਮਿਊਨਿਸਟ ਪਾਰਟੀ ਮਾਰਕਸਵਾਦੀ ਦੀ ਦਸਵੀਂ ਪਾਰਟੀ ਕਾਂਗਰਸ 1978 ਵਿੱਚ ਜਲੰਧਰ ਵਿਖੇ ਸੰਪੰਨ ਹੋਈ। ਅਗਲੇ ਸਮੇਂ ਲਈ ਇਸ ਪਾਰਟੀ ਕਾਂਗਰਸ ਵਿਚ ਪ੍ਰਵਾਨ ਮਤੇ, ਜਿਸ ਮਤੇ ਦੀ ਸੇਧ ਵਿਚ ਚੱਲਦਿਆਂ ਪਾਰਟੀ ਦੀ ਅਗਵਾਈ ਵਿੱਚ ਕਿਰਤੀ ਜਨ ਸਮੂਹ ਨੇ ਕਾਫ਼ੀ ਮੱਲਾਂ ਮਾਰੀਆਂ, ਦੇ ਬਾਰੇ ਵਿਚ ਵੀ ਉਸ ਸਮੇਂ ਲੋਕ ਲਹਿਰ ਦੇ ਦਫ਼ਤਰ ਜਦੋਂ ਕਿਤੇ ਕੁਝ ਬੁੱਧੀਜੀਵੀ ਅਤੇ ਜਾਂ ਕੁਝ ਸ਼ੁੱਧ ਕਮਿਊਨਿਸਟ ਮਤੇ ਨਾਲ ਆਪਣੀ ਅਸਹਿਮਤੀ ਪ੍ਰਗਟ ਕਰਦੇ ਤਾਂ ਕਾਮਰੇਡ ਸੁਹੇਲ, ਜਿਸ ਦੀ ਮਤੇ ਦੀ ਗੁੱਲੀ ਤੇ ਕਾਫੀ ਪਕੜ ਸੀ, ਬਹਿਸ ਵਿਚ ਉਨ੍ਹਾਂ ਨੂੰ ਪਛਾੜ ਦਿੰਦਾ।

ਕਾਮਰੇਡ ਸੁਹੇਲ ਦੀ ਲੇਖਣੀ ਬੜੀ ਸਾਦੀ ਸੀ। ਹਰ ਕੋਈ ਬੜੀ ਆਸਾਨੀ ਨਾਲ ਉਸ ਲੇਖਣੀ ਦੇ ਭਾਵ ਅਰਥ ਸੌਖਿਆਂ ਹੀ ਸਮਝ ਲੈਂਦਾ। 1975 ਵਿਚ ਜਦੋਂ ਇੰਦਰਾ ਸਰਕਾਰ ਨੇ ਦੇਸ਼ ਵਿਚ ਐਮਰਜੈਂਸੀ ਲਗਾ ਦਿੱਤੀ ਤਾਂ ਖੱਬੀ ਧਿਰ ਦੇ ਅਖ਼ਬਾਰਾਂ ਨੂੰ ਕਿਰਤੀ ਜਨ ਸਮੂਹ ਤੱਕ ਆਪਣੇ ਵੱਲੋਂ ਸੰਦੇਸ਼ਾ ਭੇਜਣਾ ਬਹੁਤ ਮੁਸ਼ਕਿਲ ਹੋ ਗਿਆ ਸੀ। ਪਰ ਉਦੋਂ ਵੀ ਕਾਮਰੇਡ ਸੁਹੇਲ ਕਲਮ ਦਾ ਧਨੀ ਹੋਣ ਕਰਕੇ ਵਿੰਗੇ ਟੇਢੇ ਢੰਗ ਨਾਲ ਇਸ ਕਾਰਜ ਵਿਚ ਸਫ਼ਲ ਹੋ ਨਿਬੜਦਾ। ਉਸ ਵਲੋਂ ਸ਼ੁਰੂ ਕੀਤਾ ਹੁੱਝਾਂ ਤੇ ਆਰਾਂ ਬੜਾ ਕਮਾਲ ਦਾ ਕਾਲਮ ਸੀ। ਇਸ ਕਾਲਮ ਰਾਹੀਂ ਉਹ ਕਿਸੇ ਵੀ ਰਾਜਨੀਤਕ ਪਾਰਟੀ ਦੀਆਂ

ਕਮਜ਼ੋਰੀਆਂ ਨੂੰ ਵਿਅੰਗਮਈ ਢੰਗ ਨਾਲ ਨਸ਼ਰ ਕਰਨ ਦਾ ਧਨੀ ਸੀ।

ਕਾਮਰੇਡ ਸੁਹੇਲ ਦੀ ਰਹਿਣੀ ਬਹਿਣੀ ਬੜੀ ਸਾਦੀ ਸੀ। ਪਾਰਟੀ ਵੱਲੋਂ ਨਿਗੂਣੀ ਜਿਹੀ ਮਿਲਦੀ ਮਾਇਕ ਸਹਾਇਤਾ ਨਾਲ ਵੀ ਉਹ ਸਦਾ ਚੜ੍ਹਦੀ ਕਲਾ ਵਿਚ ਰਹਿੰਦਾ। ਉਸ ਪਾਸ ਇਕ ਸਾਦਾ ਜਿਹਾ ਸਾਈਕਲ ਹੁੰਦਾ ਸੀ। ਮੈਂ ਉਸਨੂੰ ਜਦੋਂ ਕਿਤੇ ਰਸਤੇ ਵਿਚ ਜਾਂਦੇ ਨੂੰ ਮਿਲਿਆ, ਹੱਥ ਵਿਚ ਸਾਈਕਲ ਫੜੀ ਤੁਰੇ ਜਾਂਦੇ ਨੂੰ ਹੀ ਮਿਲਿਆ। ਉਹ ਸਾਈਕਲ ਦੀ ਸਵਾਰੀ ਵੀ ਬਹੁਤ ਘੱਟ ਹੀ ਕਰਦਾ ਸੀ।

ਕਾਮਰੇਡ ਸੁਹੇਲ ਨੂੰ ਜਨਰਨਲਿਜ਼ਮ ਦੀ ਕਲਾ ਆਪਣੇ ਕਿੱਤੇ ਦੇ ਤਜ਼ਰਬੇ ਵਿਚੋਂ ਹੀ ਪ੍ਰਾਪਤ ਹੋਈ ਜਾਪਦੀ ਹੈ। ਉਸਨੇ ਕਦੇ ਵੀ ਕਿਸੇ ਦੀ ਲੇਖਣੀ ਨੂੰ ਨਕਾਰਿਆ ਨਹੀਂ ਸੀ। ਸਬੰਧਤ ਸਾਥੀ ਵਲੋਂ ਸੋਧ ਲਈ ਜਦੋਂ ਵੀ ਆਪਣੀ ਲੇਖਣੀ ਕਾਮਰੇਡ ਸੁਹੇਲ ਨੂੰ ਦਿਖਾਈ ਤਾਂ ਉਹ ਬੜੀ ਨੀਝ ਨਾਲ ਉਸ ਲਿਖਤ ਦਾ ਨਿਰੀਖਣ ਕਰਦਾ। ਜਿਸ ਵਾਕ ਵਿਚ ਸੋਧ ਕਰਨੀ ਹੁੰਦੀ, ਮਲਕੜੇ ਜਿਹੇ ਆਪਣੀ ਕਲਮ ਨਾਲ ਕਰ ਦਿੰਦਾ ਤੇ ਸਬੰਧਤ ਸਾਥੀ ਨੂੰ ਇਸ਼ਾਰਾ ਕਰਦਾ ਕਿ ਇਸ ਤਰ੍ਹਾਂ ਹੁਣ ਤੁਹਾਡੀ ਵਾਕ ਬਣਤਰ ਹੋਰ ਵਧੀਆ ਜਾਪਦੀ ਲੱਗਦੀ ਹੈ। ਉਸ ਨੇ ਕਦੇ ਵੀ ਕਿਸੇ ਲਿਖਾਰੀ ਨੂੰ ਨਿਰਾਸ਼ ਨਹੀਂ ਸੀ ਕੀਤਾ, ਸਗੋਂ ਉਤਸ਼ਾਹੀ ਭਾਵ ਨਾਲ ਉਸ ਨੂੰ ਸ਼ਾਬਾਸ਼ ਦੇ ਕੇ ਹੀ ਦਫਤਰੋਂ ਘਰ ਭੇਜਿਆ।

ਕਾਮਰੇਡ ਸੁਹੇਲ ਕਿਸੇ ਦਾ ਵੀ ਨਿੰਦਕ ਨਹੀਂ ਸੀ ਅਤੇ ਮੇਰਾ ਪੂਰਨ ਵਿਸ਼ਵਾਸ ਹੈ, ਉਸਦਾ ਵੀ ਕੋਈ ਨਿੰਦਕ ਨਹੀਂ ਹੋਣਾ। ਸੀ.ਪੀ.ਆਈ. (ਐਮ.) ਦੇ 80-81 ਬੱਦਰੀ ਦਾਸ ਕਲੋਨੀ ਵਿਚ ਸਥਿਤ ਸੂਬਾਈ ਦਫਤਰ ਵਿਚ ਹਰ ਸਮੇਂ ਹਾਜ਼ਰ ਰਹਿਣ ਵਾਲੇ ਬਜ਼ੁਰਗ ਕਾ. ਸਤਵੰਤ ਸਿੰਘ, ਕਾ. ਦਲੀਪ ਸਿੰਘ ਜੌਹਲ, ਕਾ. ਗੁਰਚਰਨ ਸਿੰਘ ਰੰਧਾਵਾ, ਕਾ. ਰਜਿੰਦਰ ਸਿੰਘ ਸਰੀਂਹ, ਕਾ. ਪੰਡਿਤ ਕਿਸ਼ੋਰੀ ਲਾਲ ਆਦਿ ਹੋਰਾਂ ਦਾ ਉਹ ਬਹੁਤ ਸਤਿਕਾਰ ਕਰਦਾ ਹੁੰਦਾ ਸੀ। ਇਹ ਆਗੂ ਵੀ ਸੁਹੇਲ ਨੂੰ ਬਹੁਤ ਪਿਆਰ ਕਰਦੇ ਸਨ। ਇਹ ਉਨ੍ਹਾਂ ਸਾਰਿਆਂ ਨਾਲੋਂ ਹੀ ਉਮਰੋਂ ਬਹੁਤ ਜ਼ਿਆਦਾ ਛੋਟਾ ਸੀ। ਭਾਵੇਂ ਸੁਹੇਲ ਆਪਣੀ ਹਰ ਲਿਖਤ ਨੂੰ, ਪਾਰਟੀ ਵੱਲੋਂ ਨਿਰਧਾਰਤ ਕੀਤੇ ਚੌਖਟੇ ਵਿਚ ਰਹਿ ਕੇ ਹੀ ਲਿਖਦਾ ਹੁੰਦਾ ਸੀ ਪਰ ਉਸ ਦੀ ਲਿਖਤ ਹਰ ਰੋਜ਼ ਪਾਰਟੀ ਦੇ ਸੂਬਾਈ ਦਫ਼ਤਰ ਪੁੱਜਦੀ ਅਤੇ ਹਰ ਸਵੇਰ, ਉਸਦੀ ਲਿਖਤ ਦੇ ਸਹੀ ਹੋਣ ਦੀ ਇਨ੍ਹਾਂ ਆਗੂਆਂ ਵੱਲੋਂ ਮੋਹਰ ਲਗਾਈ ਜਾਂਦੀ। ਜੇ ਕਿਸੇ ਸਮੇਂ ਇਸ ਦੀ ਲਿਖਤ ਵਿਚ ਕੁਝ ਘਾਟ ਪਾਈ ਜਾਂਦੀ ਤਾਂ ਉਹ ਕਾਮਰੇਡ ਸੁਹੇਲ ਨੂੰ ਬੜੇ ਪਿਆਰ ਨਾਲ ਵੀ ਅਤੇ ਕਦੇ ਕਦੇ ਗੁੱਸੇ ਵਿਚ ਲੀਹ ਉੱਪਰ ਚੱਲਣ ਲਈ ਆਦੇਸ਼ ਦਿੰਦਿਆਂ ਨੂੰ ਵੀ ਮੈਂ ਉਨ੍ਹਾਂ ਨੂੰ ਦੇਖਿਆ। ਉਸਨੇ ਕਦੇ ਵੀ ਬਜ਼ੁਰਗ ਆਗੂਆਂ ਨਾਲ ਬਹੁਤੀ ਫਸਵੀਂ ਬਹਿਸ ਨਹੀਂ ਸੀ ਕੀਤੀ। ਕਾਮਰੇਡ ਸੁਰਜੀਤ ਦਾ ਵੀ ਸੁਹੇਲ ਬਹੁਤ ਲਾਡਲਾ ਸੀ ਤਾਂ ਹੀ ਤਾਂ ਅੱਜ ਸੁਹੇਲ, ਉਸਦੇ ਨੇੜਲਿਆਂ ਨੂੰ ਨਹੀਂ ਭੁੱਲਦਾ। ਤਾਂ ਹੀ ਤਾਂ ਕਿਸੇ ਜੋਗੀ ਵਲੋਂ ਕਹੇ ਸ਼ਬਦ ਕਿ "ਐਵੇਂ ਮਿੱਟੀ ਨਾ ਫਰੋਲ ਜੋਗੀਆ, ਨਹੀਂ ਲੱਭਣੇ ਯਾਰ ਗੁਆਚੇ" ਕਾਮਰੇਡ ਸੁਹੇਲ 'ਤੇ ਨਹੀਂ ਢੁੱਕਣੇ। ਉਸਦੀ ਸ਼ਕਲ ਸੂਰਤ ਅਤੇ ਉਸਦੀ ਯਾਦ ਸਾਡੇ ਚੇਤਿਆਂ ਵਿਚ ਸਦੀਵੀ ਬਣੀ ਰਹੇਗੀ।



# ਸੁਹੇਲ ਦਾ ਵਿਛੋੜਾ, ਸਮਕਾਲੀਆਂ ਦੀ ਨਜ਼ਰ ਵਿਚ

## ਤੁਰ ਗਿਆ ਸੱਜਣ ਸੁਹੇਲੜਾ

1958 ਵਿਚ ਉਹ 'ਨਵਾਂ ਜ਼ਮਾਨਾ' ਦਾ ਸਿਖਾਂਦਰੂ ਪੱਤਰਕਾਰ ਸੀ, 1965 ਵਿਚ 'ਲੋਕ ਲਹਿਰ' ਦਾ ਪੂਰਾ ਸੰਪਾਦਕ ਬਣ ਗਿਆ। ਪੂਰੇ ਪੈਂਤੀ ਸਾਲ ਕਿਰਤੀਆਂ ਕਿਸਾਨਾਂ ਦੀ ਲਹਿਰ ਦੀ ਸੇਵਾ ਉਸ ਨੇ ਕਲਮ ਨਾਲ ਹੀ ਕੀਤੀ ਤੇ ਕਲਮ ਵੀ ਜਿੰਨੀ ਸੁੱਚੀ ਓਨੀ ਹੀ ਤਿੱਖੀ।

ਜਿਉਂ ਅੰਮ੍ਰਿਤਸਰ ਜ਼ਿਲ੍ਹੇ ਦੇ ਪਿੰਡ ਨਿੱਬਰ ਪਿੰਡ ਤੋਂ ਜਲੰਧਰ ਪਹੁੰਚਿਆ, ਮੁੜ ਘਰ ਵਲ ਨਹੀਂ ਪਰਤਿਆ। ਇਸੇ ਲਈ ਬਹੁਤੇ ਅੰਮ੍ਰਿਤਸਰੀਏ ਵੀ ਉਸ ਨੂੰ ਜਲੰਧਰੀਆ ਹੀ ਸਮਝਦੇ ਰਹੇ।

ਕਾਜ਼ ਨਾਲ ਵਫ਼ਾਦਾਰੀ, ਕੰਮ ਦੀ ਲਗਨ, ਸੇਵਾ ਦੀ ਨਿਰੰਤਰਤਾ ਛੋਟੀ ਉਮਰੇ ਹੀ ਉਸ ਨੂੰ ਭਰਾਤਰੀ ਮਾਰਕਸੀ ਪਾਰਟੀ ਦੀ ਮੋਹਰੀ ਕਮੇਟੀ ਦੀ ਮੈਂਬਰੀ ਤੱਕ ਲੈ ਗਈ।

ਘੱਟ ਬੋਲੜਾ, ਪਰ ਮਿੱਠ ਬੋਲੜਾ, ਮੁੱਖ ਸੰਪਾਦਕਾਂ ਦੀ ਬੈਠਕ ਵਿਚ ਅਕਸਰ ਸਭ ਤੋਂ ਪਿੱਛੋਂ ਮੂੰਹ ਖੋਲ੍ਹਦਾ। ਪਰ ਗੱਲ ਹਰ ਵਾਰ ਪਤੇ ਦੀ ਕਰਦਾ, ਠੋਸ, ਖੁਲ੍ਹੀ, ਅਰਥ-ਭਰਪੂਰ।

ਮੱਥਾ ਉਸ ਦਾ ਏਨਾ ਰੌਸ਼ਨ ਸੀ ਕਿ ਬਦਲਦੇ ਹਾਲਾਤ ਦਾ ਹਮੇਸ਼ਾ ਸਹੀ ਵਿਸ਼ਲੇਸ਼ਣ ਕਰਦਾ। ਦਿੱਖ ਉਸ ਦੀ ਏਨੀ ਨਰੋਈ ਸੀ ਕਿ ਪੰਜਾਬ ਦੀ ਤ੍ਰਸਦੀ ਦੇ ਪਹਿਲੇ ਦਿਨਾਂ ਵਿਚ ਹੀ ਉਸਨੇ ਅੱਤਵਾਦੀਆਂ-ਵੱਖਵਾਦੀਆਂ ਦੇ ਘਿਨਾਉਣੇ ਅਸਲੇ ਨੂੰ ਪਛਾਣ ਲਿਆ ਤੇ ਉਸ ਤੋਂ ਪਿੱਛੋਂ ਉਸ ਨੇ ਪੂਰੀ ਨਿਡਰਤਾ ਨਾਲ ਉਨ੍ਹਾਂ ਵਿਰੁੱਧ ਨਿਰੰਤਰ ਕਲਮ ਚਲਾਈ। ਇਹੋ ਨਹੀਂ ਦੇਸ਼ ਦੀ ਏਕਤਾ ਤੇ ਅਖੰਡਤਾ ਨੂੰ ਪ੍ਰਨਾਈਆਂ ਸਾਰੀਆਂ ਪੱਤਰਕਾਰ ਧਿਰਾਂ ਵਿਚ ਸਾਂਝ ਬਣਾਉਣ ਤੇ ਵਧਾਉਣ ਵਿਚ ਉਸਨੇ ਅਹਿਮ ਹਿੱਸਾ ਪਾਇਆ।

ਸੁਰੱਖਿਆ ਪ੍ਰਬੰਧਾਂ ਤੋਂ ਸੱਖਣੇ ਹੋਣ ਦੇ ਬਾਵਜੂਦ ਉਹ ਸ਼ਹਿਰ ਦੀਆਂ ਕਈ ਗਲ਼ੀਆਂ ਵਲ਼ ਕੇ ਲਗਾਤਾਰ ਘਰੋਂ 'ਲੋਕ ਲਹਿਰ' ਦੇ ਦਫ਼ਤਰ ਪਹੁੰਚਦਾ ਰਿਹਾ ਤੇ ਪਰਚੇ ਵਿਚ ਆਪਣੀ ਮੁੱਖ ਭੂਮਿਕਾ ਨਿਭਾਉਂਦਾ ਰਿਹਾ।

ਸੁਹੇਲ ਯਾਰਾਂ ਦਾ ਯਾਰ ਸੀ 'ਨਿੱਘਾ, ਮਿਲਾਪੜਾ, ਖਿੜੇ ਮੱਥੇ ਵਾਲਾ ਤੇ ਹਾਸੇ ਵੰਡਣ ਵਾਲਾ।'

(ਸੰਪਾਦਕੀ ਨਵਾਂ ਜ਼ਮਾਨਾ, 10 ਮਾਰਚ 1993)

## ਪੰਜਾਬ ਦੀ ਪੱਤਰਕਾਰਤਾ ਵਿਚ ਇਕ ਹੋਰ ਖਲਾਅ

'ਜਦੋਂ ਤਕ 'ਲੋਕ ਲਹਿਰ' ਰੋਜ਼ਾਨਾ ਛਪਦਾ ਰਿਹਾ ਅਤੇ ਕਾਮਰੇਡ ਸੁਹੇਲ ਸਿੰਘ ਲਗਾਤਾਰ ਲਿਖਦੇ ਰਹੇ ਤਾਂ ਉਨ੍ਹਾਂ ਦੇ ਲੇਖਾਂ ਨੂੰ ਪੜ੍ਹ ਕੇ ਦਿਲ ਕਰਦਾ ਸੀ ਕਿ ਅਸੀਂ ਵੀ ਉਨ੍ਹਾਂ ਨੂੰ ਆਪਣੀਆਂ ਅਖ਼ਬਾਰਾਂ ਵਿਚ ਪ੍ਰਕਾਸ਼ਤ ਕਰੀਏ ਅਤੇ ਅਸੀ ਸਮੇਂ-ਸਮੇਂ 'ਤੇ ਅਜਿਹਾ ਕਰਦੇ ਵੀ ਰਹੇ। 'ਲੋਕ ਲਹਿਰ' ਜਦੋਂ ਰੋਜ਼ਾਨਾ ਤੋਂ ਹਫ਼ਤਾਵਾਰ ਹੋ ਗਿਆ ਤਦ ਵੀ ਅਸੀਂ ਉਨ੍ਹਾਂ ਦੇ ਲੇਖ ਅਕਸਰ ਪ੍ਰਕਾਸ਼ਿਤ ਕਰਦੇ ਰਹੇ। ਕਈ ਵਾਰ ਉਹ ਖ਼ੁਦ ਵੀ ਆਪਣੇ ਲੇਖ ਸਾਨੂੰ ਭੇਜ ਦਿੰਦੇ ਸਨ।

ਕਾਮਰੇਡ ਸੁਹੇਲ ਸਿੰਘ ਦੀ ਸਭ ਤੋਂ ਵੱਡੀ ਖ਼ੂਬੀ ਇਹ ਸੀ ਕਿ ਉਹ ਘੱਟ ਤੋਂ ਘੱਟ ਸ਼ਬਦਾਂ ਵਿਚ ਵੱਧ ਤੋਂ ਵੱਧ ਗੱਲ ਕਹਿਣ ਦੀ ਸਮਰੱਥਾ ਰੱਖਦੇ ਸਨ। ਮੀਟਿੰਗਾਂ ਦੇ ਦੌਰਾਨ ਵੀ ਉਹ ਇਕ-ਅੱਧੀ ਗੱਲ ਕਹਿ ਕੇ ਆਪਣੀ ਭਾਵਨਾ ਪੂਰੀ ਤਰ੍ਹਾਂ ਪ੍ਰਗਟ ਕਰ ਦਿੰਦੇ ਸਨ। ਮੈਨੂੰ ਹਮੇਸ਼ਾ ਹੀ ਇਸ ਮਾਮਲੇ ਵਿਚ ਉਨ੍ਹਾਂ ਨਾਲ ਰਸ਼ਕ ਰਿਹਾ।

ਦਹਿਸ਼ਤਵਾਦ ਦੇ ਦੌਰ ਵਿਚ ਸ੍ਰੀ ਸੁਹੇਲ ਸਿੰਘ ਦੀ ਲੇਖਣੀ ਵਿਚ ਲਗਾਤਾਰ ਇਕਸੁਰਤਾ ਰਹੀ। ਭਾਰਤੀ ਕਮਿਊਨਿਸਟ ਪਾਰਟੀ ਅਤੇ ਮਾਰਕਸਵਾਦੀ ਕਮਿਊਨਿਸਟ ਪਾਰਟੀ ਨੂੰ ਦਹਿਸ਼ਤਵਾਦ ਦੇ ਵਿਰੁੱਧ ਸੰਘਰਸ਼ ਵਿਚ ਇਕੱਠਾ ਕਰਨ ਦਾ ਯਤਨ ਉਹ ਹਮੇਸ਼ਾ ਕਰਦੇ ਰਹੇ। ਕਦੇ ਵੀ ਕੋਈ ਮਾੜੀ ਭਾਵਨਾ ਉਨ੍ਹਾਂ ਦੇ ਮਨ ਵਿਚ ਨਹੀਂ ਰਹੀ। ਦਹਿਸ਼ਤਵਾਦ ਦੇ ਵਿਰੁੱਧ ਪੂਰੀ ਦਲੇਰੀ ਨਾਲ ਉਹ ਲੇਖਣੀ ਰਾਹੀਂ ਲੜਦੇ ਰਹੇ।

ਹਾਲਾਂਕਿ ਖ਼ਤਰਾ ਹਮੇਸ਼ਾ ਉਨ੍ਹਾਂ ਲਈ ਵੀ ਬਣਿਆ ਰਿਹਾ ਪਰ ਕਦੇ ਵੀ ਉਸ ਖ਼ਤਰੇ ਦੀ ਪਰਵਾਹ ਉਨ੍ਹਾਂ ਨੇ ਨਹੀਂ ਕੀਤੀ। ਸਕਿਓਰਟੀ ਤੋਂ ਬਚ ਕੇ ਇਧਰ ਉਧਰ ਉਹ ਅਕਸਰ ਹੋ ਜਾਂਦੇ ਸਨ। ਹੁਣ ਜਦੋਂ ਖੁੱਲ੍ਹੀਆਂ ਹਵਾਵਾਂ ਵਿਚ ਵਿਚਰਨ ਦਾ ਵੇਲਾ ਆਇਆ ਤਾਂ ਉਹ ਸਾਥੋਂ ਵਿਛੜ ਗਏ।

ਮੈਂ ਸਮਝਦਾ ਹਾਂ ਕਿ ਦਹਿਸ਼ਤਪਸੰਦਾਂ ਦੇ ਰਾਹੀਂ ਪਾਕਿਸਤਾਨ ਵਲੋਂ ਲੜੀ ਜਾ ਰਹੀ, ਜਿਸ ਅਣਐਲਾਨੀ ਜੰਗ ਵਿਚੋਂ ਪੰਜਾਬ ਲੰਘਿਆ ਹੈ, ਕਾਮਰੇਡ ਸੁਹੇਲ ਸਿੰਘ ਦੇ ਰੂਪ ਵਿਚ ਉਸਦਾ ਇਕ ਹੋਰ ਸਿਪਹਸਾਲਾਰ ਅਸੀਂ ਗੁਆ ਦਿੱਤਾ ਹੈ। ਆਪਣੀ ਲੇਖਣੀ ਦੇ ਰਾਹੀਂ ਪਾਕਿਸਤਾਨ ਵਲੋਂ ਗੜਬੜ ਕਰਾਉਣ ਦੇ ਯਤਨਾਂ 'ਤੇ ਉਹ ਲਗਾਤਾਰ ਭਰਪੂਰ ਹਮਲਾ ਕਰਦੇ ਰਹੇ ਅਤੇ ਦੇਸ਼ ਦੀ ਏਕਤਾ ਅਤੇ ਅਖੰਡਤਾ ਨੂੰ ਕਾਇਮ ਰੱਖਣ ਲਈ ਪੂਰਾ ਜ਼ੋਰ ਉਨ੍ਹਾਂ ਨੇ ਲਾ ਦਿੱਤਾ।

(ਸੰਪਾਦਕੀ, ਰੋਜ਼ਾਨਾ ਜੱਗਬਾਣੀ, 10 ਮਾਰਚ 1993)






ਕਾਵਿ ਸੰਗ੍ਰਹਿ, ਸੁੰਦਰ ਬੁੱਕ ਡਿੱਪੂ, ਜਲੰਧਰ

ਨਾਵਲ ਲੋਕਗੀਤ ਪ੍ਰਕਾਸ਼ਨ,ਚੰਡੀਗੜ੍ਹ










Chirag Quarterly ISSN 2349-3658 JULY- SEPTEMBER 2015
Registered with the Registrar of News-Papers of India No. PUN-PUN 0 2276/AL/TC94


# ਨਵੀਂ ਦੁਨੀਆਂ

ਕੈਨੇਡਾ ਵਿਚ ਪੰਜਾਬੀ ਪੱਤਰਕਾਰੀ ਦੀਆਂ ਨਵੀਆਂ
ਪੈੜਾਂ ਪਾਉਣ ਵਾਲੀ ਅਖ਼ਬਾਰ

"ਨਵੀਂ ਦੁਨੀਆਂ"

ਤੀਸਰੇ ਵਰ੍ਹੇ ਵਿਚ ਪ੍ਰਵੇਸ਼ ਮੌਕੇ

**ਚਿਰਾਗ਼** ਦੇ ਪਾਠਕਾਂ ਲਈ

ਸ਼ੁੱਭ-ਇੱਛਾਵਾਂ

**ਸੰਪਾਦਕੀ-ਮੰਡਲ ਜਸਵੀਰ ਦਿਓਲ,
ਨਵਤੇਜ ਰਾਣਾ, ਦਲਬੀਰ ਸਾਂਗਿਆਣ**

**ਸਲਾਹਕਾਰ** -

ਕਿਰਤਮੀਤ ਕੁਹਾੜ,

ਜੈਸੀ ਸਿੰਘ ਕੈਲਗਰੀ (ਐਡਮਿੰਟਨ) ਕੈਨੇਡਾ

**ਸੰਪਰਕ : 780-465-9118**

**ਐਡਮਿੰਟਨ (ਐਲਬਰਟਾ) ਕੈਨੇਡਾ**

Info@naviduniya.com